ISSN-0971-8354

# ਯੋਜਨਾ

ਫ਼ਰਵਰੀ 2015 ਇਕ ਵਿਕਾਸ ਮਾਸਿਕ ₹10

## ਸੰਘਵਾਦ ਅਤੇ ਭਾਰਤੀ ਰਾਜਪ੍ਰਬੰਧ

**ਵਿੱਤੀ ਸੰਘਵਾਦ, ਸਥਾਨਕ ਸਰਕਾਰਾਂ**
ਐੱਮ ਏ ਓਮੇਨ

**ਨੀਤੀ ਆਯੋਗ ਤੇ ਭਾਰਤੀ ਵਿੱਤੀ ਸੰਘਵਾਦ**
ਨਿਰਵਿਕਾਰ ਸਿੰਘ

**ਭਾਰਤੀ ਸੰਘਵਾਦ ਦੀ ਬੁਨਿਆਦ ਤੇ ਵਿਕਾਸ : ਸਿੱਖੇ ਤੇ ਅਣਸਿੱਖੇ ਸਬਕ**
ਬਲਵੀਰ ਅਰੋੜਾ

**ਅਨੇਕਤਾ ਦਾ ਜਸ਼ਨ – ਭਾਰਤ ਦੀ ਸਫਲਤਾ ਦੀ ਕੁੰਜੀ**
ਐਸ਼ ਐੱਨ ਰਾਏ

**ਵਿਸ਼ੇਸ਼ ਲੇਖ**
ਉੱਭਰਦੇ ਬਾਜ਼ਾਰ ਤੇ ਅੰਤਰਰਾਸ਼ਟਰੀ ਵਿੱਤੀ ਸੰਸਥਾਨ
ਅਲੋਕ ਸ਼ੀਲ

**ਫੋਕਸ**
ਡਿਜ਼ੀਟਲ ਭਾਰਤ ਪ੍ਰੋਗਰਾਮ : ਜਨਤਕ ਪ੍ਰਸ਼ਾਸਨ ਸੁਧਾਰ ਪਹਿਲਕਦਮੀ
ਯੋਗੇਸ਼ ਕੇ. ਦਿਵੇਦੀ, ਨ੍ਰਿਪੇਂਦਰ ਪੀ ਰਾਣਾ, ਐਨਟੋਨਿਸ ਸੀ ਸਿਮਿਨਤਿਰਾਸ, ਬਨੀਤਾ ਲਾਲ



# ਸੰਪਾਦਕੀ

## ਬੁੱਧ ਦੀ ਜਲਾਵਤਨੀ

ਸੰਘਵਾਦ ਦਾ ਵਿਚਾਰ ਰਾਜ ਦੇ ਵੱਖ-ਵੱਖ ਪੱਧਰਾਂ ਨੂੰ ਸੰਗਠਿਤ ਕਰਨ ਦਾ ਸਿਧਾਂਤ ਹੈ ਜੋ ਕਾਫ਼ੀ ਪੁਰਾਣਾ ਹੈ। ਯੂਨਾਨ ਵਿਚ ਇਹ ਮੌਜੂਦ ਸੀ। 6ਵੀਂ ਸਦੀ ਈਸਾ ਪੂਰਵ ਦੇ ਉੱਤਰੀ ਭਾਰਤ ਦੀ ਰਾਜਧਾਨੀ ਲਿੱਛਵੀ ਇਸ ਗਣਤੰਤਰੀ ਪ੍ਰਣਾਲੀ ਦੀ ਇਕ ਉੱਘੀ ਉਦਾਹਰਣ ਹੈ। ਆਧੁਨਿਕ ਦੁਨੀਆਂ ਵਿਚ ਵੱਡੇ-ਵੱਡੇ ਦੇਸ਼ਾਂ ਜਿਵੇਂ ਅਮਰੀਕਾ, ਬ੍ਰਾਜ਼ੀਲ, ਮੈਕਸੀਕੋ ਅਤੇ ਭਾਰਤ ਵਿਚ ਅੱਜ ਵੀ ਇਹ ਸਭ ਤੋਂ ਪ੍ਰਸਿੱਧ ਪ੍ਰਣਾਲੀ ਹੈ। ਅਸਲ ਵਿਚ, ਯੂਰਪੀਨ ਸੰਘ ਸੰਘਵਾਦ ਨੂੰ ਅੰਤਰ-ਦੇਸ਼ੀ ਪੱਧਰ 'ਤੇ ਲਾਗੂ ਕਰਨ ਦੀ ਸਭ ਤੋਂ ਤਾਜ਼ਾ ਉਦਾਹਰਣ ਹੈ ਜਿਸ ਤਹਿਤ ਆਰਥਿਕ ਖੇਤਰ ਵਿਚ ਇਸ ਦੇ ਵੱਖ-ਵੱਖ ਲਾਭ ਪ੍ਰਾਪਤ ਹੋਏ ਹਨ। ਸ਼ਾਇਦ ਇਹ ਹੈਰਾਨੀਜਨਕ ਜਾਪੇ ਕਿ 1990 ਤੋਂ ਬਾਅਦ ਵੱਡੇ ਸੰਘੀ ਢਾਂਚੇ ਨਾਲੋਂ ਟੁੱਟ ਕੇ, ਜੰਗ ਕਾਰਨ ਜਾਂ ਹੋਰ ਕਾਰਨਾਂ ਕਰਕੇ ਲਗਭਗ ਤਿੰਨ ਦਰਜਨ ਰਾਸ਼ਟਰਾਂ ਦਾ ਜਨਮ ਹੋਇਆ ਹੈ। ਬਹੁਤ ਸਾਰੇ ਮਾਮਲਿਆਂ ਵਿਚ, ਸੰਘਵਾਦ ਦੇ ਢਾਂਚੇ ਦੀ ਨਿਕੰਮੀ ਕਾਰਗੁਜ਼ਾਰੀ ਨੇ ਨਸਲੀ ਅਤੇ ਰਾਸ਼ਟਰਵਾਦੀ ਵਿਵਾਦ ਨੂੰ ਜਨਮ ਦਿਤਾ ਜਿਸ ਦਾ ਅੰਤ ਨਵੇਂ ਦੇਸ਼ਾਂ ਦੇ ਜਨਮ ਨਾਲ ਹੋਇਆ।

ਵਿਦਵਾਨਾਂ ਨੇ ਇਹ ਨੋਟ ਕੀਤਾ ਕਿ ਦੁਨੀਆ ਭਰ ਵਿਚ 'ਸੰਘਵਾਦ ਦਾ ਉਭਾਰ' ਹੋ ਰਿਹਾ ਹੈ ਪਰ ਸੰਘਵਾਦ ਦਾ ਕੋਈ ਇਕੱਲਾ ਮਾਡਲ ਨਹੀਂ ਹੈ। ਜਦ ਕਿ ਮੌਨਟੇਸਕਿਊ ਸੁਤੰਤਰ ਰਾਜਾਂ ਦੁਆਰਾ 'ਮਿੱਤਰ-ਰਾਸ਼ਟਰਾਂ' ਦੀ ਸਥਾਪਨਾ ਦੀ ਗੱਲ ਕਰਦਾ ਹੈ, ਜੇਮਜ਼ ਮੈਡੀਸਨ ਵਰਗੇ ਸੰਘਵਾਦੀ 'ਵਿਆਪਕ ਅਧਿਕਾਰਾਂ ਵਾਲੀ' ਕੇਂਦਰ ਸਰਕਾਰ 'ਮਿਸ਼ਰਤ ਦੇਸ਼' ਦੀ ਗੱਲ ਕਰਦਾ ਹੈ ਜੋ ਸੌੜੇ ਸਥਾਨਕ ਹਿੱਤਾਂ ਤੋਂ ਪਾਰ ਪਾ ਸਕਦੀ ਹੈ। ਭਾਰਤੀ ਸੰਵਿਧਾਨ ਦੇ ਨਿਰਮਾਤਾ, ਬਾਬਾ ਸਾਹਿਬ ਅੰਬੇਡਕਰ ਦਾ ਮੰਨਣਾ ਸੀ ਕਿ ਭਾਰਤ ਵਰਗੇ ਸੱਭਿਆਚਾਰਕ, ਨਸਲੀ ਅਤੇ ਭਾਸ਼ਾਈ ਵਿਭਿੰਨਤਾ ਵਾਲੇ ਬਹੁ-ਜਾਤੀ ਦੇਸ਼ ਲਈ ਸੰਘਵਾਦ ਇਕ ਪ੍ਰਮੁੱਖ ਨਿਸ਼ਾਨੀ ਹੈ, ਭਾਵੇਂ ਕਿ ਇਸ ਦਾ ਤਗੜਾ ਏਕਾਤਮਕ ਵਿਤਕਰਾ ਹੈ। ਇਹ ਸਮਝ, ਜਿਸ ਨੂੰ ਪੰਡਿਤ ਜਵਾਹਰਲਾਲ ਨਹਿਰੂ, ਸਰਦਾਰ ਪਟੇਲ ਅਤੇ ਦੂਸਰੇ ਰਾਸ਼ਟਰੀ ਨੇਤਾਵਾਂ ਨੇ ਸਾਂਝਾ ਕੀਤਾ ਸੀ, ਗਾਂਧੀ ਦੇ ਸੰਘਵਾਦ ਬਾਰੇ ਵਿਚਾਰਾਂ ਤੋਂ ਬਿਲਕੁਲ ਉਲਟ ਸੀ ਜੋ ਕੇਂਦਰੀਕਰਨ ਅਤੇ ਸ਼ਕਤੀ ਦੀ ਪੰਚਾਇਤ ਦੇ ਹੇਠਲੇ ਪੱਧਰ ਤਕ ਵੰਡ ਦੇ ਹਮਾਇਤੀ ਸਨ।

ਵਿਸ਼ਵੀਕਰਨ ਨੇ ਸੰਘਵਾਦ ਦੇ ਸੰਕਲਪ ਨੂੰ ਵੀ ਅਤਿ ਪ੍ਰਭਾਵਿਤ ਕੀਤਾ ਹੈ। ਜਿਵੇਂ ਕਿ ਵਿਸ਼ਵ ਦੇ ਦੇਸ਼ ਹੋਰ ਜ਼ਿਆਦਾ ਗੂੜ੍ਹੇ ਤੌਰ ਤੇ ਏਕੀਕ੍ਰਿਤ ਹੋ ਗਏ ਹਨ, ਸ਼ਕਤੀਸ਼ਾਲੀ ਵਿੱਤੀ ਅਤੇ ਰਾਜਨੀਤਕ ਹਸਤੀਆਂ/ਇਕਾਈਆਂ ਦਾ ਪ੍ਰਭਾਵ ਕਾਰਜ ਦੀ ਆਜ਼ਾਦੀ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਅਜਿਹਾ ਜਨਤਕ ਸੰਸਥਾਨਾਂ ਦੇ ਕਮਜ਼ੋਰ ਹੋਣ ਵਿਚ ਝਲਕਦਾ ਹੈ। ਇਸ ਪ੍ਰਕਿਰਿਆ ਨੇ 'ਮੁਕਾਬਲੇ ਵਾਲੇ ਸੰਘਵਾਦ' ਦਾ ਇਕ ਦੌਰ ਚਲਾ ਦਿਤਾ ਹੈ ਜਿਥੇ ਰਾਜ ਸਰਕਾਰਾਂ ਨਿਵੇਸ਼ ਆਕਰਸ਼ਿਤ ਕਰਨ, ਪੂੰਜੀ ਇਕੱਤਰ ਕਰਨ ਅਤੇ ਤਕਨੀਕ ਦਾ ਫ਼ਾਇਦਾ ਲੈਣ ਲਈ ਕੇਂਦਰ ਸਰਕਾਰ ਨਾਲ ਮੁਕਾਬਲਾ ਕਰਦੀਆਂ ਹਨ। ਦੂਜੇ ਪਾਸੇ, ਭਾਰਤ ਨੇ ਹੌਲੀ-ਹੌਲੀ ਰਾਜਾਂ ਦੇ ਵਿੱਤੀ ਮਾਮਲਿਆਂ ਵਿਚ ਕੇਂਦਰੀ ਦਖ਼ਲ ਘੱਟ ਕਰ ਕੇ ਸਹਿਯੋਗੀ ਸੰਘਵਾਦ ਦਾ ਰਾਹ ਫੜਿਆ ਹੈ ਅਤੇ ਆਪਣੇ ਆਪ ਨੂੰ ਜ਼ਿਆਦਾਤਰ ਕੁਝ ਖ਼ਾਸ ਖੇਤਰਾਂ ਵਿਚ ਨੀਤਗਤ ਮੁੱਦਿਆਂ ਤਕ ਹੀ ਸੀਮਤ ਕਰ ਲਿਆ ਹੈ। ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਸਹਿਯੋਗੀ ਸੰਘਵਾਦ, ਰਾਸ਼ਟਰਾਂ ਦੀ ਤੀਬਰਤਾ ਅਤੇ ਅਲਪ-ਪਨ ਦੇ ਵੱਖ-ਵੱਖ ਫ਼ਾਇਦਿਆਂ ਦਾ ਉੱਤਮ ਲਾਭ ਲੈਣ ਦਾ ਰਸਤਾ ਹੋ ਸਕਦਾ ਹੈ, ਜਿਵੇਂ ਕਿ ਇਕ ਵਾਰ ਟੌਕਵਿਲੇ ਨੇ ਆਖਿਆ ਸੀ।

ਇਹ ਆਖਣਾ ਅਹਿਮ ਹੋਵੇਗਾ ਕਿ ਸੰਘਵਾਦ, ਆਪਣੇ ਸਹੀ ਅਰਥਾਂ ਵਿਚ, ਤਾਂ ਹੀ ਸਫਲ ਹੋ ਸਕਦਾ ਹੈ ਜੇ ਲੋਕਤੰਤਰ ਦਾ ਆਧਾਰ ਵਿਆਪਕ ਕੀਤਾ ਜਾਵੇ ਅਤੇ ਇਸ ਦੀਆਂ ਜੜ੍ਹਾਂ ਮਜ਼ਬੂਤ ਕੀਤੀਆਂ ਜਾਣ। ਭਾਰਤ ਦੇ ਮਾਮਲੇ ਵਿਚ, ਭਾਸ਼ਾਵਾਂ, ਸੱਭਿਆਚਾਰਾਂ, ਨਸਲੀ ਅਤੇ ਧਾਰਮਿਕ ਵਿਭਿੰਨਤਾਵਾਂ ਲਈ ਗਹਿਰਾ ਸਤਿਕਾਰ ਇਸ ਦੀ ਰਾਜਨੀਤਕ ਅਤੇ ਸੱਭਿਆਚਾਰਕ ਹੋਂਦ ਦੀ ਕਸੌਟੀ ਹੋ ਸਕਦਾ ਹੈ ਜੋ ਸੰਘਵਾਦ ਨੂੰ ਹੁਲਾਰਾ ਦੇ ਕੇ ਰਾਸ਼ਟਰ ਨੂੰ ਮਜ਼ਬੂਤ ਕਰ ਸਕਦੀ ਹੈ। ਸਿਰਫ਼ ਇਹ ਹੀ ਰਸਤਾ ਹੈ ਜਿਸ 'ਤੇ ਚੱਲ ਕੇ ਭਾਰਤ ਸੰਘਵਾਦ ਦੀ ਆਪਣੀ ਮਹਾਨ ਰਵਾਇਤ ਨੂੰ ਅੱਗੇ ਲਿਜਾ ਸਕਦਾ ਹੈ ਜੋ ਬੁੱਧ ਦੇ ਸਮੇਂ ਤੋਂ ਪ੍ਰਚੱਲਿਤ ਹੈ। ਆਉ, ਇਕ ਕਹਾਣੀ ਨਾਲ ਆਪਣੀ ਗੱਲ ਸਮਾਪਤ ਕਰੀਏ।

ਪੰਜਵੀਂ ਸਦੀ ਈਸਾ ਪੂਰਵ ਦੇ ਆਸ ਪਾਸ, ਲਿੱਛਵੀ ਅਤੇ ਸਾਕਿਆ ਦੇ ਗਣਤੰਤਰੀ ਰਾਜਾਂ ਅੰਦਰ ਇਕ ਸੰਸਥਾਗਤ ਪ੍ਰਣਾਲੀ ਮੌਜੂਦ ਸੀ ਜਿਸ ਨੂੰ *ਸੰਥਾਗਾਰਾ* ਆਖਿਆ ਜਾਂਦਾ ਸੀ ਜੋ ਰਾਜ ਦੇ ਅਤਿ ਮਹੱਤਵ ਵਾਲੇ ਮੁੱਦਿਆਂ 'ਤੇ ਚਰਚਾ ਕਰਨ ਲਈ ਵਰਤਿਆ ਜਾਂਦਾ ਸੀ, ਜਿਸ ਵਿਚ ਰਾਸ਼ਟਰ ਦੇ ਵੱਖ-ਵੱਖ ਹਿੱਸਿਆਂ ਦਰਮਿਆਨ ਝਗੜੇ ਵੀ ਸ਼ਾਮਿਲ ਹੁੰਦੇ ਸਨ। ਬੁੱਧ ਨੇ 20 ਸਾਲ ਦੀ ਉਮਰ ਵਿਚ ਸਾਕਿਆ *ਸੰਥਾਗਾਰਾ* ਵਿਚ ਪ੍ਰਵੇਸ਼ ਕੀਤਾ। ਜਦੋਂ ਉਹ 28 ਸਾਲ ਦੇ ਸਨ ਤਾਂ ਸਾਕਿਆ ਅਤੇ ਕੋਲੀਆ ਵਿਚਾਲੇ ਰੋਹਿਣੀ ਦਰਿਆ ਦੇ ਪਾਣੀ ਨੂੰ ਲੈ ਕੇ ਇਕ ਝਗੜਾ ਖੜ੍ਹਾ ਹੋ ਗਿਆ। ਸਾਕਿਆ ਫ਼ੌਜ ਦਾ ਸੈਨਾਪਤੀ ਕੋਲੀਆ ਨਾਲ ਯੁੱਧ ਕਰਨ ਦੇ ਪੱਖ ਵਿਚ ਸੀ ਜਿਸ ਦਾ ਸਿਥਾਰਥ ਨੇ ਵਿਰੋਧ ਕੀਤਾ। ਪਰ ਸਿਥਾਰਥ ਦਾ ਸ਼ਾਂਤੀ ਪ੍ਰਸਤਾਵ ਵੋਟਾਂ ਵਿਚ ਬੁਰੀ ਤਰ੍ਹਾਂ ਨਕਾਰ ਦਿਤਾ ਗਿਆ। ਸਿਧਾਰਥ ਨੂੰ ਜਲਾਵਤਨ ਹੋਣਾ ਪਿਆ। ਭਾਵੇਂ ਕਿ ਬੁੱਧ ਨੂੰ ਹਾਰ ਕੇ ਜਲਾਵਤਨ ਹੋਣਾ ਪਿਆ ਪਰ ਗਣਤੰਤਰ ਦਾ ਵਿਚਾਰ ਅਤੇ ਬਲ-ਪ੍ਰਯੋਗ ਤੋਂ ਬਿਨਾਂ ਝਗੜੇ ਦਾ ਨਿਪਟਾਰਾ ਕਰਨ ਦੀ ਰਵਾਇਤ ਜ਼ਿੰਦਾ ਰਹੀ। ਗਣਤੰਤਰ ਦੀ ਭਾਵਨਾ ਰਾਸ਼ਟਰ ਦੀ ਮੋਹਰੀ ਭਾਵਨਾ ਵਜੋਂ ਜ਼ਿੰਦਾ ਰਹੀ।

ਅਖੀਰ ਵਿਚ, ਇਹ *ਯੋਜਨਾ* ਦੇ ਪਾਠਕਾਂ ਨੂੰ ਅਲਵਿਦਾ ਆਖਣ ਦਾ ਵਕਤ ਹੈ ਜਿਨ੍ਹਾਂ ਨਾਲ ਬਿਤਾਏ ਪਿਛਲੇ ਦੋ ਵਰ੍ਹੇ ਖੋਜ ਅਤੇ ਦਿਲਚਸਪ ਵਿਸ਼ਿਆਂ ਦੀ ਲੜੀ ਬਾਰੇ ਵਿਚਾਰ ਸਾਂਝੇ ਕਰਨ ਦਾ ਸਮਾਂ ਰਿਹਾ ਹੈ। *ਯੋਜਨਾ* ਆਪਣੇ ਪਾਠਕਾਂ ਲਈ ਜਾਣਕਾਰੀ ਭਰਪੂਰ ਅਤੇ ਵਿਚਾਰਸ਼ੀਲ ਲੇਖ, ਰਾਸ਼ਟਰ ਨਿਰਮਾਣ ਦੀ ਇਸ ਮਹਾਨ ਯਾਤਰਾ ਦੇ ਦੌਰਾਨ ਪੇਸ਼ ਕਰਦਾ ਰਹੇਗਾ।□□

# 11 ਕਰੋੜ 50 ਲੱਖ ਖਾਤੇ ਖੋਲ੍ਹ ਕੇ *ਪ੍ਰਧਾਨ ਮੰਤਰੀ ਜਨ ਧਨ ਯੋਜਨਾ* ਦਾ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਸ਼ੁਮਾਰ

ਪ੍ਰਧਾਨ ਮੰਤਰੀ ਜਨ ਧਨ ਯੋਜਨਾ(ਪੀ ਐੱਮ ਜੇ ਡੀ ਵਾਈ) ਜਿਸ ਦਾ ਐਲਾਨ 15 ਅਗਸਤ, 2014 ਨੂੰ ਸਭ ਤੋਂ ਵੱਡੇ ਵਿੱਤੀ ਸੰਮਿਲਨ ਪਹਿਲਕਦਮੀ ਵਜੋਂ ਕੀਤਾ ਗਿਆ ਸੀ, ਤਹਿਤ 26 ਜਨਵਰੀ 2015 ਦੀ ਸਮਾਂ ਸੀਮਾ ਤਕ 7.5 ਕਰੋੜ ਦੇ ਮੁਕਾਬਲੇ 17 ਜਨਵਰੀ 2015 ਤਕ 11.50 ਕਰੋੜ ਖਾਤੇ ਖੋਲ੍ਹ ਕੇ ਇਤਿਹਾਸ ਸਿਰਜਿਆ ਗਿਆ ਹੈ। ਇਹ ਅੰਕੜੇ ਦੇਸ਼ ਦੇ 21.02 ਕਰੋੜ ਘਰਾਂ ਦੇ ਸਰਵੇਖਣ 'ਤੇ ਆਧਾਰਿਤ ਹੈ ਜਿਸ ਵਿਚ 99.74 ਘਰਾਂ ਦੇ ਟੀਚੇ ਹਾਸਲ ਕਰ ਲਏ ਗਏ ਹਨ। ਇਹ ਸਰਵੇਖਣ ਲਗਭਗ 2.27 ਲੱਖ ਉਪ ਸੇਵਾ ਖੇਤਰਾਂ ਦੇ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ 4 ਮਹੀਨੇ ਦੇ ਰਿਕਾਰਡ ਸਮੇਂ ਵਿਚ ਕੀਤਾ ਗਿਆ। ਕੁੱਲ ਖੋਲ੍ਹੇ ਗਏ ਖਾਤਿਆਂ ਵਿਚੋਂ 60 ਪ੍ਰਤਿਸ਼ਤ ਖਾਤੇ ਪੇਂਡੂ ਅਤੇ 40 ਪ੍ਰਤਿਸ਼ਤ ਸ਼ਹਿਰੀ ਇਲਾਕਿਆਂ ਵਿਚ ਖੋਲ੍ਹੇ ਗਏ। ਔਰਤ ਖਾਤਾਧਾਰਕਾਂ ਦੀ ਗਿਣਤੀ ਲਗਭਗ 51 ਪ੍ਰਤਿਸ਼ਤ ਹੈ।

ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਨੇ *ਪ੍ਰਧਾਨ ਮੰਤਰੀ ਜਨ ਧਨ ਯੋਜਨਾ* ਤਹਿਤ ਕੀਤੀਆਂ ਪ੍ਰਾਪਤੀਆਂ ਨੂੰ ਮਾਨਤਾ ਦਿੰਦਿਆਂ ਇਕ ਪ੍ਰਮਾਣ ਪੱਤਰ ਜਾਰੀ ਕੀਤਾ ਹੈ ਜਿਸ ਵਿਚ ਆਖਿਆ ਗਿਆ ਹੈ, "ਵਿੱਤੀ ਸੰਮਿਲਨ ਮੁਹਿੰਮ ਤਹਿਤ ਇਕ ਹਫ਼ਤੇ ਵਿਚ ਖੋਲ੍ਹੇ ਬੈਂਕ ਖਾਤਿਆਂ ਦੀ ਸਭ ਤੋਂ ਵੱਧ ਗਿਣਤੀ 18,096,130 ਹੈ ਜੋ ਵਿੱਤੀ ਸੇਵਾਵਾਂ ਵਿਭਾਗ, ਭਾਰਤ ਸਰਕਾਰ ਵਲੋਂ 23 ਤੋਂ 29 ਅਗਸਤ 2014 ਦੌਰਾਨ ਹਾਸਲ ਕੀਤੀ ਗਈ।"

10 ਕਰੋੜ ਤੋਂ ਵੱਧ ਲਾਭਪਾਤਰੀਆਂ ਨੂੰ ਰੁਪਏ ਕਾਰਡ ਜਾਰੀ ਕੀਤੇ ਗਏ ਹਨ ਜਿਨ੍ਹਾਂ ਨੂੰ ਇਸ ਸਕੀਮ ਤਹਿਤ 1 ਲੱਖ ਰੁਪਏ ਦਾ ਨਿੱਜੀ ਦੁਰਘਟਨਾ ਬੀਮਾ ਲਾਭ ਪ੍ਰਾਪਤ ਹੋਵੇਗਾ। ਇਸ ਦੇ ਨਾਲ ਹੀ, ਯੋਗ ਲਾਭ-ਪਾਤਰੀਆਂ ਨੂੰ 30 ਹਜ਼ਾਰ ਰੁਪਏ ਦਾ ਨਿੱਜੀ ਜੀਵਨ ਬੀਮਾ ਲਾਭ ਵੀ ਪ੍ਰਾਪਤ ਹੋਵੇਗਾ। *ਪ੍ਰਧਾਨ ਮੰਤਰੀ ਜਨ ਧਨ ਯੋਜਨਾ* ਤਹਿਤ ਖੋਲ੍ਹੇ ਖਾਤਿਆਂ ਵਿਚ 9,188 ਕਰੋੜ ਰੁਪਏ ਜਮ੍ਹਾਂ ਕਰਵਾਏ ਗਏ ਹਨ।

ਕੇਂਦਰੀ ਖ਼ਜ਼ਾਨਾ ਮੰਤਰੀ ਨੇ ਆਖਿਆ ਕਿ *ਪ੍ਰਧਾਨ ਮੰਤਰੀ ਜਨ ਧਨ ਯੋਜਨਾ* ਆਰਥਿਕਤਾ ਲਈ ਇਨਕਲਾਬੀ ਮੋੜ ਸਾਬਤ ਹੋਵੇਗੀ ਕਿਉਂਕਿ ਇਸ ਨੇ ਸਿੱਧੀ ਨਗਦ ਅਦਾਇਗੀ ਲਈ ਇਕ ਮੰਚ ਮੁਹੱਈਆ ਕਰਵਾਇਆ ਹੈ ਜੋ ਸਬਸਿਡੀਆਂ ਵਿਚ ਹੋਣ ਵਾਲੇ ਨੁਕਸਾਨ ਨੂੰ ਰੋਕਣ ਵਿਚ ਮਦਦ ਕਰੇਗੀ ਅਤੇ ਖ਼ਜ਼ਾਨੇ ਦੀ ਬਚਤ ਹੋਵੇਗੀ। ਪਹਿਲੀ ਸਕੀਮ ਤਹਿਤ, ਜੋ ਰਸੋਈ ਗੈਸ ਲਈ ਸਿੱਧੀ ਨਗਦ ਅਦਾਇਗੀ ਵਾਲੀ ਯੋਜਨਾ ਹੈ, ਬਾਰੇ ਉਨ੍ਹਾਂ ਕਿਹਾ ਕਿ 1,757 ਕਰੋੜ ਰੁਪਏ ਦੀ ਰਾਸ਼ੀ ਬੈਂਕਾਂ ਜ਼ਰੀਏ ਲਾਭਪਾਤਰੀ ਖਾਤਿਆਂ ਵਿਚ 15 ਨਵੰਬਰ 2014 ਤਕ ਤਬਦੀਲ ਕੀਤੀ ਗਈ ਹੈ। ਹੁਣ ਤਕ, 35 ਵਿਚੋਂ 19 ਸਿੱਧੀ ਨਗਦ ਅਦਾਇਗੀ ਯੋਜਨਾਵਾਂ ਦੀ ਦੇਸ਼ ਭਰ ਵਿਚ ਸ਼ੁਰੂਆਤ ਕੀਤੀ ਜਾ ਚੁੱਕੀ ਹੈ, ਜਿਸ ਵਿਚ 300 ਜ਼ਿਲ੍ਹਿਆਂ ਵਿਚ ਮਨਰੇਗਾ ਸਕੀਮ ਵੀ ਸ਼ਾਮਿਲ ਹੈ। ਵਿੱਤ ਮੰਤਰੀ ਨੇ ਜਾਣਕਾਰੀ ਦਿੰਦਿਆਂ ਆਖਿਆ ਕਿ ਰਾਜ ਸਰਕਾਰਾਂ ਨੂੰ ਵੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿਚ ਸਿੱਧੀ ਨਗਦ ਅਦਾਇਗੀ ਕਰਨ ਲਈ ਆਖਿਆ ਗਿਆ ਹੈ ਤਾਂ ਕਿ ਸੇਵਾਵਾਂ ਦੇਣ ਦੀ ਪ੍ਰਕਿਰਿਆ ਵਿਚੋਂ ਦਲਾਲਾਂ ਨੂੰ ਹਟਾਇਆ ਜਾ ਸਕੇ।

ਦੇਸ਼ ਭਰ ਦੇ ਸਾਰੇ ਘਰਾਂ ਨੂੰ ਬੈਂਕਿੰਗ ਸਹੂਲਤਾਂ ਲਈ ਇਕ ਸਮਾਨ ਪਹੁੰਚ ਪ੍ਰਦਾਨ ਕਰਨ ਲਈ ਬੈਂਕ ਸ਼ਾਖਾ ਜਾਂ ਸਥਾਈ ਵਪਾਰਕ ਪੁਆਇੰਟ (ਬੀਸੀ), ਜਿਸ ਨੂੰ ਬੈਂਕ ਮਿੱਤਰ ਆਖਿਆ ਜਾਂਦਾ ਹੈ, ਵਜੋਂ ਦੇਸ਼ ਭਰ ਵਿਚ 1.23 ਲੱਖ ਬੈਂਕ ਮਿੱਤਰ ਬਿੰਦੂਆਂ ਦੀ ਸਥਾਪਨਾ ਕੀਤੀ ਗਈ ਹੈ। ਇਹ ਯਕੀਨੀ ਬਣਾਉਣ ਲਈ ਵੀ ਕਦਮ ਉਠਾਏ ਜਾ ਰਹੇ ਹਨ ਕਿ ਬੈਂਕ ਮਿੱਤਰਾਂ ਨੂੰ ਆਨਲਾਈਨ ਅੰਤਰ-ਸੰਗਠਿਤ ਦੇਣ ਲੈਣ ਦੇ ਯੋਗ ਬਣਾਉਣ ਲਈ ਯੰਤਰ ਮੁਹੱਈਆ ਕਰਵਾਏ ਜਾਣ ਜਿਸ ਨੂੰ ਰੁਪਏ ਕਾਰਡ ਅਤੇ ਆਧਾਰ ਕਾਰਡ ਆਧਾਰਿਤ ਭੁਗਤਾਨ ਪ੍ਰਣਾਲੀ ਲਈ ਵਰਤਿਆ ਜਾ ਸਕਦਾ ਹੈ। ਰੁਪਏ ਕਾਰਡ ਦੀ ਦੂਜੇ ਥਾਵਾਂ 'ਤੇ ਵਰਤੋਂ ਕਰਨ ਲਈ ਨਗਦ ਅਦਾਇਗੀ ਵਿਚ ਕਮੀ ਆਏਗੀ ਅਤੇ ਡਿਜ਼ੀਟਲ ਸੇਵਾ ਹੋ ਜਾਵੇਗੀ ਜੋ ਆਰਥਿਕਤਾ ਨੂੰ ਘੱਟ ਨਗਦੀ ਵਾਲੇ ਸਮਾਜ ਵਲ ਤੋਰੇਗੀ। □□


YOJANA (Punjabi) February - 2015 (Total Pages 52+IV) Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ : ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ
ਲੇਖਕ : ਰਘਬੀਰ ਸਿੰਘ
ਪੰਨੇ : 236, ਮੁੱਲ : 165 ਰੁਪਏ




ਪੁਸਤਕ : ਬੱਚਿਆਂ ਦੀਆਂ ਬੀਮਾਰੀਆਂ ਤੇ ਇਲਾਜ
ਲੇਖਕ : ਹਰਸ਼ਿੰਦਰ ਕੌਰ
ਪੰਨੇ : 60, ਮੁੱਲ : 70 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੰਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

Printed & Published by Dr. (Ms) Sadhana Rout, Additional Director General & Head on behalf of Publications Division, Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.

# ਯੋਜਨਾ

ਸਾਲ 30 • ਅੰਕ 7 • ਫ਼ਰਵਰੀ 2015 • ਕੁੱਲ ਪੰਨੇ 56



ਮੁੱਖ ਸੰਪਾਦਕ

**ਰਾਜੇਸ਼ ਕੁਮਾਰ ਝਾ**

ਸੰਪਾਦਕ

**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**

ਈਸਟ ਬਲਾਕ-4, ਲੈਵਲ-7
ਆਰ. ਕੇ. ਪੁਰਮ, ਨਵੀਂ ਦਿੱਲੀ-110066
ਫ਼ੋਨ ਤੇ ਫ਼ੈਕਸ : 011-26177591
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)

**ਸੂਰੀਆਕਾਂਤ ਸ਼ਰਮਾ**

ਫ਼ੋਨ: 26100207
ਫੈਕਸ : 26175516
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


| | | |
|---|---|---|
| • ਵਿੱਤੀ ਸੰਘਵਾਦ ਤੇ ਸਥਾਨਕ ਸਰਕਾਰਾਂ | – ਐੱਮ ਏ ਓਮੇਨ | 4 |
| • ਨੀਤੀ ਆਯੋਗ ਤੇ ਭਾਰਤੀ ਵਿੱਤੀ ਸੰਘਵਾਦ | – ਨਿਰਵਿਕਾਰ ਸਿੰਘ | 8 |
| • ਭਾਰਤੀ ਸੰਘਵਾਦ ਦੀ ਬੁਨਿਆਦ ਤੇ ਵਿਕਾਸ: ਸਿੱਖੇ ਤੇ ਅਣਸਿੱਖੇ ਸਬਕ | – ਬਲਵੀਰ ਅਰੋੜਾ | 11 |
| • ਭਾਰਤ ਦੀ ਸਫਲਤਾ ਦੀ ਕੁੰਜੀ ਹੈ ਅਨੇਕਤਾ ਦਾ ਜਸ਼ਨ | – ਐਸ਼ ਨਾਰਾਇਣ ਰਾਏ | 16 |
| • ਉੱਭਰਦੇ ਬਾਜ਼ਾਰ ਤੇ ਅੰਤਰਰਾਸ਼ਟਰੀ ਵਿੱਤੀ ਸੰਸਥਾਨ | – ਅਲੋਕ ਸ਼ੀਲ | 20 |
| • ਭਾਰਤੀ ਸੰਘਵਾਦ ਦਾ ਬਦਲਦਾ ਚਿਹਰਾ | – ਅਮਨਪ੍ਰੀਤ ਸਿੰਘ ਗਿੱਲ | 24 |
| • ਡਿਜ਼ੀਟਲ ਭਾਰਤ ਪ੍ਰੋਗਰਾਮ : ਜਨਤਕ ਪ੍ਰਸ਼ਾਸਨ ਸੁਧਾਰ ਪਹਿਲਕਦਮੀ | – ਯੋਗੇਸ਼ ਕੇ. ਦਿਵੇਦੀ, ਨ੍ਰਿਪੇਂਦਰ ਪੀ ਰਾਣਾ, ਬਨੀਤਾ ਲਾਲ | 27 |
| • ਚੰਗੇ ਪ੍ਰਸ਼ਾਸਨ ਲਈ ਮੌਜੂਦਾ ਸੂਚਨਾ ਤਕਨਾਲੋਜੀ | – ਐੱਮ ਰਾਜੇਂਦਰਨ | 31 |
| • ਆਬਕਾਰੀ ਨੀਤੀ ਦੇ ਉਦੇਸ਼ ਅਤੇ ਮਹੱਤਤਾ | – ਸਰਬਜੀਤ ਸਿੰਘ ਛੀਨਾ | 33 |
| • ਭਾਰਤ ਵਿਚ ਟੈਲੀਮੈਡੀਸਨ : ਵਰਤਮਾਨ ਹਾਲਾਤ, ਚੁਨੌਤੀਆਂ ਤੇ ਮੌਕੇ | – ਰਾਜੇਸ਼ ਚੰਦਵਾਨੀ – ਯੋਗੇਸ਼ ਕੇ. ਦਿਵੇਦੀ | 36 |
| • ਬੇਟੀ ਬਚਾਓ, ਬੇਟੀ ਪੜ੍ਹਾਓ | – | 39 |
| • ਬੇਟੀ ਬਚਾਓ - ਬੇਟੀ ਪੜ੍ਹਾਓ (ਬੀ.ਬੀ.ਬੀ.ਪੀ.) ਸਕੀਮ | – ਪੀ.ਆਈ.ਬੀ. | 41 |
| • ਰਾਸ਼ਟਰੀ ਮੁਕੱਦਮੇਬਾਜ਼ੀ ਨੀਤੀ | – | 46 |
| • ਕੀ ਤੁਸੀਂ ਜਾਣਦੇ ਹੋ? | – | 47 |
| • ਖ਼ਬਰਾਂ ਵਿਚੋਂ ਖ਼ਬਰਾਂ | – | 48 |
| • ਪੰਜਾਬ ਵਿਚ ਨਸ਼ੇ ਅਤੇ ਵਰਤੋਂ ਵਿਰੁੱਧ ਜਾਗ੍ਰਿਤੀ | – ਗੁਰਭਜਨ ਸਿੰਘ ਗਿੱਲ | 49 |
| • ਕੇਸ਼ੋਪੁਰ ਛੰਭ : ਏਸ਼ੀਆ ਦਾ ਸਭ ਤੋਂ ਵੱਡਾ ਦੇਖਣ ਯੋਗ ਸਥਾਨ ਹੋਵੇਗਾ | – ਬਲਵਿੰਦਰ 'ਬਾਲਮ' | 50 |
| • ਪੁਸਤਕ ਪੜਚੋਲ | – ਗੁਰਦੀਪ ਕੌਰ | 54 |



***ਯੋਜਨਾ*** **ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ - 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 - ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730.**



***ਯੋਜਨਾ*** **ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਵਿੱਤੀ ਸੰਘਵਾਦ ਤੇ ਸਥਾਨਕ ਸਰਕਾਰਾਂ

ਐਮ ਏ ਓਮੇਨ

ਸੰਘਵਾਦ ਦਾ ਭਾਵ ਸਰਕਾਰ ਦੇ ਬਹੁ-ਪੱਧਰੀ ਸਿਲਸਿਲੇ ਤੋਂ ਹੈ। ਵਿੱਤੀ ਸੰਘਵਾਦ ਖਰਚਾ – ਜ਼ਿੰਮੇਵਾਰੀਆਂ, ਵਿੱਤੀ ਕਾਰਜਭਾਰ, ਅੰਤਰ ਸਰਕਾਰੀ ਲੈਣ-ਦੇਣ ਪ੍ਰਬੰਧ ਦੀ ਵੰਡ ਨਾਲ ਨਜਿੱਠਦਾ ਹੈ ਅਤੇ ਕਿਸੇ ਸੰਘ ਅੰਦਰਲੇ ਵਿੱਤੀ ਸੰਬੰਧਾਂ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ। ਕਿਸੇ ਵੀ ਚੰਗੇ ਵਿੱਤੀ ਸੰਘੀ ਪ੍ਰਬੰਧ ਦਾ ਟੀਚਾ ਸਰਕਾਰ ਦੇ ਵੱਖ-ਵੱਖ ਪੱਧਰਾਂ ਦਰਮਿਆਨ ਵਸੀਲਿਆਂ ਅਤੇ ਜ਼ਿੰਮੇਵਾਰੀਆਂ ਦੀ ਸਾਵੀਂ ਵੰਡ ਨੂੰ ਕੁਸ਼ਲਤਾ ਨਾਲ ਅਮਲੀ ਰੂਪ ਦੇਣਾ ਅਤੇ ਇਕ ਸਥਿਰ ਸੰਘੀ ਪ੍ਰਣਾਲੀ ਲਈ ਕੰਮ ਕਰਨਾ ਹੈ। ਮੂਲ ਰੂਪ ਵਿਚ ਭਾਰਤੀ ਸੰਘ ਕੇਂਦਰ ਅਤੇ ਰਾਜਾਂ ਦਾ ਦੋ ਇਕਾਈਆਂ ਵਾਲਾ ਸਿਲਸਿਲਾ ਸੀ। 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਰਾਹੀਂ ਧਾਰਾ 9 ਅਤੇ ਧਾਰਾ 9 (ਏ) ਰਾਹੀਂ ਪੰਚਾਇਤੀ ਰਾਜ ਸੰਸਥਾਵਾਂ ਵਾਲੀ ਸਰਕਾਰ ਦੀ ਤੀਜੀ ਇਕਾਈ ਕਾਇਮ ਕਰਕੇ ਇਸ ਨੂੰ ਤਿੰਨ-ਪੱਧਰੀ ਕਰ ਦਿਤਾ ਗਿਆ। ਇਸ ਦੇ ਨਾਲ ਹੀ ਭਾਰਤੀ ਸੰਘ ਬਹੁ-ਪੱਧਰੀ ਜਨਤਕ ਪੂੰਜੀ ਦੇ ਨਾਲ ਬਹੁ-ਪੱਧਰੀ ਸੰਘੀ ਪ੍ਰਣਾਲੀ ਬਣ ਗਿਆ ਹੈ। ਇਨ੍ਹਾਂ ਸੋਧਾਂ ਤੋਂ ਬਾਅਦ 20 ਸਾਲ ਦਾ ਸਮਾਂ ਲੰਘ ਚੁੱਕਾ ਹੈ। ਜਦ 1994 ਵਿਚ ਸਾਰੇ ਰਾਜਾਂ ਵਲੋਂ ਵੀ ਇਸ ਬਾਰੇ ਕਾਨੂੰਨ ਨੂੰ ਹਰੀ ਝੰਡੀ ਦੇ ਦਿਤੀ ਗਈ ਸੀ। ਯਕੀਨਨ ਲੋਕਾਂ ਦੀ ਸ਼ਮੂਲੀਅਤ ਲਈ ਲੋਕ-ਰਾਜੀ ਵਰਤਾਰਾ ਕਾਇਮ ਕਰਨ ਵਾਸਤੇ ਵਿੱਤੀ ਵਿਕੇਂਦਰੀਕਰਨ ਦੀ ਇਹ ਵੱਡੀ ਕੋਸ਼ਿਸ਼ ਸੀ ਜਿਸ ਵਿਚ ਸਥਾਨਿਕ ਲੋਕ-ਰਾਜੀ ਸ਼ਾਸਨ ਦੀ ਪੂਰੀ ਸੰਭਾਵਨਾ ਬਣਦੀ ਸੀ। ਵਿੱਤੀ ਵਿਕੇਂਦਰੀਕਰਨ ਦਾ ਇਹੀ ਭਾਵ ਹੈ ਕਿ ਸਥਾਨਕ ਸਰਕਾਰਾਂ ਕੋਲ ਵਿੱਤੀ ਅਖ਼ਤਿਆਰ ਹੋਣ। ਸਵਾਲ ਇਹ ਹੈ ਕਿ ਕੀ ਸਥਾਨਕ ਸਰਕਾਰਾਂ ਸਵੈ-ਸ਼ਾਸਨ ਵਾਲੇ ਅਦਾਰਿਆਂ ਵਜੋਂ ਕੰਮ ਕਰਦਿਆਂ ਧਾਰਾ 243(ਜੀ) ਅਤੇ 242 (ਡਬਲਯੂ) ਵਿਚ ਦੱਸੇ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਦੇ ਅਹਿਮ ਕਾਰਜ ਨੂੰ ਅੰਜਾਮ ਦੇ ਰਹੀਆਂ ਹਨ?

***ਹੁਣ ਜਦ ਕਿ ਯੋਜਨਾ ਆਯੋਗ ਜਿਸ ਨੂੰ ਗ਼ੈਰ-ਸੰਵਿਧਾਨਿਕ ਅਦਾਰੇ ਵਜੋਂ ਰੱਦ ਕਰ ਕੇ ਨਵਾਂ ਅਦਾਰਾ 'ਭਾਰਤ ਦੇ ਰੂਪਾਂਤਰਣ ਬਾਰੇ ਰਾਸ਼ਟਰੀ ਸੰਸਥਾ' ਨੀਤੀ ਆਯੋਗ ਨੂੰ ਪਹਿਲੀ ਜਨਵਰੀ 2015 ਤੋਂ ਸਰਗਰਮ ਕਰ ਦਿਤਾ ਗਿਆ ਹੈ, ਇਹ ਸਵਾਲ ਤੁਰੰਤ ਸਾਹਮਣੇ ਆਉਂਦਾ ਹੈ ਕਿ ਕੀ ਧਾਰਾ 243 (ਜ਼ੈੱਡ ਡੀ) ਤਹਿਤ ਕਾਇਮ ਕੀਤੇ ਜ਼ਿਲ੍ਹਾ ਯੋਜਨਾਬੰਦੀ ਕਮੇਟੀ ਦੇ ਨਾਂ ਦੀ ਸੰਵਿਧਾਨਿਕ ਸੰਸਥਾ ਲਈ ਕੋਈ ਨਵੀਂ ਭੂਮਿਕਾ ਮਿਥੀ ਜਾਵੇਗੀ ਜਾਂ ਫਿਰ ਮਾਲੀ ਤਬਾਦਲਾ ਪ੍ਰਬੰਧਾਂ ਨੂੰ ਤਰਕ-ਸੰਗਤ ਬਣਾਉਣ ਲਈ ਕਿਹੜੇ ਸੁਧਾਰ ਲੋੜੀਂਦੇ ਹਨ, ਅਜਿਹੇ ਕਈ ਆਰਥਿਕ ਸੰਘਵਾਦ ਦੇ ਮੁੱਦੇ ਸਥਾਨਕ ਸ਼ਾਸਨ ਦੇ ਪ੍ਰਸੰਗ ਵਿਚ ਨਵੇਂ ਸਿਰਿਉਂ ਨੇੜਲੀ ਝਾਤ ਦੀ ਮੰਗ ਕਰਦੇ ਹਨ। ਇਸ ਲੇਖ ਵਿਚ ਇਨ੍ਹਾਂ ਵਿਚੋਂ ਕੁਝ ਇਕ ਨੂੰ ਛੋਹਿਆ ਗਿਆ ਹੈ। ਗਲਤ ਜਵਾਬ ਦੇਣ ਤੋਂ ਵੱਧ ਮਹੱਤਵਪੂਰਨ ਇਹ ਹੈ ਕਿ ਸਹੀ ਸਵਾਲ ਖੜ੍ਹੇ ਕੀਤੇ ਜਾਣ।***

ਸਹਿਕਾਰਤਾ ਸੰਘਵਾਦ ਦੀ ਜਿਸ ਧਾਰਨਾ ਵਿਚ ਭਾਰਤ ਦੀ ਨਵੀਂ ਸਰਕਾਰ ਨੇ ਆਪਣਾ ਭਰੋਸਾ ਤੇ ਵਚਨਬੱਧਤਾ ਪੱਕੀ ਕੀਤੀ ਹੈ, ਦੀ ਦੁਨੀਆਂ ਦੀਆਂ ਸੰਘੀ ਸਰਕਾਰਾਂ ਵਿਚ ਕੋਈ ਦੂਜੀ ਮਿਸਾਲ ਨਹੀਂ ਮਿਲਦੀ। ਜਿਵੇਂ ਇਹ ਜਰਮਨੀ ਅਤੇ ਦੱਖਣੀ ਅਫ਼ਰੀਕਾ ਨਾਲ ਮੇਲ ਨਹੀਂ ਖਾਂਦੀ ਜਿਥੇ ਕਿ ਸੰਘੀ ਸਰਕਾਰਾਂ ਮਹੱਤਵਪੂਰਨ ਨੀਤੀਆਂ ਬਾਰੇ ਫ਼ੈਸਲਾ ਕਰਦੀਆਂ ਹਨ ਅਤੇ ਸਰਕਾਰ ਦੇ ਵੱਖ-ਵੱਖ ਪੱਧਰਾਂ ਵਲੋਂ ਕੇਵਲ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਦੀਆਂ ਏਜੰਸੀਆਂ ਵਜੋਂ ਕੰਮ ਕੀਤਾ ਜਾਂਦਾ ਹੈ। ਇਹ ਬ੍ਰਾਜ਼ੀਲ ਤੋਂ ਵੀ ਵੱਖਰੀ ਹੈ ਜਿਥੇ ਕਿ ਸਰਕਾਰ ਦੇ ਤਿੰਨੋਂ ਪੱਧਰ ਖ਼ੁਦ-ਮੁਖ਼ਤਿਆਰੀ ਅਤੇ ਬਰਾਬਰੀ ਦਾ ਰੁਤਬਾ ਰਖਦੇ ਹਨ। ਇਸ ਨੂੰ ਸਹਿਕਾਰਤਾ ਸੰਘਵਾਦ ਦਾ ਅਜਿਹਾ ਨਮੂਨਾ ਵੀ ਨਹੀਂ ਮੰਨਿਆ ਜਾ ਸਕਦਾ ਜਿਥੇ ਸਰਕਾਰ ਦੇ ਵੱਖ-ਵੱਖ ਪੱਧਰ 'ਤੇ ਜ਼ਿੰਮੇਵਾਰੀਆਂ ਦੀ ਸਾਂਝ ਕਰਦੇ ਹੋਏ ਬਰਾਬਰ ਦੇ ਭਾਈਵਾਲ ਮੰਨੇ ਜਾਂਦੇ ਹਨ। ਭਾਰਤ ਵਿਚ ਇਨ੍ਹਾਂ ਵੱਖ-ਵੱਖ ਪੱਧਰਾਂ ਨੂੰ ਬਰਾਬਰ ਦੇ ਭਾਈਵਾਲ ਵਜੋਂ ਨਹੀਂ ਵੇਖਿਆ ਜਾਂਦਾ। ਅਸਲ ਵਿਚ, ਭਾਰਤੀ ਸੰਘੀ ਪ੍ਰਣਾਲੀ ਦੀ ਬਣਤਰ ਵਿਚ ਕੇਂਦਰ ਵੱਲ ਵੱਧ ਉਲਾਰ ਹੋਣ ਅਤੇ ਰਾਜ ਪੱਧਰ ਤੇ ਸਥਾਨਕ ਸਰਕਾਰਾਂ ਦੇ ਪੱਧਰ 'ਤੇ ਵਸੀਲਿਆਂ ਅਤੇ ਜ਼ਿੰਮੇਵਾਰੀਆਂ ਦੀ ਅਸੰਤੁਲਿਤ ਵੰਡ ਕਰਨ ਦਾ ਦੋਸ਼ ਹੈ। ਇਹ ਸਮੱਸਿਆ ਸੰਘ ਦੇ ਬਹੁ-ਪਰਤੀ ਕਿਰਦਾਰ ਹੋਣ ਕਾਰਨ ਹੋਰ ਵੀ ਉਲਝ ਜਾਂਦੀ ਹੈ ਜਿਸ ਵਿਚ ਪੰਚਾਇਤੀ ਰਾਜ ਅਦਾਰਿਆਂ, ਨਗਰ ਨਿਗਮਾਂ ਅਤੇ ਕਾਰਪੋਰੇਸ਼ਨਾਂ ਦੀਆਂ ਤਿੰਨ ਪਰਤਾਂ ਅਤੇ ਮੁੱਖ ਰੂਪ ਵਿਚ ਕੇਂਦਰ ਅਤੇ ਰਾਜ ਦੀਆਂ ਪਰਤਾਂ ਮੌਜੂਦ ਹਨ।

## ਸਹਾਇਤਾ ਦਾ ਸਿਧਾਂਤ ਤੇ ਭਾਰਤ ਦਾ ਸਹਿਕਾਰਤਾ ਸੰਘਵਾਦ

ਇਕ ਅਮਲੀ ਅਤੇ ਜੀਵੰਤ ਵਿੱਤੀ ਸੰਘਵਾਦ ਨੂੰ ਆਦਰ ਦੇਣ ਦੀ ਇਕ ਮਹੱਤਵਪੂਰਨ ਜ਼ਰੂਰੀ ਸ਼ਰਤ ਕਾਰਜਾਂ ਅਤੇ ਜ਼ਿੰਮੇਵਾਰੀਆਂ ਦੀ ਸਹੀ ਕਿਰਤ ਵੰਡ ਅਤੇ ਕਿਸ ਨੂੰ ਕੀ ਕਰਨਾ ਚਾਹੀਦਾ ਹੈ? ਅਤੇ ਕਿਸ ਨੂੰ ਕਿੱਥੇ ਅਤੇ ਕਿੰਨਾ ਕਰ ਦੇਣਾ ਹੈ, ਦੇ ਦੋ ਅਹਿਮ ਸਵਾਲ ਪੁੱਛਦਿਆਂ ਸਰਕਾਰ ਦੇ ਵੱਖ-ਵੱਖ ਪੱਧਰਾਂ ਦਾ ਨੇਮਬੰਦੀ ਅਮਲ ਚਲਾਉਣ

ਦੀ ਹੈ। ਪਿੱਛਲਝਾਤ ਮਾਰਦਿਆਂ ਆਸਾਨੀ ਨਾਲ ਪਤਾ ਲੱਗੇਗਾ ਕਿ ਭਾਰਤ ਨੇ ਨਾ ਹੀ ਅਜਿਹੇ ਸਵਾਲ ਕਦੇ ਚੁੱਕੇ ਹਨ ਅਤੇ ਨਾ ਹੀ ਇਨ੍ਹਾਂ ਦੇ ਤਸੱਲੀਬਖ਼ਸ਼ ਜਵਾਬ ਮੰਗੇ ਹਨ। ਖਰਚਾ ਜ਼ਿੰਮੇਵਾਰੀਆਂ ਦੀ ਵੰਡ, ਮਾਲੀਆ ਵਧਾਉਣ ਦੇ ਕਾਰਜ ਅਤੇ ਨੇਮਬੰਦੀ ਕਾਰਜ ਬਾਰੇ ਸੋਧ ਲੈਣ ਦਾ ਸਾਦਾ ਪਰ ਬਹੁਤ ਢੁੱਕਵਾਂ ਨੇਮ ਖ਼ੁਦ-ਮੁਖ਼ਤਿਆਰੀ ਸਹਿਕਾਰਤਾ ਦਾ ਹੈ ਜੋ ਕਹਿੰਦਾ ਹੈ ਕਿ ਜਿਸ ਪੱਧਰ 'ਤੇ ਕਿਸੇ ਕੰਮ ਨੂੰ ਘੱਟ ਤੋਂ ਘੱਟ ਲਾਗਤ ਨਾਲ ਸਭ ਤੋਂ ਬਿਹਤਰ ਢੰਗ ਨਾਲ ਕੀਤਾ ਜਾ ਸਕਦਾ ਹੈ, ਉਸ ਨੂੰ ਉਪਰਲੇ ਪੱਧਰ 'ਤੇ ਨਾ ਲਿਜਾਉਂਦਿਆਂ ਹੋਇਆਂ ਉਸੇ ਪੱਧਰ 'ਤੇ ਹੀ ਨੇਪਰੇ ਚਾੜ੍ਹਨਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ, ਸਰਕਾਰ ਨੂੰ ਹਰ ਉਚੇਰੇ ਪੱਧਰ ਲਈ ਕਾਰਜ ਤੈਅ ਕਰਨ ਦੇ ਰੁਝਾਨ ਮੁਤਾਬਿਕ ਚੱਲਣਾ ਹੋਵੇਗਾ। ਭਾਵੇਂ ਕਈ ਲੋਕ ਵੈਦਿਕ ਸਮਿਆਂ ਤੋਂ ਚਲੀਆਂ ਆ ਰਹੀਆਂ ਪੰਚਾਇਤਾਂ ਦਾ ਹਵਾਲਾ ਦਿੰਦੇ ਹਨ, ਪਰ ਇਹ ਬ੍ਰਤਾਨੀਆਂ ਹੇਠ ਬਸਤੀਵਾਦੀ ਸਰਕਾਰ ਸੀ ਜਿਸ ਨੇ ਸਥਾਨਕ ਪੱਧਰ 'ਤੇ 'ਛੋਟੇ ਗਣਰਾਜ' ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਸਵੈ-ਸ਼ਾਸਨ ਵਾਲੇ ਅਦਾਰੇ ਬਣਾਉਣ ਦਾ ਹੌਸਲਾ ਕੀਤਾ। ਭਾਰਤ ਸਰਕਾਰ ਦਾ ਕਾਨੂੰਨ-1935 ਅਤੇ ਰਾਜਾਂ ਨੂੰ ਸੂਬਾਈ ਖ਼ੁਦ-ਮੁਖ਼ਤਿਆਰੀ ਦੀ ਸ਼ੁਰੂਆਤ ਨਾਲ ਸਥਾਨਕ ਨਗਰ-ਨਿਗਮਾਂ ਅਤੇ ਪੰਚਾਇਤਾਂ ਦੇ ਪੱਧਰ 'ਤੇ ਲੋਕਤੰਤਰੀਕਰਨ ਦੇ ਅਮਲ ਨੂੰ ਅੱਗੇ ਲਿਜਾਉਣ ਲਈ ਕਈ ਕਦਮ ਚੁੱਕੇ ਗਏ। ਅਸੀਂ ਜਾਣਦੇ ਹਾਂ ਕਿ ਭਾਰਤ ਦੀ ਆਜ਼ਾਦੀ ਲਹਿਰ ਵਿਚ ਪੰਚਾਇਤ ਦੇ ਸੰਕਲਪ ਦਾ ਵਿਚਾਰਕ ਆਧਾਰ ਸੀ ਅਤੇ ਗਾਂਧੀ ਜੀ ਨੇ ਭਵਿੱਖ ਦੇ ਭਾਰਤ ਦੇ ਸਮਾਜਿਕ ਜੀਵਨ ਵਿਚ ਗ੍ਰਾਮ ਸਵੈ-ਰਾਜ ਨੂੰ ਮੁੱਖ ਕੇਂਦਰ ਮੰਨਿਆ ਸੀ। ਤਾਂ ਵੀ ਭਾਰਤੀ ਸੰਵਿਧਾਨ ਵਿਚ ਪੇਂਡੂ ਪੰਚਾਇਤਾਂ ਨੂੰ ਕੇਵਲ ਧਾਰਾ 40 ਵਿਚ ਦਰਸਾਇਆ ਗਿਆ ਜੋ ਕਹਿੰਦਾ ਹੈ ਕਿ 'ਨਿਰਦੇਸ਼ਕ ਸਿਧਾਂਤਾਂ' ਦੇ ਹਿੱਸੇ ਵਜੋਂ ਖ਼ੁਦ-ਮੁਖ਼ਤਿਆਰੀ ਵਾਲੀਆਂ ਸਰਕਾਰਾਂ ਦੀਆਂ ਇਕਾਈਆਂ ਕਾਇਮ ਕੀਤੀਆਂ ਜਾਣ ਅਤੇ ਇੰਝ ਇਨ੍ਹਾਂ ਨੂੰ ਕਾਨੂੰਨੀ ਤੌਰ ਤੇ ਸੰਵਿਧਾਨ ਦੇ ਹਿੱਸੇ ਵਜੋਂ ਕਾਇਮ ਕੀਤੇ ਜਾਣ ਤੋਂ ਵਾਂਝਾ ਕਰ ਦਿਤਾ ਗਿਆ। ਸੰਵਿਧਾਨ 1884 ਦੇ ਲਾਰਡ ਰਿੱਪਨ ਮਤੇ ਨੂੰ ਵੀ ਪ੍ਰਵਾਨ ਨਹੀਂ ਕਰਦਾ ਜਿਸ ਵਿਚ ਸਥਾਨਕ ਸਵੈ-ਸ਼ਾਸਨ ਦੀ ਧਾਰਨਾ ਦਿਤੀ ਗਈ ਹੈ। ਇਸ ਇਤਿਹਾਸਕ ਉਕਾਈ ਨੂੰ 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਰਾਹੀਂ ਦੂਰ ਕਰਕੇ ਸਥਾਨਕ ਸਰਕਾਰਾਂ ਨੂੰ ਸੰਵਿਧਾਨਕ ਰੁਤਬਾ ਦਿਤਾ ਗਿਆ।

ਭਾਰਤੀ ਸੰਵਿਧਾਨ ਵਿਚ ਕੇਂਦਰ ਤੇ ਰਾਜਾਂ ਦੀਆਂ ਅਮਲੀ ਅਤੇ ਕਰ ਜ਼ਿੰਮੇਵਾਰੀਆਂ ਨੂੰ ਤਿੰਨ ਵੱਖਰੀਆਂ-ਵੱਖਰੀਆਂ ਸੂਚੀਆਂ ਵਿਚ ਸੂਚੀ 6 ਤਹਿਤ ਦਰਸਾਇਆ ਗਿਆ ਹੈ ਜੋ ਕਿ ਕੇਂਦਰ ਲਈ ਕੇਂਦਰੀ ਸੂਚੀ, ਰਾਜਾਂ ਲਈ ਰਾਜ ਸੂਚੀ ਅਤੇ ਕੇਂਦਰ ਤੇ ਰਾਜਾਂ ਦੇ ਸਾਂਝੇ ਦਾਇਰੇ ਨੂੰ ਸਹਾਇਕ ਸੂਚੀ ਕਹਿੰਦੇ ਹਨ। ਭਾਰਤ ਸਰਕਾਰ ਦੇ ਕਾਨੂੰਨ 1935 ਨੂੰ ਵੇਖਦਿਆਂ ਸੰਵਿਧਾਨ ਨਿਰਮਾਤਾਵਾਂ ਨੇ ਖ਼ੁਦ-ਮੁਖ਼ਤਿਆਰ ਸਹਿਕਾਰਤਾ ਦੇ ਨੇਮ ਨੂੰ ਲਾਗੂ ਕਰਨ ਦੀ ਥਾਂ ਇਕ ਆਰਜ਼ੀ ਪ੍ਰਬੰਧ ਹੀ ਕੀਤਾ। 73ਵੀਂ ਅਤੇ 74ਵੀਂ ਸੋਧ ਨਾਲ ਤਿੰਨਾਂ ਪੱਧਰਾਂ ਦੇ ਅਮਲੀ ਅਤੇ ਵਿੱਤੀ ਦਾਇਰਿਆਂ ਦੇ ਮੁੜ ਪ੍ਰੀਖਣ ਕਰਨ ਅਤੇ ਭਾਰਤ ਵਿਚ ਵਧੇਰੇ ਤਰਕਸੰਗਤ ਜਨਤਕ ਵਿੱਤੀ ਨਿਜ਼ਾਮ ਕਾਇਮ ਕਰਨ ਦਾ ਵੱਡਾ ਮੌਕਾ ਮਿਲਿਆ। ਇਸ ਦੀ ਥਾਂ ਦੋਹਾਂ ਸੋਧਾਂ ਵਿਚ ਦੋ ਹੋਰ ਸੂਚੀਆਂ, ਸੂਚੀ-11 ਪੰਚਾਇਤੀ ਰਾਜ ਅਦਾਰਿਆਂ ਲਈ, ਅਤੇ ਸੂਚੀ-12 ਸ਼ਹਿਰੀ ਸਥਾਨਕ ਸਰਕਾਰਾਂ ਲਈ ਸ਼ਾਮਿਲ ਕੀਤੀਆਂ ਗਈਆਂ। ਇਨ੍ਹਾਂ ਦੋਹਾਂ ਸੂਚੀਆਂ ਵਿਚ ਦਿਤੇ ਵਿਸ਼ਿਆਂ ਨੂੰ ਰਾਜ ਸੂਚੀ ਅਤੇ 'ਸਹਾਇਕ ਸੂਚੀ' ਵਿਚੋਂ ਕੱਢ ਦਿਤਾ ਗਿਆ। ਸਥਾਨਕ ਸਰਕਾਰਾਂ ਦੇ ਆਰਥਿਕ ਅਖ਼ਤਿਆਰ ਵੀ ਸਹੀ ਢੰਗ ਨਾਲ ਪਰਿਭਾਸ਼ਿਤ ਨਹੀਂ ਕੀਤੇ ਗਏ। ਕੇਰਲ ਸਰਕਾਰ ਨੇ 73ਵੀਂ ਅਤੇ 74ਵੀਂ ਸੋਧ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀਆਂ ਅਮਲੀ ਮੁਸ਼ਕਿਲਾਂ ਨੂੰ ਮਹਿਸੂਸ ਕੀਤਾ ਅਤੇ ਇਸ ਵਿਚ ਸਪੱਸ਼ਟਤਾ ਲਿਆਉਣ ਵਿਚ ਜਤਨ ਵੀ ਕੀਤੇ। ਦੇਰ ਨਾਲ ਹੀ ਸਹੀ 2004 ਵਿਚ ਪੰਚਾਇਤੀ ਰਾਜ ਮੰਤਰਾਲਾ ਕਾਇਮ ਹੋਇਆ ਜਿਸ ਨੇ ਇਸ ਕਮੀ ਨੂੰ ਸਮਝਦਿਆਂ ਰਾਜ ਪੱਧਰ 'ਤੇ ਸਰਗਰਮੀ ਜਾਇਜ਼ਾ ਮੁਹਿੰਮ ਸ਼ੁਰੂ ਕੀਤੀ। ਅਜੇ ਵੀ ਦੇਰ ਨਹੀਂ ਹੋਈ। ਜਦ ਤਕ 'ਸਰਗਰਮੀ ਜਾਇਜ਼ਾ' ਅਮਲੀ ਰੂਪ ਵਿਚ ਨਹੀਂ ਲੈ ਲਿਆ ਜਾਂਦਾ ਅਤੇ ਇਸ ਤੋਂ ਬਾਅਦ ਕਾਰਜਾਂ, ਫ਼ੰਡ ਆਦਿ ਦੀ ਸਪੁਰਦਗੀ ਸਹੀ ਦੇ ਦਿਤੀ ਜਾਂਦੀ ਉਦੋਂ ਤਕ ਵਿਕੇਂਦਰੀਕਰਨ ਅਮਲੀ ਰੂਪ ਨਹੀਂ ਲੈ ਸਕੇਗਾ।

ਰਾਜ ਸੂਚੀ ਦੇ ਅੰਕ 5 ਵਿਚ ਕਿਹਾ ਗਿਆ ਹੈ :

ਸਥਾਨਕ ਸਰਕਾਰ ਜਿਸ ਦਾ ਭਾਵ ਹੈ ਨਗਰਪਾਲਿਕਾਵਾਂ, ਸੁਧਾਰ ਟਰੱਸਟਾਂ, ਜ਼ਿਲ੍ਹਾ ਬੋਰਡਾਂ, ਖਾਣਾਂ ਦੀ ਪੁਟਾਈ ਬਾਰੇ ਅਤੇ ਹੋਰ ਸਥਾਨਕ ਅਥਾਰਿਟੀਆਂ ਦਾ ਸਥਾਨਕ ਸਵੈ-ਸ਼ਾਸਨ ਜਾਂ ਪਿੰਡ ਪ੍ਰਸ਼ਾਸਨ ਲਈ ਸੰਵਿਧਾਨ ਅਤੇ ਤਾਕਤਾਂ" (ਭਾਰਤੀ ਸੰਵਿਧਾਨ, ਸ਼ੈਡਿਊਲ 7, ਸੂਚੀ-2-ਰਾਜ ਸੂਚੀ)।

***ਮੌਜੂਦਾ ਸਰਕਾਰ ਜਿਸ ਨੇ ਚੰਗੇਰੇ ਸ਼ਾਸਨ ਦਾ ਅਹਿਦ ਲਿਆ ਹੈ ਅਤੇ ਚੰਗੇਰੇ ਸ਼ਾਸਨ ਦਾ ਭਾਵ ਤਰਕਸੰਗਤ ਸ਼ਾਸਨ ਹੀ ਹੈ, ਉਕਤ ਧਾਰਾ ਨੂੰ ਹਟਾ ਕੇ ਸਰਗਰਮੀਆਂ ਅਤੇ ਉਪ-ਸਰਗਰਮੀਆਂ ਦਰਸਾਉਂਦੀ ਨਵੀਂ ਸਥਾਨਕ ਸੂਚੀ ਲਈ ਕੰਮ ਕਰਨਾ ਹੋਵੇਗਾ ਜੋ ਅਗੋਂ ਸ਼ਡਿਊਲ-11 ਅਤੇ 12 ਨੂੰ ਬਾਹਰ ਕਰ ਦੇਵੇਗਾ।***

## ਸੰਘੀ ਢਾਂਚੇ ਵਿਚ ਨੀਤੀ ਆਯੋਗ : ਅਹਿਮ ਮੁੱਦੇ

ਇਹ ਮੰਨਣਾ ਪਵੇਗਾ ਕਿ ਯੋਜਨਾ ਆਯੋਗ ਵੱਡ ਆਕਾਰੀ ਅਤੇ ਆਲੋਚਨਾਤਮਕ ਨੀਤੀ ਸਲਾਹਕਾਰੀ ਤੋਂ ਸੱਖਣਾ ਹੋਣ ਦੇ ਬਾਵਜੂਦ ਰਾਸ਼ਟਰ ਲਈ ਕੁਝ ਪੱਖਾਂ ਤੋਂ ਚੰਗਾ ਯੋਗਦਾਨ ਪਾ ਸਕਿਆ। ਸੁਧਾਰ ਅਤੇ ਮੁੜ ਸੰਰਚਨਾ ਦੀ ਕੋਈ ਵੀ ਕਾਰਵਾਈ ਉਨ੍ਹਾਂ ਨੁਕਤਿਆਂ ਤੋਂ ਹੀ ਆਰੰਭ ਕੀਤੀ ਜਾਣੀ ਚਾਹੀਦੀ ਹੈ। ਸਭ ਤੋਂ ਪਹਿਲੀ ਗੱਲ ਇਹ ਕਿ ਇਸ ਨੇ ਵੇਰਵਾਗਤ ਜਾਇਜ਼ਿਆਂ ਅਤੇ ਅਧਿਐਨਾਂ ਤੋਂ ਬਾਅਦ ਮਾਲੀ ਵਿਕਾਸ ਲਈ ਪੰਜ ਸਾਲਾ ਯੋਜਨਾਵਾਂ ਦਾ ਖ਼ਾਕਾ ਤਿਆਰ ਕੀਤਾ ਅਤੇ ਆਰਥਿਕਤਾ ਅਤੇ ਰਾਸ਼ਟਰ ਲਈ ਦੀਰਘ-ਮੁਖੀ ਆਰਥਿਕ ਟੀਚੇ ਅਤੇ ਆਰਥਿਕ ਰਣਨੀਤੀਆਂ ਤਿਆਰ ਕੀਤੀਆਂ। ਇਸ ਅਮਲ ਨੂੰ ਭਵਿੱਖ ਵਿਚ ਕਿਵੇਂ ਅੱਗੇ ਤੋਰਿਆ ਜਾਣਾ ਹੈ, ਇਸ ਬਾਰੇ ਫ਼ੈਸਲਾ ਹੁਣ ਨੀਤੀ ਆਯੋਗ ਕਰੇਗਾ। ਦੂਜਾ, ਭਾਰਤੀ ਸੰਵਿਧਾਨ 'ਤੇ ਆਧਾਰਿਤ ਸੰਘੀ ਗਣਰਾਜ ਦੇ ਲਗਭਗ ਆਰੰਭ ਤੋਂ ਹੀ ਯੋਜਨਾ ਆਯੋਗ ਨੂੰ ਕਾਇਮ ਕਰ ਕੇ ਸਰਗਰਮ ਕਰ ਦਿਤਾ ਗਿਆ ਸੀ। ਸੰਵਿਧਾਨ ਦੀ ਧਾਰਾ 280 ਤਹਿਤ ਕੇਂਦਰੀ ਵਿੱਤੀ ਆਯੋਗ ਦੀ ਸਥਾਪਨਾ ਵੀ ਲਾਜ਼ਮੀ ਸੀ ਕਿਉਂਕਿ ਕੇਂਦਰ ਤੇ ਰਾਜਾਂ ਦੇ ਮਾਲੀਏ ਅਤੇ ਖਰਚਾ ਜ਼ਿੰਮੇਵਾਰੀਆਂ ਅਲਗ-ਅਲਗ ਤਰ੍ਹਾਂ ਦੀਆਂ ਸਨ। ਯੋਜਨਾ ਆਯੋਗ ਨੇ ਵੰਡ ਕਾਰਜ ਦਾ ਨਮੂਨਾ ਧਾਰਾ 282 ਦੀ ਵਾਧੂ

ਕਰਾਰ ਦਿਤੇ ਪ੍ਰਬੰਧ ਤੋਂ ਲਿਆ ਜਿਸ ਵਿਚ ਕਿਸੇ ਵਿਸ਼ੇਸ਼ ਸਥਿਤੀ ਦੇ ਬਣਨ ਤੇ ਜਨਤਕ ਉਦੇਸ਼ਾਂ ਲਈ ਵੰਡ ਜਾਰੀ ਕਰਨ ਦੀ ਗੱਲ ਕਹੀ ਗਈ ਸੀ। ਯਕੀਨਨ ਇਹ ਪੂਰੀ ਤਰ੍ਹਾਂ ਸੰਵਿਧਾਨਿਕ ਸੰਸਥਾ ਨਹੀਂ ਸੀ। ਸਕੀਮ ਮੁਤਾਬਕ ਰਕਮਾਂ ਜਾਰੀ ਕੀਤੇ ਜਾਣ ਤੋਂ ਸ਼ੁਰੂ ਕਰ ਕੇ 1969 ਤੋਂ ਇਸ ਨੂੰ ਫਾਰਮੂਲੇ 'ਤੇ ਆਧਾਰਿਤ ਕਰ ਦਿਤਾ ਗਿਆ। ਉਸ ਸਮੇਂ ਦੇ ਡਿਪਟੀ ਚੇਅਰਮੈਨ ਡੀ.ਆਰ.ਗਾਡਗਿਲ ਦੇ ਨਾਂ 'ਤੇ ਸ਼ੁਰੂ ਕੀਤੇ ਇਸ ਫਾਰਮੂਲੇ, ਜਿਸ ਨੂੰ ਕਈ ਵਾਰ ਬਦਲਿਆ ਗਿਆ, ਵਿਚ ਕੇਂਦਰ ਦੀ ਮਨਮਰਜ਼ੀ ਲਈ ਵੱਡੀ ਰਾਹਦਾਰੀ ਹੋਣ ਕਾਰਨ ਰਾਜਾਂ ਨੇ ਇਸ ਦਾ ਵਿਰੋਧ ਕੀਤਾ। 73ਵੀਂ ਅਤੇ 74ਵੀਂ ਸੰਵਿਧਨਕ ਸੋਧ ਤੋਂ ਬਾਅਦ ਧਾਰਾ 243 ਆਈ ਅਤੇ 243 ਵਾਈ ਜੋੜ ਕੇ ਕੇਂਦਰੀ ਵਿੱਤ ਕਮਿਸ਼ਨ ਦੀ ਤਰਜ਼ 'ਤੇ ਹੀ ਹੁਣ ਰਾਜ ਦੇ ਹੇਠਲੇ ਪੱਧਰ 'ਤੇ ਅਸੰਤੁਲਿਤ ਪੱਖਾਂ ਨੂੰ ਸੰਤੁਲਿਤ ਕਰਨ ਲਈ ਰਾਜ ਵਿੱਤ ਕਮਿਸ਼ਨਾਂ ਦਾ ਪ੍ਰਬੰਧ ਕਾਇਮ ਕੀਤਾ ਗਿਆ। ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ 73ਵੀਂ/74ਵੀਂ ਸੋਧ ਦੇ ਨਾਲ ਧਾਰਾ 280 ਵਿਚ ਵੀ ਬਦਲਾਅ ਕੀਤਾ ਗਿਆ ਜਿਸ ਰਾਹੀਂ ਰਾਜ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਦੇ ਵਸੀਲਿਆਂ ਦੀ ਪੂਰਤੀ ਲਈ ਕੇਂਦਰੀ ਕਮਿਸ਼ਨ ਨੂੰ ਵਿੱਤੀ ਮਦਦ ਲਈ ਕਿਹਾ ਗਿਆ ਸੀ। ਤੀਜਾ, ਯੋਜਨਾ ਆਯੋਗ ਨੇ ਵਿਸ਼ੇਸ਼ ਨੀਤੀਆਂ ਬਣਾਉਣ ਅਤੇ ਪ੍ਰਜੈਕਟ ਜਾਇਜ਼ੇ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਜੇ ਨੀਤੀ ਆਯੋਗ ਇਕ 'ਸੋਚਵਾਨ ਯੋਜਨਾਕਾਰ' ਦੀ ਭੂਮਿਕਾ ਨਿਭਾਏਗਾ ਤਾਂ ਇਸ ਨੂੰ ਇਸ ਪੱਖ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਸ ਨੂੰ ਕਿ ਮਿਆਰੀ ਖੋਜ ਅਤੇ ਵਿਚਾਰ-ਵਟਾਂਦਰੇ ਨਾਲ ਮਜ਼ਬੂਤੀ ਮਿਲੇਗੀ। ਇਕੱਲਿਆਂ ਆਪਣੇ ਆਪ ਇਹ ਕੁਝ ਮਹੱਤਵਪੂਰਨ ਨਹੀਂ ਕਰ ਸਕੇਗਾ।

## ਮੂਲ ਪੱਧਰ ਤੋਂ ਯੋਜਨਾਬੰਦੀ ਵਲ ਕਦਮ

ਭਾਵੇਂ ਨੀਤੀ ਆਯੋਗ ਦਾ ਕੋਈ ਸਪੱਸ਼ਟ ਨੀਤੀਗਤ ਮੁਹਾਂਦਰਾ ਅਜੇ ਸਪੱਸ਼ਟ ਨਹੀਂ ਹੋਇਆ ਪਰ ਇਸ ਗੱਲ ਦੇ ਕਾਫ਼ੀ ਸੰਕੇਤ ਮਿਲਦੇ ਹਨ ਕਿ ਇਹ ਭਾਰਤ ਵਿਚ ਮੂਲ ਪੱਧਰ ਤੋਂ ਯੋਜਨਾਬੰਦੀ ਦੀ ਲੋੜ ਮਹਿਸੂਸ ਕਰਦਾ ਹੈ। ਧਾਰਾ 243 ਜੀ, 243 ਡਬਲਯੂ ਅਤੇ 243 ਜ਼ੈੱਡ ਡੀ ਅਤੇ 243 ਜ਼ੈੱਡ ਈ ਲਾਜ਼ਮੀ ਤੌਰ ਤੇ ਹੇਠਲੇ ਪੱਧਰ ਤੋਂ ਯੋਜਨਾਬੰਦੀ ਦੀ ਗੱਲ ਕਰਦੀ ਹੈ। 243 ਜੀ ਅਤੇ 243 ਡਬਲਯੂ ਮੁਤਾਬਕ ਪੇਂਡੂ ਅਤੇ ਸ਼ਹਿਰੀ ਸਥਾਨਕ ਸਰਕਾਰਾਂ ਨੂੰ ਅਖ਼ਤਿਆਰਾਂ, ਜ਼ਿੰਮੇਵਾਰੀਆਂ ਨਾਲ ਭਰਪੂਰ ਕਰਨਾ ਹੋਵੇਗਾ ਤਾਂ ਜੋ ਉਹ ਸਵੈ-ਸ਼ਾਸਨ ਵਾਲੇ ਅਦਾਰੇ ਵਜੋਂ ਕੰਮ ਕਰਨ ਅਤੇ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਲਈ ਯੋਜਨਾਵਾਂ ਤਿਆਰ ਕਰ ਸਕਣ ਤੇ ਤਜਵੀਜ਼ਸ਼ੁਦਾ ਸਕੀਮਾਂ ਨੂੰ ਲਾਗੂ ਕਰ ਸਕਣ। ਧਾਰਾ 243 ਜ਼ੈੱਡ ਡੀ ਹਰ ਰਾਜ ਲਈ ਜ਼ਿਲ੍ਹਾ ਯੋਜਨਾ ਕਮੇਟੀਆਂ ਅਤੇ ਮਹਾਂਨਗਰਾਂ ਲਈ ਮਹਾਂਨਗਰ ਯੋਜਨਾ ਕਮੇਟੀਆਂ ਬਣਾਉਣਾ ਲਾਜ਼ਮੀ ਦੱਸਦੀ ਹੈ। ਇਹ ਜ਼ਿਲ੍ਹਾ ਯੋਜਨਾ ਕਮੇਟੀ ਦੀ ਜ਼ਿੰਮੇਵਾਰੀ ਹੈ ਕਿ ਉਹ ਜ਼ਿਲ੍ਹੇ ਦੀਆਂ ਪੰਚਾਇਤਾਂ ਅਤੇ ਨਗਰਪਾਲਿਕਾਵਾਂ ਦੀਆਂ ਯੋਜਨਾਵਾਂ ਨੂੰ ਸੰਗਠਿਤ ਕਰ ਕੇ ਪੂਰੇ ਜ਼ਿਲ੍ਹੇ ਲਈ ਢੁਕਵੀਂ ਸੰਤੁਲਿਤ ਯੋਜਨਾਬੰਦੀ ਕਰੇ ਅਤੇ ਉਸ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਯੋਜਨਾ ਦਾ ਖਰੜਾ ਤਿਆਰ ਕਰਦਿਆਂ ਸੰਗਠਿਤ ਸਥਾਨਕ ਯੋਜਨਾਬੰਦੀ ਅਤੇ ਕੁਦਰਤੀ ਸਰੋਤਾਂ ਦੀ ਕੁਸ਼ਲ ਸਾਂਭ-ਸੰਭਾਲ ਦਾ ਧਿਆਨ ਕਰੇ। ਖਰੜੇ ਦੇ ਰੂਪ ਵਿਚ ਇਸ ਦੇ ਅਮਲੀਕਰਨ ਦੀ ਸਫਲਤਾ ਨੂੰ ਰਾਜਾਂ ਅਤੇ ਸਥਾਨਕ ਸ਼ਾਸਨ ਦੇ ਪੱਧਰਾਂ 'ਤੇ ਸੰਸਥਾਗਤ ਅਤੇ ਹੋਰ ਢੁਕਵੇਂ ਉਪਾਅ ਨਾਲ ਪਰਖ ਲਿਆ ਜਾਵੇ।

ਦੇਸ਼ ਵਿਚ ਕੁੱਲ ਢਾਈ ਲੱਖ ਪੰਚਾਇਤੀ ਰਾਜ ਸੰਸਥਾਵਾਂ ਅਤੇ 3842 ਸ਼ਹਿਰੀ ਸਥਾਨਕ ਸਰਕਾਰਾਂ ਹਨ ਜਿਨ੍ਹਾਂ ਦੀ ਕੁੱਲ ਮਿਲਾ ਕੇ 3 ਮਿਲੀਅਨ ਦੀ ਨੁਮਾਇੰਦਗੀ ਬਣਦੀ ਹੈ। ਇਹ ਨਿਵੇਕਲਾ ਲੋਕਰਾਜੀ ਆਧਾਰ ਹੈ ਜਿਸ ਦੀ ਕਿਤੇ ਹੋਰ ਉਦਾਹਰਣ ਨਹੀਂ ਮਿਲਦੀ। ਇਸੇ ਕਾਰਨ ਹੇਠਲੇ ਪੱਧਰ ਤੋਂ ਯੋਜਨਾਬੰਦੀ ਨੂੰ ਰਾਸ਼ਟਰੀ ਟੀਚਾ ਮਿਥ ਕੇ ਚਲਣ ਦੀ ਲੋੜ ਹੈ। ਦੇਸ਼ ਵਿਚਲੀ ਹੇਠਲੇ ਪੱਧਰ ਤੋਂ ਯੋਜਨਾਬੰਦੀ ਦੀਆਂ ਮਿਸਾਲਾਂ ਗ੍ਰਾਮ ਸਭਾ, ਜ਼ਿਲ੍ਹਾ ਯੋਜਨਾ ਕਮੇਟੀਆਂ, ਰਾਜ ਵਿੱਤ ਕਮਿਸ਼ਨ ਹਨ ਅਤੇ ਹੋਰ ਵੀ ਅਜਿਹੇ ਮੌਕੇ ਲੱਭੇ ਜਾਣੇ ਚਾਹੀਦੇ ਹਨ ਜਿਥੇ ਲੋਕਾਂ ਦੀ ਸ਼ਮੂਲੀਅਤ ਨਾਲ ਮੌਜੂਦਾ ਯੋਜਨਾਬੰਦੀ ਢਾਂਚਾ ਸਹੀ ਉਦੇਸ਼ ਵਲ ਚਲ ਸਕੇ। ਕੇਰਲ ਵਰਗੇ ਰਾਜ ਨੇ ਦਿਖਾ ਦਿਤਾ ਹੈ ਕਿ ਜੇ ਸਿਆਸੀ ਇੱਛਾ ਸ਼ਕਤੀ ਹੋਵੇ ਤਾਂ ਸਥਾਨਕ ਲੋਕ ਰਾਜ ਆ ਸਕਦਾ ਹੈ। ਲੋਕਾਂ ਦੀ ਸ਼ਮੂਲੀਅਤ ਅਤੇ ਜਾਗਰੂਕਤਾ ਲਈ ਹੇਠਲੇ ਪੱਧਰ ਤੋਂ ਯੋਜਨਾਬੰਦੀ ਦੇ ਰੁਝਾਨ ਨੂੰ ਪਹਿਲਾਂ ਮੁਹਿੰਮ ਵਾਂਗ ਆਰੰਭਿਆ ਗਿਆ ਪਰ ਬਾਅਦ ਵਿਚ ਨਾਲ ਦੀ ਨਾਲ ਕੰਮ ਕਰ ਰਹੀ ਸੇਨ ਕਮੇਟੀ ਦੀ ਸਿਫ਼ਾਰਸ਼ ਤਹਿਤ ਇਸ ਨੂੰ ਸੰਸਥਾਗਤ ਰੂਪ ਵਿਚ ਚਲਾਇਆ ਗਿਆ।

***ਕੇਰਲ ਨੇ ਸ਼ਮੂਲੀਅਤ ਮੁਖੀ ਬਹੁ-ਪੜਾਵੀ ਅਮਲ ਸ਼ੁਰੂ ਕੀਤਾ ਜਿਸ ਤਹਿਤ ਗ੍ਰਾਮ ਸਭਾ ਦੇ ਪੱਧਰ ਤੋਂ ਅਸਲ ਲੋੜਾਂ ਦੀ ਸ਼ਨਾਖ਼ਤ ਅਤੇ ਜਾਇਜ਼ਾ ਲੈਂਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਦੇ ਪੱਧਰ 'ਤੇ ਇਸ ਨੂੰ ਅੰਤਿਮ ਪ੍ਰਸ਼ਾਸਨਿਕ ਪ੍ਰਵਾਨਗੀ ਦੇ ਦਿਤੀ ਜਾਂਦੀ ਹੈ ਕਿ ਹਰ ਪੰਚਾਇਤ ਅਤੇ ਨਗਰਪਾਲਿਕਾ ਨੇ ਵਿਕਾਸ ਰਿਪੋਰਟ ਦਾ ਖ਼ਾਕਾ ਤਿਆਰ ਕੀਤਾ, ਇਹ ਕੋਈ ਛੋਟੀ ਗੱਲ ਨਹੀਂ। ਇਨ੍ਹਾਂ ਵਿਕਾਸ ਰਿਪੋਰਟਾਂ ਵਿਚ ਹਰ ਇਲਾਕੇ ਦੇ ਸਰੋਤਾਂ ਦਾ ਵੇਰਵਾ ਹੁੰਦਾ ਹੈ ਅਤੇ ਵਿਕਾਸ ਸੈਮੀਨਾਰਾਂ ਰਾਹੀਂ ਲੰਮੇ ਸਮੇਂ ਦੇ ਵਿਕਾਸ ਟੀਚਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।***

ਲੋਕਾਂ ਦੀ ਯੋਜਨਾ ਮੁਹਿੰਮ ਤਹਿਤ ਗ੍ਰਾਮ ਸਭਾ ਮੈਂਬਰਾਂ, ਰਾਜਨੀਤਕ ਦਲਾਂ ਦੇ ਨੇਤਾਵਾਂ, ਸਿਵਲ ਪ੍ਰਸ਼ਾਸਕਾਂ, ਸਥਾਨਕ ਮਾਹਰਾਂ ਆਦਿ ਸਮੇਤ ਲਗਭਗ ਪੰਜ ਲੱਖ ਲੋਕਾਂ ਨੇ ਵਿਕਾਸ ਸੈਮੀਨਾਰਾਂ ਵਿਚ ਹਿੱਸਾ ਲਿਆ ਜੋ ਕਿ ਇਕ ਵਿਕੇਂਦਰੀਕ੍ਰਿਤ ਲੋਕਰਾਜੀ ਢਾਂਚੇ ਵਿਚ ਲੋਕਾਂ ਦੀ ਭਾਈਵਾਲੀ ਅਤੇ ਵਿਚਾਰ-ਵਟਾਂਦਰੇ ਨਾਲ ਸਮੱਸਿਆ ਦੇ ਹੱਲ ਦੀ ਵੱਡੀ ਸੰਭਾਵਨਾ ਵੱਲ ਸੰਕੇਤ ਕਰਦੀ ਹੈ। ਇਸ ਦਾ ਯਕੀਨਨ ਇਹ ਅਰਥ ਵੀ ਨਹੀਂ ਹੈ ਕਿ ਸਾਰੇ ਵਿਕਾਸ ਸੈਮੀਨਾਰ ਸਫਲ ਰਹੇ ਅਤੇ ਵਿਕੇਂਦਰੀਕ੍ਰਿਤ ਸਕੀਮਾਂ ਵਿਚ ਕੋਈ ਉਕਾਈਆਂ ਨਹੀਂ ਸਨ। ਫਿਰ ਵੀ ਇਸ ਦਾ ਪੂਰੀ ਤਰ੍ਹਾਂ ਸੰਸਥਾਗਤ ਹੋ ਜਾਣਾ ਹੀ ਬਹੁਤ ਵੱਡੀ ਗੱਲ ਹੈ। ਰਾਜ ਯੋਜਨਾ ਬੋਰਡ ਨੇ ਯੋਜਨਾ ਮੁਹਿੰਮ ਦੇ ਸ਼ੁਰੂਆਤੀ ਦਿਨਾਂ ਦੌਰਾਨ ਮਲਿਆਲਮ ਵਿਚ ਨੇਮ ਪੁਸਤਿਕਾ ਜਾਰੀ ਕੀਤੀ ਸੀ ਅਤੇ ਲੋਕਾਂ ਨੂੰ ਯੋਜਨਾ ਪ੍ਰਜੈਕਟ ਲਈ ਹੋਰਨਾਂ ਨੂੰ ਤਿਆਰ ਕਰਨ ਵਾਸਤੇ ਮਦਦ ਦਿਤੀ ਸੀ। ਕੇਰਲ ਸਰਕਾਰ (ਜੀ ਓ ਕੇ 2009) ਦਾ ਜ਼ਿਲ੍ਹਾ ਯੋਜਨਾ ਕਾਰਜ ਵਿਧੀ ਉਪਰ ਇਕ ਲੇਖ ਹੈ ਅਤੇ ਇਸ ਦੇ ਨਾਲ ਹੀ ਰਾਜ ਦਾ

ਕੋਲੱਮ ਜ਼ਿਲ੍ਹਾ ਯੋਜਨਾ ਦਸਤਾਵੇਜ਼ ਨਵੀਂ ਸਰਕਾਰ ਵਲੋਂ ਹੇਠਲੇ ਪੱਧਰ ਤੋਂ ਯੋਜਨਾਬੰਦੀ ਦੇ ਸੰਕਲਪ ਨੂੰ ਗੰਭੀਰਤਾ ਨਾਲ ਲੈਣ ਦੀ ਸੂਰਤ ਵਿਚ ਸ਼ਾਨਦਾਰ ਸੇਧ ਮੁਹੱਈਆ ਕਰਾਉਂਦਾ ਹੈ। ਅਜਿਹੀਆਂ ਹੋਰ ਵੀ ਕੁਝ ਪਹਿਲਕਦਮੀਆਂ ਹਨ ਜਿਨ੍ਹਾਂ ਵਿਚੋਂ ਇਕ ਪੱਛਮੀ ਬੰਗਾਲ ਦੀ 2006-07 ਵਿਚ ਚੋਣਵੀਆਂ ਪੇਂਡੂ ਪੰਚਾਇਤਾਂ ਵਿਚ ਸ਼ੁਰੂ ਕੀਤੀ ਗਈ ਹੇਠਲੇ ਪੱਧਰ ਤੋਂ ਯੋਜਨਾਬੰਦੀ ਹੈ।

ਪੰਚਾਇਤੀ ਰਾਜ ਅਦਾਰਿਆਂ ਅਤੇ ਸ਼ਹਿਰੀ ਸਥਾਨਕ ਸਰਕਾਰਾਂ ਵਲੋਂ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਲਈ ਯੋਜਨਾਬੰਦੀ ਨੂੰ ਲਾਗੂ ਕਰਨ ਦੇ ਸੰਵਿਧਾਨਿਕ ਕਾਰਜ ਨੂੰ ਵੱਖਰੀ ਤਰ੍ਹਾਂ ਦੇ ਵਰਤਾਰੇ ਦੀ ਲੋੜ ਹੈ। ਇਸ ਤਰ੍ਹਾਂ ਦੀ ਯੋਜਨਾਬੰਦੀ ਵਿਆਪਕ ਧਾਰਨਾ ਵਾਲੀ ਹੁੰਦੀ ਹੈ ਅਤੇ ਵਿਭਾਗ ਪੱਧਰੀ ਸੰਕਲਪੀਕਰਨ ਅਤੇ ਉਸ ਨੂੰ ਲਾਗੂ ਕਰਨਾ ਸਹੀ ਵਤੀਰਾ ਨਹੀਂ ਹੋਵੇਗਾ। ਵਿਭਾਗੀਕਰਨ ਨੇ ਯਕੀਨਨ ਭਾਰਤ ਦਾ ਨੁਕਸਾਨ ਹੀ ਕੀਤਾ ਹੈ। ਹੇਠਲੇ ਪੱਧਰ ਦੀ ਯੋਜਨਾਬੰਦੀ ਪੂਰਨ ਰੂਪ ਵਿਚ ਅਸਰਦਾਰ ਢੰਗ ਨਾਲ ਲਾਗੂ ਕੀਤੇ ਜਾਣ ਦੇ ਬਾਵਜੂਦ ਬੇਮਤਲਬ ਹੋਵੇਗੀ ਜੇ ਪੰਚਾਇਤਾਂ ਕੋਲ ਕੇਵਲ ਸਕੀਮਾਂ ਨਾਲ ਜੁੜੇ ਫੰਡ ਹੀ ਖਰਚ ਕਰਨ ਲਈ ਹੋਣਗੇ। ਕਰਨਾਟਕ ਅਤੇ ਪੱਛਮੀ ਬੰਗਾਲ ਦੇ ਵਿਕੇਂਦਰੀਕਰਨ ਦਾ ਸਕੀਮ ਆਧਾਰਿਤ ਵਿੱਤੀ ਤਬਾਦਲਿਆਂ ਕਾਰਨ ਹੀ ਬੁਰਾ ਹਸ਼ਰ ਦੇਖਣ ਨੂੰ ਮਿਲਿਆ। ਸਥਾਨਕ ਸਰਕਾਰਾਂ ਕੋਲ ਖੁੱਲ੍ਹਾ ਪੈਸਾ ਅਤੇ ਯੋਜਨਾਬੰਦੀ ਅਤੇ ਆਪਣੀਆਂ ਤਰਜੀਹਾਂ ਤੈਅ ਕਰ ਕੇ ਚਲਣ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ।

ਨੀਤੀ ਆਯੋਗ ਤੁਰੰਤ ਇਕ ਰਾਸ਼ਟਰ ਪੱਧਰੀ ਸਥਿਤੀ ਬਾਰੇ ਰਿਪੋਰਟ ਅਧਿਐਨ ਸ਼ੁਰੂ ਕਰ ਸਕਦਾ ਹੈ, 2008 ਵਿਚ ਯੋਜਨਾ ਆਯੋਗ ਵਲੋਂ ਸੰਗਠਿਤ ਯੋਜਨਾਬੰਦੀ ਦੀ ਨੇਮ ਪੁਸਤਿਕਾ ਸਮੇਤ ਆਯੋਗ ਦੀਆਂ ਕੋਸ਼ਿਸ਼ਾਂ ਉਪਰ ਬਹਿਸ ਕਰਵਾਉਣ ਅਤੇ ਉਸ ਤੋਂ ਬਾਅਦ ਅਜਿਹਾ ਢਾਂਚਾ ਤਿਆਰ ਕਰਨ ਲਈ ਕੰਮ ਸ਼ੁਰੂ ਕਰ ਸਕਦਾ ਹੈ ਜਿਸ ਵਿਚ ਸਥਾਨਕ ਭਿੰਨਤਾਵਾਂ ਨੂੰ ਸਮੋਇਆ ਜਾ ਸਕੇ। ਜੇ ਸਾਰੇ 640 ਜ਼ਿਲ੍ਹੇ ਅੰਤ ਵਿਚ ਦਰਮਿਆਨੀ ਮਿਆਰ ਵਾਲੇ ਟੀਚਿਆਂ ਅਤੇ ਸਾਲਾਨਾ ਯੋਜਨਾਵਾਂ 'ਤੇ ਆਧਾਰਿਤ, ਲੰਮੀ ਮਿਆਦ ਦੇ ਦ੍ਰਿਸ਼ਟੀਕੋਣ ਤੋਂ, ਜ਼ਿਲ੍ਹਾ ਪੱਧਰੀ ਯੋਜਨਾਵਾਂ ਬਣਾ ਸਕਣ ਤਾਂ ਇਹ ਰਾਸ਼ਟਰੀ ਏਕਤਾ ਵਿਚ ਵੰਨਸੁਵੰਨਤਾ ਦੀ ਸ਼ਾਨਦਾਰ ਮਿਸਾਲ ਹੋਵੇਗੀ।

***ਭਾਰਤ ਵਲੋਂ ਸਥਾਨਕ ਸਰਕਾਰਾਂ ਦੇ ਪੱਧਰ 'ਤੇ ਭੌਂ-ਸਥਿਤੀ, ਮਿੱਟੀ, ਜ਼ਮੀਨ ਹੇਠਲੇ ਪਾਣੀ, ਫ਼ਸਲਾਂ, ਦਰਿਆ ਵਹਾਅ ਸਥਾਨ, ਜਲ ਵਿਭਾਜਨ ਆਦਿ 'ਤੇ ਆਧਾਰਿਤ ਅੰਕੜੇ ਇਕੱਠੇ ਕਰਨ ਵਿਚ ਚੰਗੀ ਕਾਰਗੁਜ਼ਾਰੀ ਨੂੰ ਵੇਖਦਿਆਂ ਵਿਗਿਆਨਕ ਸਥਾਨਕ ਯੋਜਨਾਬੰਦੀ ਬਹੁਤ ਮੁਸ਼ਕਿਲ ਕੰਮ ਨਹੀਂ। ਜੇ ਇਸ ਰਾਹੀਂ ਮਰਦਮਸ਼ੁਮਾਰੀ ਅਤੇ ਸਾਧਾਰਨ ਪਰਿਵਾਰ ਪੱਧਰੀ ਸਮਾਜਿਕ-ਆਰਥਿਕ ਅੰਕੜੇ ਅਤੇ ਸੂਚਨਾ ਇਕੱਤਰ ਕੀਤੀ ਜਾਵੇ ਤਾਂ ਇਹ ਹੇਠਲੇ ਪੱਧਰ ਤੋਂ ਯੋਜਨਾਬੰਦੀ ਦਾ ਮਜ਼ਬੂਤ ਆਧਾਰ ਬਣ ਸਕਦੀ ਹੈ।***

ਅਸਲ ਸਵਾਲ ਇਹ ਹੈ ਕਿ ਜ਼ਿਲ੍ਹਾ ਯੋਜਨਾ ਕਮੇਟੀਆਂ, ਜਿਵੇਂ ਕਿ ਉਹ ਇਸ ਸਮੇਂ ਕਾਰਜ ਕਰ ਰਹੀਆਂ ਹਨ, ਕੀ ਉਹ ਉਪ-ਰਾਜ ਪੱਧਰ 'ਤੇ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਦੇ ਸਕਣ ਲਈ ਸਿਆਸੀ ਕਾਨੂੰਨਨ ਅਤੇ ਤਕਨੀਕ ਪੱਖੋਂ ਅਖ਼ਤਿਆਰਾਂ ਨਾਲ ਭਰਪੂਰ ਹਨ? ਨੀਤੀ ਆਯੋਗ ਨੂੰ ਇਸ ਉਪਰ ਡੂੰਘੀ ਵਿਚਾਰ ਕਰਨ ਦੀ ਲੋੜ ਹੈ।

## ਤਬਾਦਲਾ ਪ੍ਰਬੰਧਾਂ ਨੂੰ ਤਰਕਸੰਗਤ ਬਣਾਉਣਾ

ਆਰਥਿਕ ਕਾਰਜਾਂ ਅਤੇ ਤਬਾਦਲਿਆਂ ਨੂੰ ਤਰਕਸੰਗਤ, ਕਾਰਜ-ਕੁਸ਼ਲ ਅਤੇ ਸੰਤੁਲਿਤ ਕਰਨਾ ਚੰਗੇਰੀ ਸਹਿਕਾਰਤਾ ਸੰਘੀ ਨੀਤੀ ਦੀ ਅਹਿਮ ਲੋੜ ਹੈ। ਭਾਰਤੀ ਵਿੱਤੀ ਸੰਘਵਾਦ ਦੀ ਸਭ ਤੋਂ ਵੱਡੀ ਕਮੀ ਵੱਖ-ਵੱਖ ਤਰ੍ਹਾਂ ਦੇ ਟੀਚੇ ਅਤੇ ਸਥਿਤੀਆਂ ਦੇ ਨਾਲ-ਨਾਲ ਇਸ ਦਾ ਬਹੁ-ਦਿਸ਼ਾਵੀ ਹੋਣਾ ਹੈ। ਇਸ ਕਾਰਨ ਤਰਜੀਹਾਂ ਤੈਅ ਕਰਨ ਵਿਚ ਮੁਸ਼ਕਿਲ ਹੋਈ ਹੈ ਅਤੇ ਲੋੜੀਂਦੇ ਸਪੱਸ਼ਟ ਨਤੀਜੇ ਨਹੀਂ ਮਿਲੇ। ਯੋਜਨਾ ਆਯੋਗ ਦੇ 'ਵੰਡਣਸ਼ੀਲ ਕਾਰਜਾਂ' ਨੂੰ ਭੰਗ ਕਰਨ ਨਾਲ ਮੁਸ਼ਕਿਲ ਦਾ ਹੱਲ ਨਹੀਂ ਹੋਵੇਗਾ। ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਦਾ ਕੁੱਲ ਬਜਟ ਪ੍ਰਤਿਸ਼ਤ ਵਿਚ ਹਿੱਸਾ ਲਗਾਤਾਰ ਵਧਦਾ ਆ ਰਿਹਾ ਹੈ। ਬੀ.ਕੇ. ਚਤੁਰਵੇਦੀ ਕਮੇਟੀ (2011) ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਇਸ ਵਿਚ ਕਮੀ ਆਉਣ ਦੇ ਬਾਵਜੂਦ ਅੱਜ ਵੀ ਇਸ ਦੀ ਵੱਡੀ ਮੌਜੂਦਗੀ ਹੈ। ਇਨ੍ਹਾਂ ਮੁੱਦਿਆਂ ਨਾਲ ਕਿਵੇਂ ਨਜਿੱਠਿਆ ਜਾਵੇਗਾ ਅਤੇ ਕਿਵੇਂ ਅਮਲੀ ਤਬਾਦਲਾ ਪ੍ਰਬੰਧਾਂ ਦਾ ਹਿੱਸਾ ਬਣਾਇਆ ਜਾਵੇਗਾ, ਦੇਸ਼ ਵਿਚ ਵਧੇਰੇ ਸਾਵਾਂ ਅਤੇ ਤਰਕਸੰਗਤ ਤਬਾਦਲਾ ਪ੍ਰਣਾਲੀ ਕਾਇਮ ਕਰਨ ਲਈ ਇਹ ਗੱਲ ਬਹੁਤ ਜ਼ਰੂਰੀ ਹੈ। ਕੇਂਦਰੀ ਸਹਾਇਤਾ ਹਾਸਿਲ ਸਕੀਮਾਂ ਵਿਚ ਰਾਜਾਂ ਵਲੋਂ ਆਰਥਿਕ ਹਿੱਸਾ ਪਾਉਣ ਦੀ ਪਿਰਤ ਨੇ ਉਨ੍ਹਾਂ ਦੀਆਂ ਤਰਜੀਹਾਂ ਨੂੰ ਵੱਡੀ ਢਾਹ ਲਾਈ ਹੈ। ਕੇਰਲ ਰਾਜ ਨੂੰ ਸਿਹਤ, ਸਿੱਖਿਆ ਅਤੇ ਸਮਾਜਿਕ ਪ੍ਰਾਪਤੀਆਂ ਨਾਲ ਜੋੜ ਦੇਣਾ ਅਤੇ ਝਾਰਖੰਡ ਅਤੇ ਓਡੀਸ਼ਾ ਜਿਹੇ ਪਛੜੇ ਖੇਤਰਾਂ ਨੂੰ ਸਰਬ-ਭਾਰਤੀ ਸਥਿਤੀਆਂ ਦੇ ਸਿੱਧ ਪੱਧਰੇ ਫਾਰਮੂਲੇ ਨਾਲ ਜੋੜ ਦੇਣਾ ਅਤੇ ਸਭ ਤੋਂ ਉਪਰ ਸਕੀਮਾਂ ਦਾ ਇਕਵੱਲਾ ਐਲਾਨ ਅਤੇ ਫਿਰ ਰਾਜਾਂ ਉਪਰ ਉਨ੍ਹਾਂ ਨੂੰ ਠੋਸਿਆ ਜਾਣਾ (ਅਜਿਹਾ ਹਰ ਐਲਾਨ ਸਹਿਕਾਰਤਾ ਸੰਘਵਾਦ ਦੇ ਢਾਂਚੇ ਲਈ ਮਾਰੂ ਮਿਸਾਇਲ ਦਾ ਕੰਮ ਕਰਦਾ ਹੈ) ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਨਾਲ ਲੋਹਾ ਲੈਣਾ ਪਵੇਗਾ।

ਭਾਰਤ ਦੁਨੀਆਂ ਦਾ ਸਭ ਤੋਂ ਵੱਧ ਆਰਥਿਕ ਰੂਪ ਵਿਚ ਕੇਂਦਰੀਕ੍ਰਿਤ ਦੇਸ਼ ਹੈ। ਚੀਨ ਦੀ ਸਰਕਾਰ ਭਾਰਤ ਨਾਲੋਂ ਕਿਤੇ ਵੱਧ ਵਿਕੇਂਦਰੀਕ੍ਰਿਤ ਹੈ। ਤਬਾਦਲਾ ਪ੍ਰਬੰਧਾਂ ਦੇ ਇਤਿਹਾਸ ਨੂੰ ਦੇਖਦਿਆਂ, ਕੀ ਇਸ ਦੇਸ਼ ਦੇ ਅਸੰਤੁਲਨਾਂ ਦਾ ਬੋਝ ਕੇਵਲ ਕੇਂਦਰੀ ਆਰਥਿਕ ਕਮਿਸ਼ਨ ਦੇ ਮੋਢਿਆਂ 'ਤੇ ਸੁੱਟਿਆ ਜਾਣਾ ਠੀਕ ਹੋਵੇਗਾ? ਇਹ ਬਹੁਤ ਜ਼ਰੂਰੀ ਹੈ ਕਿ ਇਸ ਗੱਲ ਦੀ ਪੜਚੋਲ ਕੀਤੀ ਜਾਵੇ ਕਿ ਕੀ ਇਸ ਸਮੇਂ ਦੌਰਾਨ ਭਾਰਤ ਵਿਕਾਸ ਵਿਚ ਸੰਯੁਕਤੀ ਵੱਲ ਵਧ ਰਿਹਾ ਸੀ ਜਾਂ ਵਿਯੁਕਤੀ ਵੱਲ? ਨੀਤੀ ਆਯੋਗ ਦੇ ਨਵੇਂ ਉਪ-ਪ੍ਰਧਾਨ ਅਰਵਿੰਦ ਪਾਨਾਗੜ੍ਹਿਆ ਨੂੰ ਇਸ ਬਾਰੇ ਅਧਿਐਨ ਕਰਵਾਉਣਾ ਚਾਹੀਦਾ ਹੈ। ਯਕੀਨਨ ਸੂਝਵਾਨ ਟੋਲੀ ਕੋਰੀਆਂ ਧਾਰਨਾਵਾਂ ਨੂੰ ਲੈ ਕੇ ਕੰਮ ਨਹੀਂ ਕਰ ਸਕਦੀ। ਆਜ਼ਾਦੀ ਦੇ 68 ਵਰ੍ਹਿਆਂ ਤੋਂ ਬਾਅਦ ਵੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸਵੱਛ ਭਾਰਤ ਮੁਹਿੰਮ ਦੇ ਹਿੱਸੇ ਵਜੋਂ ਹੱਥ ਵਿਚ ਝਾੜੂ ਫੜ ਕੇ ਗਲੀਆਂ ਸਾਫ਼ ਕਰਨੀਆਂ ਵਿਕਾਸ ਦੇ ਪਹਿਲਾਂ ਕਿਆਸੇ ਗਏ ਸੰਕਲਪ ਦੇ ਉਲਟ,

***ਬਾਕੀ ਸਫ਼ਾ 10 ਉੱਤੇ***

# ਨੀਤੀ ਆਯੋਗ ਤੇ ਭਾਰਤੀ ਵਿੱਤੀ ਸੰਘਵਾਦ

ਨਿਰਵਿਕਾਰ ਸਿੰਘ

ਮਈ 2014 ਵਿਚ ਕਾਇਮ ਹੋਈ ਮੌਜੂਦਾ ਕੇਂਦਰੀ ਸਰਕਾਰ ਨੇ ਉੱਚੇ ਰਸੂਖ ਵਾਲੇ ਯੋਜਨਾ ਆਯੋਗ ਨੂੰ ਬੰਦ ਕਰ ਕੇ ਸੰਭਾਵਨਾਵਾਂ ਦੇ ਪੱਖ ਤੋਂ ਮਹੱਤਵਪੂਰਨ ਕੰਮ ਕੀਤਾ ਹੈ। ਇਸ ਕਾਰਵਾਈ ਦਾ ਮੁੱਖ ਉਦੇਸ਼ ਆਰਥਿਕ ਵਿਕਾਸ ਦੀ ਪ੍ਰਕਿਰਿਆ ਵਿਚ ਰਾਜਾਂ ਦੀ ਭੂਮਿਕਾ ਨੂੰ ਮਜ਼ਬੂਤ ਕਰਨਾ ਹੈ। ਨਵੇਂ ਕਾਇਮ ਕੀਤੇ ਨੀਤੀ ਆਯੋਗ ਵਿਚ ਰਾਜਾਂ ਦੀ ਵਧੇਰੇ ਪ੍ਰਤਿਨਿਧਤਾ ਹੈ ਵੀ, ਪਰ ਅਸਲ ਬਦਲਾਅ ਦਾ ਸਰੋਤ ਰਾਜਾਂ ਵੱਲ ਕੇਂਦਰ ਤਬਾਦਲਿਆਂ ਦੇ ਢੰਗ 'ਤੇ ਨਿਰਭਰ ਕਰੇਗਾ। ਇਸ ਅਮਲ ਨੂੰ ਅਜਿਹੇ ਢੰਗ ਨਾਲ ਸਿਰੇ ਚਾੜ੍ਹਨਾ ਹੋਵੇਗਾ ਕਿ ਰਾਜਾਂ ਦੇ ਲਚਕੀਲੇਪਨ ਅਤੇ ਨਿਯੰਤ੍ਰਣ ਵਿਚ ਵਾਧਾ ਹੋਵੇ ਪਰ ਨਾਲ ਦੀ ਨਾਲ ਉਨ੍ਹਾਂ ਦੀ ਜਵਾਬਦੇਹੀ, ਸਰਲਤਾ, ਸਮਾਂ-ਸੀਮਾ, ਪਾਰਦਰਸ਼ਤਾ ਵਿਚ ਵੀ ਇਜ਼ਾਫ਼ਾ ਹੋਵੇ। ਕੇਂਦਰ-ਰਾਜ ਤਬਾਦਲਿਆਂ ਦੀ ਨਿਗਰਾਨੀ ਅਤੇ ਜਾਇਜ਼ੇ ਆਦਿ ਵਿਚ ਵੀ ਸੁਧਾਰ ਦੀ ਲੋੜ ਹੈ। ਉਨ੍ਹਾਂ ਮੂਲ ਬਦਲਾਵਾਂ ਤੋਂ ਬਿਨਾਂ, ਮਾਹਿਰ ਵਿਚਾਰਕਾਂ ਦੀ ਨਵੀਂ ਟੋਲੀ ਅਤੇ ਸਹਿਕਾਰਤਾ ਸੰਘਵਾਦ ਦੇ ਦਾਅਵੇ ਭਾਰਤ ਦੇ ਆਰਥਿਕ ਵਿਕਾਸ ਵਿਚ ਵੱਡੀ ਉਸਾਰੂ ਤਬਦੀਲੀ ਨਹੀਂ ਲਿਆ ਸਕਣਗੇ।

ਸੰਘੀ ਪ੍ਰਣਾਲੀ ਲਈ ਹੇਠਾਂ ਤੋਂ ਉੱਪਰ ਤਕ ਵਿੱਤੀ ਤਬਾਦਲੇ ਕਰਨਾ ਸੁਭਾਵਕ ਗੱਲ ਹੈ। ਕੇਂਦਰੀ ਸਰਕਾਰ ਕੋਲ ਕਰ ਰਾਹੀਂ ਧਨ ਇਕੱਤਰ ਕਰਨ ਦਾ ਅਧਿਕਾਰ ਅਤੇ ਲਾਭ ਹੈ ਜਦ ਕਿ ਰਾਜ ਅਤੇ ਸਥਾਨਕ ਸਰਕਾਰਾਂ ਜਨਤਕ ਸਾਜ਼-ਸਾਮਾਨ ਅਤੇ ਸੇਵਾਵਾਂ ਉਪਰ ਖਰਚੇ ਕਰਨ ਦਾ ਅਧਿਕਾਰ ਰੱਖਦੀਆਂ ਹਨ। ਭਾਰਤ ਨੇ ਕਰ ਪ੍ਰਣਾਲੀ ਦੀ ਕਾਰਜ ਕੁਸ਼ਲਤਾ ਵਿਚ ਸੁਧਾਰ ਦੀ ਵੱਡੀ ਮੱਲ ਮਾਰੀ ਹੈ ਅਤੇ ਇਸ ਵਿਚ ਅੱਗੋਂ ਵੀ ਸੁਧਾਰ ਕਰਦਾ ਆ ਰਿਹਾ ਹੈ, ਪਰ ਖਰਚਿਆਂ ਅਤੇ ਅੰਤਰ-ਸਰਕਾਰ ਤਬਾਦਲਿਆਂ ਦੇ ਸਿਲਸਿਲੇ ਵਿਚ ਅਜੇ ਕਾਫ਼ੀ ਸੁਧਾਰ ਦੀ ਲੋੜ ਹੈ।

ਤਬਾਦਲਿਆਂ ਦੀ ਗੱਲ ਕਰੀਏ ਤਾਂ ਇਹ ਪ੍ਰਣਾਲੀ ਜੋ ਘੱਟੋ-ਘੱਟ ਉਪ-ਰਾਸ਼ਟਰੀ ਖਰਚਿਆਂ ਲਈ ਮਦਦ ਦਿੰਦੀ ਹੈ, ਇਕੋ ਸਰੋਤ ਤੋਂ ਸਾਂਝੀ ਪਈ ਪੂੰਜੀ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੀ ਹੈ। ਇਸੇ ਗ਼ੈਰ ਕਾਰਗਰ ਰਵੱਈਏ ਦੀ ਉਦਾਹਰਣ, ਖੱਪੇ ਭਰਨ ਲਈ ਕੀਤੇ ਜਾਂਦੇ ਵਿੱਤੀ ਤਬਾਦਲੇ ਹਨ। ਦੂਜੇ ਪਾਸੇ, ਪ੍ਰਾਪਤ ਕਰਨ ਵਾਲੀਆਂ ਸਰਕਾਰਾਂ ਵਲੋਂ ਘੱਟੋ-ਘੱਟ ਖਰਚਿਆਂ ਦੀ ਲਾਗਤ ਨੂੰ ਜੋ ਤਬਾਦਲੇ ਪ੍ਰਭਾਵਤ ਨਹੀਂ ਕਰਦੇ, ਉਹ ਵਿਗਾੜ ਵੀ ਪੈਦਾ ਨਹੀਂ ਕਰਦੇ। ਇਥੇ ਸਾਨੂੰ ਦੋਹਾਂ ਟੀਚਿਆਂ, ਪਹਿਲਾ – ਜਿਥੇ ਕਿ ਉਦੇਸ਼ ਉਪ-ਰਾਸ਼ਟਰੀ ਆਰਥਿਕ ਸਮਰਥਾ ਵਧਾਉਣਾ ਹੈ ਅਤੇ ਦੂਜਾ – ਜਿਥੇ ਉਪ-ਰਾਸ਼ਟਰੀ ਅਤੇ ਰਾਸ਼ਟਰੀ ਫ਼ਾਇਦਿਆਂ ਦਰਮਿਆਨ ਵੰਡ ਹੁੰਦੀ ਹੈ। ਦੂਜੇ ਉਦੇਸ਼ ਦੀ ਇਕ ਉਦਾਹਰਣ ਵਜੋਂ ਰਾਜ ਪੱਧਰੀ ਖਰਚਿਆਂ ਵਿਚੋਂ ਰਾਜ ਦੀਆਂ ਸੀਮਾਵਾਂ ਤੋਂ ਬਾਹਰ ਉਹ ਵਿੱਤੀ ਤਬਾਦਲੇ ਨਿਆਂਸੰਗਤ ਹੋਣਗੇ ਜੋ ਉਸ ਖਰਚੇ ਦੀ ਘੱਟੋ-ਘੱਟ ਲਾਗਤ ਵਿਚ ਬਦਲਾਅ ਲਿਆਉਂਦੇ ਹਨ। ਬੇਰੀ ਵਿੰਗਾਸਟ ਅਤੇ ਸਹਿ ਲੇਖਕਾਂ ਨੇ ਵਿਕਾਸਸ਼ੀਲ ਦੇਸ਼ਾਂ ਲਈ ਇਹ ਹੋਰ ਮਹੱਤਵਪੂਰਨ ਮੁੱਦੇ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ ਜੋ ਕਿ ਮਾਲੀਏ ਬਾਰੇ ਅਥਾਰਿਟੀ ਅਤੇ ਵੰਡ ਦੇ ਅਮਲ ਨੂੰ ਚਲਾਉਣ ਵਾਲੇ ਸੰਘੀ ਅਦਾਰਿਆਂ ਦੇ ਵਿਕਾਸ ਪ੍ਰਭਾਵਾਂ ਨੂੰ ਸਾਹਮਣੇ ਰੱਖਦਾ ਹੈ। ਅਤਿ ਸਾਧਾਰਨੀਕਰਨ ਦਾ ਜੋਖਮ ਲੈਂਦਿਆਂ ਅਸੀ ਸਪੱਸ਼ਟ ਰੂਪ ਵਿਚ ਸਵਾਲਾਂ ਦੇ ਦੋ ਖੇਤਰ ਸਾਹਮਣੇ ਲਿਆ ਸਕਦੇ ਹਾਂ। ਪਹਿਲਾ, ਮਾਨਕੀਕ੍ਰਿਤ ਜਨਤਕ ਵੰਡਾਂ ਬਾਰੇ ਸਵਾਲ ਜੋ ਉਪ-ਰਾਸ਼ਟਰੀ ਹਲਕੇ ਦੀ ਆਮਦਨ ਨੂੰ ਜਿਉਂ ਦੀ ਤਿਉਂ ਲੈ ਕੇ, ਕਰਾਂ ਤੋਂ ਆਮਦਨ ਦੀ ਵੰਡ ਅਤੇ ਤਬਾਦਲਿਆਂ ਦੇ ਫ਼ਾਇਦਿਆਂ ਦੇ ਪ੍ਰਭਾਵ ਨੂੰ ਵੇਖਦਾ ਹੈ। ਦੂਜਾ, ਵਿਕਾਸ ਨਜ਼ਰੀਆ ਕਰ ਆਮਦਨ ਅਤੇ ਤਬਾਦਲਾ ਪ੍ਰਣਾਲੀ ਦੇ ਫ਼ਾਇਦਿਆਂ ਉਪਰ ਪ੍ਰਭਾਵਾਂ ਨੂੰ ਆਮਦਨ ਵਧਾਉਣਾ (ਜਨਤਕ ਜਾਂ ਨਿੱਜੀ ਪੂੰਜੀਕਾਰੀ ਰਾਹੀਂ) ਦੇਖਦਾ ਹੈ।

***ਕਰੀਗਾ ਤੇ ਵਿੰਗਾਸਟ (2001) ਇਕ ਮਾਡਲ ਵਰਤਦਾ ਹੈ ਜਿਸ ਤਹਿਤ ਸਰਕਾਰੀ ਫ਼ੈਸਲੇ ਲੈਣ ਵਾਲੀਆਂ ਅਥਾਰਿਟੀਆਂ ਜਾਂ ਤਾਂ ਮਾਲਗੁਜ਼ਾਰੀ (ਚੁੰਗੀ) ਦਾ ਪ੍ਰਬੰਧ ਰੱਖ ਸਕਦੀਆਂ ਹਨ ਜਾਂ ਆਪਣੇ ਹਲਕੇ ਦੀ ਆਮਦਨ, ਭਾਵ ਆਪਣਾ ਕਰ ਆਧਾਰ ਵਧਾ ਸਕਦੀਆਂ ਹਨ। ਇਸ ਨਜ਼ਰੀਏ ਤੋਂ ਉਪ-ਰਾਸ਼ਟਰੀ ਕਰ ਆਧਾਰ ਉਪਰ ਲੱਗਣ ਵਾਲੇ ਸਾਰੇ ਕਰਾਂ ਦੀ ਘੱਟੋ-ਘੱਟ ਉਪ-ਰਾਸ਼ਟਰੀ ਟਿਕਾਅ ਧਾਰਕ ਦਰ ਸਰਗਰਮ ਹੋ ਉੱਠਦੀ ਹੈ। ਧਾਰਨਾ ਮੁਤਾਬਕ ਵਿਕਾਸ ਮੁਖੀ ਸੰਘੀ ਪ੍ਰਣਾਲੀਆਂ ਉੱਚ ਉਪ-ਰਾਸ਼ਟਰੀ ਘੱਟੋ-ਘੱਟ ਧਾਰਕ ਦਰ ਰੱਖਣਗੀਆਂ। ਭਾਰਤ ਦੇ ਮਾਮਲੇ ਵਿਚ ਇਹ ਦਲੀਲ ਵਿੱਤ ਕਮਿਸ਼ਨ ਦੇ ਤਬਾਦਲਾ ਫਾਰਮੂਲੇ, ਇਥੋਂ ਤਕ ਕਿ ਸਰਕਾਰ ਦੇ ਵੱਖ-ਵੱਖ ਪੱਧਰਾਂ ਵਿਚਕਾਰ ਕਰ ਅਥਾਰਿਟੀਆਂ ਦੇ ਵੰਡ ਸਿਲਸਿਲੇ ਵਿਚ ਬਦਲਾਅ ਦੀ ਪ੍ਰੋੜ੍ਹਤਾ ਕਰਦੀ ਹੈ ਤਾਂ ਕਿ ਹੇਠੋਂ ਉਪਰ ਤਕ ਵਿੱਤੀ ਤਬਾਦਲਿਆਂ ਦੇ ਆਕਾਰ ਵਿਚ ਕਮੀ ਹੋਵੇ। ਇਹ ਭਾਰਤ ਦੇ ਹੋਰ ਅਜਿਹੇ ਪ੍ਰਣਾਲੀਆਂ ਤੇ ਤਬਾਦਲਾ ਚੈਨਲਾਂ ਦੀ ਭੂਮਿਕਾ ਉਪਰ ਵੀ ਮੁੜ-ਵਿਚਾਰ ਦਾ ਵੀ ਸੁਝਾਅ ਦਿੰਦੀ ਹੈ।***

ਸਿੰਘ ਅਤੇ ਸ੍ਰੀਨਿਵਾਸਨ (2013) ਨੇ ਭਾਰਤੀ ਵਿੱਤੀ ਸੰਘਵਾਦ ਉਪਰ ਹੋਏ ਹਾਲੀਆ

ਵਿਚਾਰ-ਵਟਾਂਦਰੇ ਵਿਚ ਬਾਰ-ਬਾਰ ਕਿਹਾ ਹੈ ਕਿ ਵਿੱਤ ਕਮਿਸ਼ਨ, ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ) ਅਤੇ ਮੰਤਰਾਲਿਆਂ ਰਾਹੀਂ ਕੇਂਦਰ ਰਾਜ ਤਬਾਦਲਿਆਂ ਨੂੰ ਸੰਗਠਿਤ ਕਰ ਕੇ ਦੇਖਿਆ ਜਾਵੇ। ਕਈ ਵੇਰਵਿਆਂ ਨੂੰ ਛੱਡਦਿਆਂ ਅਤੇ ਸਾਧਾਰਨੀਕਰਨ ਵਿਚ ਜਾਂਦਿਆਂ ਤਿੰਨ ਤਰ੍ਹਾਂ ਦੇ ਤਬਾਦਲੇ ਮੁੱਖ ਹੁੰਦੇ ਹਨ। ਪਹਿਲਾ, ਵਿੱਤ ਕਮਿਸ਼ਨ ਵਲੋਂ ਤੈਅ ਕੀਤੇ ਅਨੁਸਾਰ ਮੌਜੂਦਾ ਮਾਲੀਏ ਤੋਂ, ਦੂਜਾ ਵਿੱਤੀ ਨਿਵੇਸ਼ ਲਈ ਪੂੰਜੀ ਤਬਾਦਲੇ (ਜੋ ਕਿ ਪਹਿਲਾਂ ਯੋਜਨਾ ਕਮਿਸ਼ਨ ਦੀ ਜ਼ਿੰਮੇਵਾਰੀ ਸੀ) ਅਤੇ ਤੀਜਾ ਉਨ੍ਹਾਂ ਉਸਾਰੂ ਬਾਹਰਲੇ ਤੱਤਾਂ ਦਾ ਅੰਦਰੂਨੀਕਰਨ ਜੋ ਇਕ ਰਾਜ ਦੀਆਂ ਵਿੱਤੀ ਕਾਰਵਾਈਆਂ ਨਾਲ ਦੂਜੇ ਰਾਜਾਂ ਜਾਂ ਪੂਰੇ ਦੇਸ਼ ਦੇ ਵਿੱਤ ਉਪਰ ਅਸਰ ਪਾਉਂਦੇ ਹੋਣ (ਇਸ ਵੇਲੇ ਕੇਂਦਰ ਦੀ ਸਹਾਇਤਾ ਪ੍ਰਾਪਤ ਸਕੀਮਾਂ)।

ਸਿੰਘ ਅਤੇ ਸ੍ਰੀਨਿਵਾਸਨ (2013) ਦੇ ਵਿਚਾਰ ਨਾਲ ਚਲਦਿਆਂ ਅਜੇ ਵੀ ਉਹ ਦਲੀਲ ਦਿਤੀ ਜਾ ਸਕਦੀ ਹੈ ਕਿ (1) ਲਾਗੂ ਕੇਂਦਰ ਕਰੇ ਜਾਂ ਰਾਜ, ਕੇਂਦਰ ਦੂਜੇ ਰਾਜਾਂ ਤਕ ਪ੍ਰਭਾਵ ਪਾਉਣ ਵਾਲੀਆਂ ਸਕੀਮਾਂ ਲਈ ਵਿੱਤੀ ਨਿਵੇਸ਼ ਅਤੇ ਉਨ੍ਹਾਂ ਨੂੰ ਚਲਾਉਣ ਲਈ ਲੋੜੀਂਦੀ ਲਾਗਤ ਦੀ ਜ਼ਿੰਮੇਵਾਰੀ ਲੈਂਦਾ ਹੈ। ਕੇਂਦਰੀ ਸਹਾਇਤਾ ਨਾਲ ਚਲ ਰਹੀਆਂ ਸਕੀਮਾਂ ਦੀ ਮੌਜੂਦਾ ਪ੍ਰਣਾਲੀ ਜਿਸ ਤਹਿਤ ਕੇਂਦਰ, ਸਕੀਮ ਦੀ ਲਾਗਤ ਤੇ ਚਲਾਉਣ ਵਿਚ ਅੰਸ਼ਿਕ ਅਤੇ ਥੋੜ੍ਹ-ਚਿਰੀ ਮਦਦ ਕਰਦਾ ਹੈ, ਜਿਸ ਦਾ ਮਾੜਾ ਪ੍ਰਭਾਵ ਇਹ ਹੈ ਕਿ ਸਕੀਮ ਸ਼ੁਰੂ ਹੋ ਕੇ ਪੂਰੀ ਤਾਂ ਹੋ ਜਾਂਦੀ ਹੈ ਪਰ ਉਸ ਤੋਂ ਬਾਅਦ ਉਸ ਦਾ ਪੂਰਾ ਉਪਯੋਗ ਨਹੀਂ ਹੁੰਦਾ। ਰਾਜਾਂ ਵਲੋਂ ਉਨ੍ਹਾਂ ਦੀ ਸਪੁਰਦਗੀ ਵਿਚ ਚਲੇ ਜਾਣ ਤੋਂ ਬਾਅਦ ਉਨ੍ਹਾਂ ਸਕੀਮਾਂ ਨੂੰ ਚਲਾਈ ਰੱਖਣ ਲਈ ਲੋੜੀਂਦੀ ਮਾਲੀ ਮਦਦ ਨਹੀਂ ਦਿਤੀ ਜਾਂਦੀ। ਕੇਂਦਰ ਵਲੋਂ ਇਹ ਜ਼ਿੰਮੇਵਾਰੀ ਆਪਣੇ ਸਿਰ ਲੈਣ ਨਾਲ ਸਕੀਮਾਂ ਦੇ ਇੰਝ ਅਜਾਈਂ ਚਲੇ ਜਾਣ ਉਪਰ ਰੋਕ ਲੱਗੇਗੀ। (2) ਨੀਤੀ ਆਯੋਗ ਕੇਂਦਰ ਅਤੇ ਰਾਜਾਂ ਦੋਹਾਂ ਲਈ ਜਨਤਕ ਪੂੰਜੀਕਾਰੀ ਲਈ ਫ਼ੰਡ ਵਜੋਂ ਕੰਮ ਕਰਦਾ ਹੈ। ਇਸ ਦੇ ਹਿੱਸੇ ਪੂੰਜੀ ਭਾਈਵਾਲ ਵੀ ਰਾਜ ਅਤੇ ਕੇਂਦਰ ਸਰਕਾਰ ਹੋਣਗੇ। ਫ਼ੰਡ ਜੋ ਕਿ ਕਿਸੇ ਬਹੁ-ਪੱਖੀ ਵਿਕਾਸ ਬੈਂਕ ਵਾਂਗ ਵਿੱਤੀ ਅਤੇ ਸਮਾਜਿਕ ਵਾਪਸੀ-ਫਲ ਅਤੇ ਤਜਵੀਜ਼ਸ਼ੁਦਾ ਮਾਲੀ ਮਦਦ (ਕੇਂਦਰ ਅਤੇ ਰਾਜ ਦੇ ਆਪਣੇ ਸਰੋਤਾਂ, ਘਰੇਲੂ ਅਤੇ ਵਿਦੇਸ਼ੀ ਸਰੋਤਾਂ ਤੋਂ ਕਰਜ਼ਾ ਅਤੇ ਪ੍ਰਸੰਗਿਕ ਹੋਣ ਦੀ ਸੂਰਤ ਵਿਚ ਕੇਂਦਰ ਤੋਂ ਪੂੰਜੀ ਤਬਾਦਲੇ) ਦੇ ਅਮਲੀ ਅਤੇ ਪਰਿਪੱਕ ਹੋਣ ਪੱਖੋਂ ਸਕੀਮ ਦਾ ਮੁੱਲੰਕਣ ਕਰੇਗਾ।

ਪਰ, ਨੀਤੀ ਆਯੋਗ ਨੂੰ ਭਾਰਤੀ ਸੰਘਵਾਦ ਦੇ ਕਈ ਹੋਰ ਢਾਂਚਿਆਂ ਉਪਰ ਵਿਚਾਰਨ ਲਈ ਆਪਣੀ ਤੈਅਸ਼ੁਦਾ ਭੂਮਿਕਾ ਤੋਂ ਬਾਹਰ ਨਿਕਲ ਕੇ ਸੋਚਣਾ ਹੋਵੇਗਾ। ਵਿੰਗਾਸਟ (1993) ਨੇ ਮੰਡੀ ਸੰਭਾਲ ਸੰਘਵਾਦ ਦਾ ਵਿਚਾਰ ਪੇਸ਼ ਕਰਦਿਆਂ ਇਸ ਨੂੰ ਹੇਠ ਲਿਖੀਆਂ ਪੰਜ ਸ਼ਰਤਾਂ ਵਿਚ ਬੰਨ੍ਹਿਆ ਹੈ :

1) ਖ਼ਾਕਾ ਤਿਆਰ ਕਰਨ ਵਾਲੀਆਂ ਅਥਾਰਿਟੀਆਂ ਨਾਲ ਸਰਕਾਰਾਂ ਦੀ ਦਰਜਾਬੰਦੀ (ਸੰਘਵਾਦ ਦਾ ਆਧਾਰ)।

2) ਉੱਪ-ਰਾਸ਼ਟਰੀ ਸਰਕਾਰਾਂ ਲਈ ਸਥਾਨਕ ਆਰਥਿਕਤਾਵਾਂ ਉਪਰ ਮੁੱਢਲਾ ਅਧਿਕਾਰ।

3) ਰਾਸ਼ਟਰੀ ਸਰਕਾਰ ਵਲੋਂ ਪ੍ਰਬੰਧਿਤ ਕੀਤੀ ਗਈ ਸਾਂਝੀ ਰਾਸ਼ਟਰੀ ਮੰਡੀ।

4) ਸਖ਼ਤ ਉਪ-ਰਾਸ਼ਟਰੀ ਸਰਕਾਰੀ ਬਜਟ ਬੰਦਿਸ਼ਾਂ।

5) ਸਿਆਸੀ ਅਥਾਰਿਟੀ ਦੀ ਸੰਸਥਾਗਤ ਵੰਡ।

ਪਹਿਲਾ, ਸਹਿਕਾਰਤਾ ਸੰਘਵਾਦ (ਵੀਰੇ, 1953), ਵਿਚ ਵੱਖ-ਵੱਖ ਉਪ-ਰਾਸ਼ਟਰੀ ਹਲਕਾਬੰਦੀਆਂ ਅਤੇ ਉਪ-ਰਾਸ਼ਟਰੀ ਅਤੇ ਰਾਸ਼ਟਰੀ ਸਰਕਾਰਾਂ ਦੇ ਮਿਲ ਕੇ ਕੰਮ ਕਰਨ ਕਾਰਨ ਦੁਵੱਲੇ ਫ਼ਾਇਦਿਆਂ 'ਤੇ ਜ਼ੋਰ ਦਿਤਾ ਜਾਂਦਾ ਸੀ। (ਰਿੱਕਰ 1964) ਨੇ ਸੰਘਾਂ ਨੂੰ ਸੰਵਿਧਾਨਕ ਸੌਦੇਬਾਜ਼ੀ ਵਜੋਂ ਕਿਆਸਿਆ ਸੀ ਜੋ ਸੁਰੱਖਿਆ ਅਤੇ ਸਥਿਰਤਾ ਵਧਾਉਣ ਲਈ ਖੜ੍ਹੇ ਕੀਤੇ ਜਾਂਦੇ ਹਨ। ਇਕ ਵਿਕਲਪੀ ਧਾਰਨਾ ਵਿਚ ਉਪ-ਰਾਸ਼ਟਰੀ ਸਰਕਾਰਾਂ ਦਰਮਿਆਨ ਮੁਕਾਬਲੇਬਾਜ਼ੀ ਦੇ ਫ਼ਾਇਦਿਆਂ 'ਤੇ ਜ਼ੋਰ ਦਿਤਾ ਗਿਆ ਹੈ। ਇਹ ਮੁਕਾਬਲਾ ਸਿਆਸੀ ਆਗੂਆਂ ਵਲੋਂ ਆਪਣੇ ਹਲਕੇ ਦੇ ਹਿੱਤ ਵਿਚ ਕਾਰਵਾਈ ਕਰਨ ਨਾਲ ਉਨ੍ਹਾਂ ਦੇ ਲਾਭਾਂ ਵਿਚ ਸੁਧਾਰ ਲਿਆ ਕੇ ਕਾਰਜ-ਕੁਸ਼ਲਤਾ ਵਧਾਉਂਦਾ ਹੈ (ਤੀਬੌਤ, 1956; ਬ੍ਰੇਨਨ ਅਤੇ ਬੁਚਨਨ, 1980, ਬ੍ਰੇਟਨ, 1995)।

ਉੱਧਰ ਬ੍ਰੇਟਨ ਨੇ ਇਹ ਵੀ ਦੱਸਿਆ ਕਿ ਸਰਕਾਰਾਂ ਦਰਮਿਆਨ ਮੁਕਾਬਲੇਬਾਜ਼ੀ ਅਸਥਿਰਤਾ ਵੀ ਲਿਆ ਸਕਦੀ ਹੈ ਜਾਂ ਅਸਾਵੇਂ ਨਤੀਜਿਆਂ ਵੱਲ ਲਿਜਾ ਸਕਦੀ ਹੈ। ਮੰਡੀ ਸੰਭਾਲ ਸੰਘਵਾਦ ਮੁਕਾਬਲੇ ਵਾਲੇ ਸੰਘਵਾਦ ਦੇ ਮੁੱਖ ਪੱਖਾਂ ਨੂੰ ਘੇਰੇ ਵਿਚ ਲੈਂਦਾ ਹੈ ਪਰ ਕਈ ਤਰੀਕਿਆਂ ਨਾਲ ਇਸ ਤੋਂ ਅੱਗੇ ਵੀ ਜਾਂਦਾ ਹੈ, ਵਿਸ਼ੇਸ਼ ਕਰਕੇ ਸਥਿਤੀਆਂ (3) ਅਤੇ (4) ਵਿਚ। ਇਸ ਦੇ ਨਾਲ ਹੀ ਸਥਿਤੀ (3) ਵਿਚ ਦੱਸੀਆਂ ਪਾਬੰਦੀਆਂ ਨੂੰ ਛੱਡ ਕੇ ਐੱਮ ਪੀ ਐੱਫ ਦਾ ਮੁਕਾਬਲੇ ਬਾਰੇ ਨਜ਼ਰੀਆ ਬ੍ਰੇਟਨ ਨਾਲੋਂ ਵਧੇਰੇ ਸੰਕੋਚ ਵਾਲਾ ਹੈ। ਇਹ ਵਿਕੇਂਦਰੀਕਰਨ ਅਤੇ ਸਰਕਾਰ ਦੀ ਨੇਮਬੰਦੀ ਵਾਲੀ ਤਾਕਤ ਦੀ ਪਾਬੰਦੀ ਦੋਹਾਂ 'ਤੇ ਜ਼ੋਰ ਦਿੰਦਾ ਹੈ। ਸਿੰਘ (2008), ਨੇ ਭਾਰਤ ਤੇ ਚੀਨ ਦੇ ਪ੍ਰਸੰਗ ਵਿਚ ਇਨ੍ਹਾਂ ਸੰਕਲਪਾਂ ਦੇ ਲਾਗੂ ਕੀਤੇ ਜਾਣ ਦੇ ਢੰਗ ਤਰੀਕਿਆਂ ਦਾ ਜ਼ਿਕਰ ਕੀਤਾ ਹੈ।

ਭਾਰਤ ਵਰਗੇ ਸੰਘੀ ਸਿਲਸਿਲੇ ਵਿਚ ਸ਼ਾਸਨ ਅਤੇ ਵਿਸ਼ੇਸ਼ਤਾਵਾਂ ਦੇ ਆਮ ਮੁੱਦੇ ਸਰਕਾਰਾਂ ਦੀ ਦਰਜੇਬੰਦੀ ਦੇ ਨੁਕਤਿਆਂ ਅਤੇ ਅਮਲੀਕਰਨ ਨਾਲ ਜਾ ਖਹਿੰਦੇ ਹਨ। ਐੱਮ ਪੀ ਐੱਫ ਦਾ ਨਜ਼ਰੀਆ ਇਹ ਹੈ ਕਿ ਬੁਨਿਆਦੀ ਚੰਗਾ ਸ਼ਾਸਨ ਦੇਣ ਦੀ ਸੂਰਤ ਵਿਚ ਮੁੱਖ ਤੌਰ ਤੇ ਮਹੱਤਵ ਵਾਲੀ ਗੱਲ ਬਾਜ਼ਾਰ ਵਿਚ ਅਕੁਸ਼ਲ ਸਰਕਾਰੀ ਦਖ਼ਲ ਉਪਰ ਪਾਬੰਦੀ ਹੈ ਅਤੇ ਸਹੀ ਭਾਂਤ ਦਾ ਸੰਘੀ ਅਦਾਰਾ ਇਸ ਟੀਚੇ ਦੀ ਪ੍ਰਾਪਤੀ ਲਈ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਸ਼ਾਸਨ ਦਾ ਖ਼ਾਸ ਭਾਂਤ ਦਾ ਵਿਕੇਂਦਰੀਕਰਨ ਬਾਜ਼ਾਰਮੁਖੀ ਸੁਧਾਰਾਂ ਦੇ ਹੱਕ ਵਿਚ ਜਾ ਸਕਦਾ ਹੈ, ਜੋ ਕਿ ਸਰਕਾਰ ਅਤੇ ਬਾਜ਼ਾਰ ਵਿਚਕਾਰ ਸੀਮਾ ਨੂੰ ਮੁੜ ਉਲੀਕਦਾ ਹੈ।

ਇਥੋਂ ਤਕ ਮੰਨਦਿਆਂ ਕਿ ਭਾਰਤ ਦੀ ਬੁਨਿਆਦੀ ਸ਼ਾਸਨ ਸਮੱਸਿਆ ਜਵਾਬਦੇਹੀ ਨੂੰ ਲੈ ਕੇ ਹੈ, ਇਹ ਦਲੀਲ ਦਿਤੀ ਜਾ ਸਕਦੀ ਹੈ (ਰਾਓ ਅਤੇ ਸਿੰਘ, 2003) ਕਿ ਭਾਰਤ ਦਾ ਕੇਂਦਰੀਕ੍ਰਿਤ ਰਵਾਇਤੀ ਜਵਾਬਦੇਹੀ ਸਿਲਸਿਲਾ ਜੋ ਕਿ ਇਕ ਦਰਜਾਬੰਦ ਨਿਯੰਤ੍ਰਣ ਅਤੇ ਨਿਗਰਾਨੀ 'ਤੇ ਨਿਰਭਰ ਕਰਦਾ ਹੈ, ਬੇਅਸਰ ਰਿਹਾ ਹੈ। ਸ਼ਾਸਨ ਦੀ ਕਾਰਜ-ਕੁਸ਼ਲਤਾ ਵਧਾਉਣ ਦੇ ਤਰੀਕੇ ਵਜੋਂ ਇਕ ਵਧੇਰੇ ਮਜ਼ਬੂਤ ਸੰਘੀ ਢਾਂਚਾ, ਜੋ ਉਪ-ਰਾਸ਼ਟਰੀ ਪੱਧਰ 'ਤੇ ਸਿਆਸੀ ਜਵਾਬਦੇਹੀ ਨੂੰ ਵਧੇਰੇ ਅਸਰਦਾਰ ਢੰਗ ਨਾਲ ਅੱਗੇ ਲੈ ਜਾਵੇ, ਉਪਰ ਵਿਚਾਰ ਕਰਨੀ ਜ਼ਰੂਰੀ ਹੈ। ਨਾਲ ਦੀ ਨਾਲ ਮੰਡੀ ਸੰਭਾਲ ਸੰਘਵਾਦ ਨਜ਼ਰੀਆ ਬਾਜ਼ਾਰ

ਦੇ ਸੰਦਰਭ ਵਿਚ ਉਪ-ਰਾਸ਼ਟਰੀ ਸਰਕਾਰਾਂ ਦੀ ਕਾਰਵਾਈ ਦੇ ਖੇਤਰ ਵਿਚ ਵਾਜਬ ਪਾਬੰਦੀਆਂ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ।

ਸਰਕਾਰ ਵਲੋਂ ਕਾਰਜ-ਕੁਸ਼ਲਤਾ ਵਿਚ ਸੁਧਾਰ ਲਈ ਵਿਕੇਂਦਰੀਕਰਨ ਦੇ ਬਾਵਜੂਦ ਕਈ ਉੱਚ ਪੱਧਰੀ ਸਰਕਾਰੀ ਅਣਦੇਖੀਆਂ ਹੋ ਜਾਂਦੀਆਂ ਹਨ।

***ਜੇ ਕੁਝ ਵਿਸ਼ੇਸ਼ ਨਿੱਜੀ ਹੱਕ ਰਾਸ਼ਟਰੀ ਪੱਧਰ 'ਤੇ ਮਹੱਤਵ ਰੱਖਦੇ ਹਨ, ਤਾਂ ਵੀ ਕੇਂਦਰੀ ਸਰਕਾਰ ਉਨ੍ਹਾਂ ਦੇ ਉਪ-ਰਾਸ਼ਟਰੀ ਪ੍ਰਬੰਧਾਂ ਦੀ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਨਿਗਰਾਨੀ ਕਰ ਸਕਦੀ ਹੈ ਕਿ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਿਸੇ ਕਿਸਮ ਦੀ ਕੋਈ ਦਖ਼ਲਅੰਦਾਜ਼ੀ ਨਾ ਹੋਵੇ। ਇਹ ਗੱਲ ਸਥਾਨਕ ਜਨਤਕ ਸਾਜ਼-ਸਾਮਾਨ ਦੇ ਖਰਚਿਆਂ ਉਪਰ ਮੁੱਢਲੇ ਨਿਯੰਤ੍ਰਣ ਤੋਂ ਬਹੁਤ ਵੱਖਰੀ ਹੈ, ਜਿਸ ਦਾ ਅਧਿਕਾਰ ਖੇਤਰ ਕੇਂਦਰ ਹੈ। ਇਸ ਲਈ ਕੁਝ ਸਰਕਾਰੀ ਅਖ਼ਤਿਆਰਾਂ ਦੇ ਵਿਕੇਂਦਰੀਕਰਨ ਦੇ ਨਾਲ ਜ਼ਰੂਰੀ ਨਹੀਂ ਕਿ ਸਥਾਨਕ ਪੱਧਰ 'ਤੇ ਵਿਸ਼ੇਸ਼ ਰਸੂਖ ਵਾਲੀ ਸਮਾਜਿਕ ਸ਼੍ਰੇਣੀ ਬਾਜ਼ਾਰ ਉਪਰ ਕਬਜ਼ਾ ਕਰ ਲਵੇ ਅਤੇ ਸ਼ੋਸ਼ਣ ਕਰੇ, ਜਿਵੇਂ ਕਿ ਆਜ਼ਾਦੀ ਤੋਂ ਬਾਅਦ ਡਰ ਸੀ ਸਿੰਘ ਅਤੇ ਸ੍ਰੀਨਿਵਾਸਨ (20-13)। ਸ਼ਾਸਨ ਵਿਚ ਸੁਧਾਰ ਦੀ ਇਸ ਸੰਭਾਵਨਾ ਨੂੰ ਸ਼ਾਸਨ ਵਿਆਪਕਤਾ ਸੰਘਵਾਦ ਦਾ ਨਾਂ ਦਿਤਾ ਹੈ।***

ਅਖੀਰ ਵਿਚ, ਨਵੇਂ ਨੀਤੀ ਆਯੋਗ ਨੂੰ ਆਪਣੀ ਭੂਮਿਕਾ ਬਹੁਤ ਧਿਆਨਪੂਰਬਕ ਪਰਿਭਾਸ਼ਿਤ ਕਰਨੀ ਹੋਵੇਗੀ ਤੇ ਨਾਲ ਦੀ ਨਾਲ ਉਸ ਨੂੰ ਭਾਰਤੀ ਆਰਥਿਕਤਾ ਵਿਚ ਆਪਣੇ ਸਿੱਧੇ ਦਖ਼ਲ ਨੂੰ ਵੀ ਸੀਮਿਤ ਕਰਨਾ ਹੈ। ਇਹ ਉਪ-ਰਾਸ਼ਟਰੀ ਸਰਕਾਰਾਂ ਲਈ ਕਰ ਅਥਾਰਿਟੀਆਂ ਉਪਰ ਮੁੜ-ਵਿਚਾਰ, ਸਾਰੇ ਪੱਧਰਾਂ 'ਤੇ ਸਰਕਾਰੀ ਖਰਚਿਆਂ ਦੀ ਕਾਰਜ-ਕੁਸ਼ਲਤਾ ਵਿਚ ਸੁਧਾਰ, ਜਿਥੇ ਸੰਭਵ ਹੈ ਵਿਕੇਂਦਰੀਕਰਨ ਅਤੇ ਅੰਤਰ-ਸਰਕਾਰੀ ਤਬਾਦਲਿਆਂ ਦੇ ਸਿਲਸਿਲੇ ਨੂੰ ਸੰਗਠਿਤ ਅਤੇ ਸੁਗਮ ਬਣਾਉਣ ਲਈ ਆਧਾਰ ਬਣ ਸਕਦਾ ਹੈ। ਇਹ ਧਾਰਨਾਗਤ ਸੁਧਾਰ ਪ੍ਰੋਗਰਾਮ ਕਾਫ਼ੀ ਉੱਚੇ ਟੀਚਿਆਂ ਵਾਲਾ ਹੈ, ਪਰ ਸ਼ਾਸਨ ਦੇ ਮਿਆਰ ਵਿਚ ਸੁਧਾਰ ਅਤੇ ਆਰਥਿਕ ਵਿਕਾਸ ਵਿਚ ਵਾਧੇ ਪੱਖੋਂ ਇਹ ਬਹੁਤ ਜ਼ਿਆਦਾ ਫ਼ਾਇਦਾ ਦੇਵੇਗਾ।

*(ਲੇਖਕ ਯੂ ਸੀ ਐੱਸ ਸੀ ਵਿਖੇ ਸਿੱਖ ਤੇ ਪੰਜਾਬੀ ਅਧਿਐਨਾਂ ਬਾਰੇ ਸਰਬਜੀਤ ਸਿੰਘ ਅਰੋੜਾ ਚੇਅਰ 'ਤੇ ਹੈ।)*

*e-mail :boxjenk@ucsc.edu*

*ਸਫ਼ਾ 7 ਦੀ ਬਾਕੀ*

ਸ਼ਰਮਨਾਕ ਗੱਲ ਲਗਦੀ ਹੈ। ਇਸ ਦੇਸ਼ ਦੀ ਕਿਸਮਤ ਨੇ ਕਿਸ ਸ਼੍ਰੇਣੀ ਦੇ ਲੋਕਾਂ ਦੀਆਂ ਤਰਜੀਹਾਂ ਮੁਤਾਬਕ ਆਕਾਰ ਲਿਆ ਹੈ, ਇਸ ਦੀ ਢੁਕਵੀਂ ਪੜਚੋਲ ਜ਼ਰੂਰੀ ਹੈ। ਪੰਚਾਇਤਾਂ ਨੂੰ ਮਜ਼ਬੂਤ ਕਰਨ ਅਤੇ 73ਵੀਂ/74ਵੀਂ ਸੋਧ ਨੂੰ ਸਹੀ ਅਰਥਾਂ ਵਿਚ ਲਾਗੂ ਕਰਨ ਲਈ ਇਹ ਜ਼ਰੂਰੀ ਹੈ ਕਿ ਮੁਢਲੇ ਤੌਰ ਤੇ ਹਰ ਨਾਗਰਿਕ ਨੂੰ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ, ਰਿਹਾਇਸ਼, ਬਿਜਲੀ, ਸੜਕੀ ਅਤੇ ਇੰਟਰਨੈੱਟ ਸੰਪਰਕ ਅਤੇ ਹੋਰ ਜਨਤਕ ਸੇਵਾਵਾਂ ਤਕ ਪਹੁੰਚ ਹੋਵੇ। ਇਸ ਲਈ ਇਨ੍ਹਾਂ ਮੁੱਦਿਆਂ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ। ਸਥਾਨਕ ਸ਼ਾਸਨ ਅਦਾਰਿਆਂ ਨੂੰ ਆਪਣੇ ਖ਼ੁਦ ਦੇ ਸਰੋਤਾਂ ਤੋਂ ਮਾਲੀਆ ਇਕੱਤਰ ਕਰਨ ਲਈ ਉਤਸ਼ਾਹਿਤ ਕਰਨ ਲਈ ਲੋੜੀਂਦੇ ਲਾਭ ਦਿਤੇ ਜਾਣੇ ਜ਼ਰੂਰੀ ਹਨ। ਪੰਜਾਬ, ਰਾਜਸਥਾਨ ਅਤੇ ਹਰਿਆਣਾ ਵਲੋਂ, ਦੁਨੀਆਂ ਦੇ 80 ਪ੍ਰਤਿਸ਼ਤ ਦੇਸ਼ਾਂ ਵਿਚ ਸਥਾਨਕ ਸਰਕਾਰਾਂ ਦੇ ਆਮਦਨ ਦੇ ਮੁੱਖ ਸਰੋਤ ਜ਼ਮੀਨ-ਜਾਇਦਾਦ ਉਪਰ ਕਰ ਨੂੰ ਹਟਾਉਣ ਅਤੇ ਅਜਿਹੇ ਕਈ ਹੋਰ ਕਦਮ, ਗੰਭੀਰ ਚਿੰਤਾ ਉਪਜਾਉਂਦੇ ਹਨ। ਪਰ ਇਹ ਵੀ ਮਹੱਤਵਪੂਰਨ ਹੈ ਕਿ ਅਜਿਹੀ ਤਬਾਦਲਾ ਪ੍ਰਣਾਲੀ ਲਈ ਕੰਮ ਕੀਤਾ ਜਾਵੇ ਜੋ ਸਥਾਨਕ ਸਰਕਾਰਾਂ ਦੀ ਵਿੱਤੀ ਸਮਰੱਥਾ ਨੂੰ ਵਧਾਏ ਤਾਂ ਕਿ ਉਹ ਕਬਾਇਲੀ ਹਲਕਿਆਂ ਤੋਂ ਲੈ ਕੇ ਮਹਾਂਨਗਰਾਂ ਤਕ ਸਾਰੇ ਨਾਗਰਿਕਾਂ ਨੂੰ ਮਿਆਰੀ ਜਨਤਕ ਸੇਵਾਵਾਂ ਦੇ ਸਕੇ। 13ਵੇਂ ਵਿੱਤੀ ਕਮਿਸ਼ਨ ਵਲੋਂ ਦਿਤੀ ਗਈ 'ਆਮ ਕਾਰਗੁਜ਼ਾਰੀ ਗਰਾਂਟ' ਬਰਾਬਰੀ ਲਿਆਉਣ ਵਾਲੀ ਗਰਾਂਟ ਨਾ ਹੋਣ ਦੇ ਬਾਵਜੂਦ ਆਮ ਆਦਮੀ ਦੇ ਜੀਵਨ ਵਿਚ ਸੁਧਾਰ ਲਿਆਉਣ ਵੱਲ ਵੱਡਾ ਕਦਮ ਸੀ ਬਸ਼ਰਤੇ ਕਿ ਅਜਿਹੀਆਂ ਕੋਸ਼ਿਸ਼ਾਂ ਦੀ ਬਾਅਦ ਵਿਚ ਢੁਕਵੀਂ ਨਿਗਰਾਨੀ ਹੁੰਦੀ ਰਹੇ। ਇਸ ਸਚਾਈ ਨੂੰ ਮੰਨਦਿਆਂ ਕਿ ਕਨੇਡਾ ਅਤੇ ਅਸਟ੍ਰੇਲੀਆ ਜਿਹੇ ਸੰਘੀ ਦੇਸ਼ਾਂ ਵਿਚ ਅਸੰਤੁਲਨ ਭਾਰਤ ਦੇ ਮੁਕਾਬਲੇ ਕਿਤੇ ਘੱਟ ਹਨ, ਬਰਾਬਰੀ ਲਿਆਉਣ ਵਾਲੀਆਂ ਗਰਾਂਟਾਂ ਲਈ ਕਾਰਜ ਕਰਨਾ ਅਜਿਹਾ ਮੁੱਦਾ ਹੈ ਜਿਸ ਉਪਰ ਨੀਤੀ ਆਯੋਗ ਨੂੰ ਧਿਆਨ ਦੇਣਾ ਹੋਵੇਗਾ। ਇਹ ਯਕੀਨਨ ਗ਼ੈਰ-ਸੰਵਿਧਾਨਕ ਨਹੀਂ ਤਾਂ ਗ਼ੈਰ-ਢੁਕਵੀਂ ਗੱਲ ਜ਼ਰੂਰ ਹੈ ਕਿ ਆਮ ਨਾਗਰਿਕ ਦੀਆਂ ਮੂਲ ਜਨਤਕ ਸੇਵਾਵਾਂ ਦੀ ਪੂਰਤੀ ਹੋਣ ਤੋਂ ਪਹਿਲਾਂ ਹੀ ਰਾਜਾਂ ਨੂੰ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਕਾਰਵਾਈਆਂ ਤੇ ਹੁਕਮਾਂ ਉਪਰ ਚੱਲਣ ਲਈ ਲਾਭ ਦੇਣੇ ਸ਼ੁਰੂ ਕਰ ਦਿਤੇ ਜਾਣ।

***ਅਖੀਰ ਵਿਚ, ਭਾਰਤ ਇਕ ਵਿਲੱਖਣ ਸਹਿਕਾਰਤਾ ਮੁਖੀ ਸੰਘੀ ਦੇਸ਼ ਹੈ, ਸਥਾਨਕ ਸ਼ਾਸਨ ਹੁਣ ਜ਼ਿਆਦਾ ਅਨਿੱਖੜਵਾਂ ਅੰਗ ਹੈ ਅਤੇ ਜਿਸ ਕੋਲ ਹੇਠਲੇ ਪੱਧਰ ਦੀ ਯੋਜਨਾਬੰਦੀ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਸਥਾਨਕ ਸਰਕਾਰਾਂ ਨੂੰ ਅਮਲੀ ਰੂਪ ਵਿਚ ਸਹਿਕਾਰਤਾ ਨਾਲ ਕੰਮ ਕਰਨ ਦੇ ਟੀਚੇ ਨੂੰ ਡੂੰਘੀ ਸੋਚ-ਵਿਚਾਰ ਨਾਲ ਭਰਪੂਰ ਨੀਤੀਗਤ ਚੋਣਾਂ ਅਤੇ ਹਮਾਇਤੀ ਉਪਾਵਾਂ ਤੋਂ ਬਿਨਾਂ ਹਾਸਿਲ ਨਹੀਂ ਕੀਤਾ ਜਾ ਸਕਦਾ। ਆਰਥਿਕ ਸੁਧਾਰ ਦੀਆਂ ਕੋਸ਼ਿਸ਼ਾਂ ਦੌਰਾਨ ਇਸ ਦੇ ਅੱਖੋਂ-ਪਰੋਖੇ ਹੋ ਜਾਣ ਦੀ ਸੰਭਾਵਨਾ ਹੈ। ਇਸ ਵੇਲੇ ਇਕ ਸੁਨਹਿਰਾ ਮੌਕਾ ਵੀ ਸਾਹਮਣੇ ਹੈ ਅਤੇ ਸਮੇਂ ਦੀ ਲੋਕ-ਰਾਜੀ ਸਰਕਾਰ ਵਲੋਂ ਅੱਗੋਂ ਸੇਧ ਦੇਣੀ ਬਣਦੀ ਹੈ।***

ਸਮਾਜਿਕ ਸ਼ਮੂਲੀਅਤ ਤਾਂ ਹੀ ਪ੍ਰਵਾਨ ਚੜ੍ਹੀ ਮੰਨੀ ਜਾ ਸਕਦੀ ਹੈ ਜੇ ਹਾਸ਼ੀਏ 'ਤੇ ਪਏ ਮੁਥਾਜ ਤਬਕੇ ਨੂੰ ਉਨ੍ਹਾਂ ਦੀਆਂ ਸ਼ਰਤਾਂ ਜਾਂ ਲੋੜਾਂ ਮੁਤਾਬਿਕ ਮੁੱਖ ਧਾਰਾ ਵਿਚ ਸ਼ਾਮਿਲ ਕੀਤਾ ਜਾਵੇ। ਇਹੀ ਅਸਲੀ *ਧਰਮ* ਹੋਵੇਗਾ। ਸਥਾਨਕ ਸਰਕਾਰਾਂ ਨੂੰ ਮਜ਼ਬੂਤ ਕਰਨਾ ਇਸ ਟੀਚੇ ਦੀ ਪ੍ਰਾਪਤੀ ਦੀ ਜ਼ਰੂਰੀ ਸ਼ਰਤ ਮੰਨੀ ਜਾਣੀ ਚਾਹੀਦੀ ਹੈ।

*(ਲੇਖਕ ਆਨਰੇਰੀ ਪ੍ਰੋਫ਼ੈਸਰ, ਸੈਂਟਰ ਫਾਰ ਡਿਵੈਲਪਮੈਂਟ ਸਟੱਡੀਜ਼, ਸਾਬਕ ਚੇਅਰਮੈਨ, ਚੌਥਾ ਰਾਜ ਵਿੱਤ ਕਮਿਸ਼ਨ, ਕੇਰਲ ਸਰਕਾਰ ਹੈ।)*

*e-mail :maoommen09@gmail.com*

# ਭਾਰਤੀ ਸੰਘਵਾਦ ਦੀ ਬੁਨਿਆਦ ਤੇ ਵਿਕਾਸ : ਸਿੱਖੇ ਤੇ ਅਣਸਿੱਖੇ ਸਬਕ

ਬਲਵੀਰ ਅਰੋੜਾ

ਪਿਛਲੇ ਛੇ ਦਹਾਕਿਆਂ ਵਿਚ ਭਾਰਤ ਦੇ ਸੰਘੀ ਲੋਕਤੰਤਰ ਵਿਚ ਕਈ ਤਬਦੀਲੀਆਂ ਆਈਆਂ ਹਨ। ਇਥੇ ਅਸੀਂ ਇਸ ਤਜਰਬੇ ਦੇ ਮੁੱਖ ਲੱਛਣ, ਉਸ ਨੂੰ ਅਪਨਾਉਣ ਵਿਚ ਸੰਕੋਚ, ਗਲਤੀਆਂ ਅਤੇ ਨਾਕਾਮਯਾਬੀਆਂ ਦੇ ਨਾਲ-ਨਾਲ ਨਵੀਆਂ ਖੋਜਾਂ, ਵਧੀਕੀਆਂ ਅਤੇ ਕਾਮਯਾਬੀਆਂ ਬਾਰੇ ਜਾਣਕਾਰੀ ਹਾਸਲ ਕਰਾਂਗੇ। ਪਿਛਲੇ ਦੋ ਦਹਾਕਿਆਂ ਵਿਚ ਇਹ ਨਵੀਆਂ ਉੱਚਾਈਆਂ 'ਤੇ ਪਹੁੰਚ ਗਏ ਹਨ - ਨਵੇਂ ਗਠਬੰਧਨ ਦਾ ਧੁਰਾ। ਜਦੋਂ ਇਹ ਤਜਰਬਾ ਸ਼ੁਰੂ ਹੋਇਆ ਤਾਂ ਰਸਮੀ ਤੌਰ ਤਰੀਕਿਆਂ ਤੋਂ ਅਲਗ ਹੋਣਾ ਪਿਆ ਅਤੇ ਸੰਵਿਧਾਨਕ ਸ਼ੁੱਧਤਾਵਾਦੀ ਦੇ ਹਾਮੀਆਂ ਨੂੰ ਇਸ ਨਾਲ ਅਚੰਭਾ ਹੋਇਆ। ਏਕਾਤਮਕ ਰਜਵਾੜਾਸ਼ਾਹੀ ਵਿਰਾਸਤ ਦੇ ਅਸੂਲਾਂ ਤੋਂ ਹਟਣਾ ਵੀ ਗਿਆਨ ਪ੍ਰਾਪਤੀ ਦੀ ਉਨੀ ਹੀ ਪ੍ਰਕਿਰਿਆ ਸੀ ਜਿੰਨਾ ਕਿ ਉਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਣਾ ਜੋ ਪਹਿਲਾਂ ਕਦੀ ਉਸ ਹਾਲਤ ਵਿਚ ਪੇਸ਼ ਨਹੀਂ ਆਈਆਂ ਸਨ, ਇਸ ਸਮੇਂ ਵਿਚ, ਇਹ ਵੀ ਖੋਜਣ ਦੀ ਕੋਸ਼ਿਸ਼ ਕੀਤੀ ਗਈ ਅਤੇ ਨਵੇਂ ਤਰੀਕੇ ਲੱਭਣ ਦੀ ਕੋਸ਼ਿਸ਼ ਕੀਤੀ ਗਈ ਕਿ ਲੋੜੀਂਦੀ ਏਕਤਾ ਉਪਰ ਅਸਰ ਪੈਣ ਤੋਂ ਬਿਨਾਂ ਇਸ ਵਿਭਿੰਨਤਾ ਨੂੰ ਕਿਸ ਹੱਦ ਤਕ ਸ਼ਾਮਿਲ ਕੀਤਾ ਜਾ ਸਕਦਾ ਹੈ। ਇਸ ਨਾਲ ਕਈ ਖੇਤਰਾਂ ਵਿਚ ਬੰਧੇਜ ਘਟੇ ਹਨ ਅਤੇ ਕਈਆਂ ਵਿਚ ਵਧੇ ਹਨ। ਰਾਜ ਦੀ ਘੱਟ ਦਖ਼ਲਅੰਦਾਜ਼ੀ ਦੀ ਤੁਲਨਾ ਵਿਸ਼ਵੀਕ੍ਰਿਤ ਆਰਥਿਕ ਵਿਕਾਸ ਦੇ ਨਵੇਂ ਉਦਾਰ ਦੌਰ ਨਾਲ ਕਰਨਾ ਇਸ ਮਸਲੇ ਨੂੰ ਹਲਕਾ ਕਰ ਕੇ ਸਮਝਣਾ ਹੋਵੇਗਾ।

ਭਾਰਤੀ ਲੋਕਤੰਤਰ ਜੋ ਦੁਨੀਆਂ ਵਿਚ ਸਭ ਤੋਂ ਵੱਡਾ ਲੋਕਤੰਤਰ ਹੈ, ਆਪਣੇ ਨਾਗਰਿਕਾਂ ਲਈ ਵਧੇਰੇ ਅਸਰਦਾਰ ਹੱਕ ਦੇ ਕੇ ਲਗਾਤਾਰ ਸੁਧਾਰ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਇਹ ਲਗਾਤਾਰ ਵਧ-ਫੁਲ ਰਿਹਾ ਹੈ ਕਿਉਂਕਿ ਇਸ ਨੂੰ ਸੰਘੀ ਦਰਜਾ ਦਿਤਾ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਕੁਝ ਮੁੱਖ ਮੁੱਦਿਆਂ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਨ੍ਹਾਂ ਨਾਲ ਭਾਰਤੀ ਸੰਘਵਾਦ ਦਾ ਵਿਕਾਸ ਹੋਇਆ ਹੈ।

## ਢੁਕਵਾਂ ਸੰਘੀ ਢਾਂਚਾ ਸਥਾਪਤ ਕਰਨਾ : ਇਕ ਚੁਣੌਤੀ

ਬਸਤੀਵਾਦ ਦੇ ਖ਼ਤਮ ਹੋਣ ਤੋਂ ਪੈਦਾ ਹੋਈ ਚੁਣੌਤੀ ਨਾਲ ਨਵੇਂ ਆਜ਼ਾਦ ਹੋਏ ਦੇਸ਼ ਦੀ ਚੱਕਬੰਦੀ ਦੀ ਤੁਰੰਤ ਲੋੜ ਪਈ। ਸੰਵਿਧਾਨ ਸਭਾ ਵਿਚ ਸੰਵਿਧਾਨ ਦੇ ਨਿਰਮਾਤਾਵਾਂ ਦੀ ਸਮਝਦਾਰੀ ਇਸ ਵਿਚ ਸੀ ਕਿ ਉਸ ਵੇਲੇ ਪੈਦਾ ਹੋਏ ਗੜਬੜ ਹਾਲਾਤ ਨਾਲ ਨਜਿੱਠਣਾ ਮੁੱਖ ਉਦੇਸ਼ ਬਣਾਇਆ ਜਾਵੇ। ਉਨ੍ਹਾਂ ਹਾਲਾਤ ਨੂੰ ਸਮਝਦੇ ਹੋਏ, ਉਨ੍ਹਾਂ ਨੇ ਆਪਣੇ ਅਸੂਲਾਂ ਤੋਂ ਨਾ ਹਟਦੇ ਹੋਏ ਅਤੇ ਭਾਰਤੀ ਗਣਤੰਤਰ ਦੀ ਰਚਨਾ ਦੀ ਕਲਪਨਾ ਨੂੰ ਅੱਖੋਂ ਪਰੋਖੇ ਨਾ ਕਰਦੇ ਹੋਏ, ਪਾਇਦਾਰ ਲੋਕਤੰਤਰ ਦੀ ਨੀਂਹ ਰੱਖੀ। ਦੰਗੇ ਫ਼ਸਾਦਾਂ ਅਤੇ ਉਸ ਸਮੇਂ ਦੇ ਹਾਲਾਤ ਨੂੰ ਦੇਖਦੇ ਹੋਏ, ਏਕਾਤਮਕਤਾ ਦੀ ਲਾਲਸਾ ਵਧੇਰੇ ਮਜ਼ਬੂਤ ਸੀ। ਬਹੁਤ ਵਾਦਵਿਵਾਦ ਬਾਅਦ, ਸੰਵਿਧਾਨ ਸਭਾ ਨੇ ਧਰਮ ਨਿਰਪੇਖ ਗਣਤੰਤਰ ਅਪਨਾਇਆ ਜਿਸ ਵਿਚ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਕੀਤੀ ਗਈ ਸੀ।

ਦੇਸ਼ ਦੀ ਵੰਡ ਕਾਰਨ ਵਾਪਰੀਆਂ ਅਨਹੋਣੀਆਂ ਘਟਨਾਵਾਂ ਤੋਂ ਦੁਖੀ ਸੰਵਿਧਾਨ ਸਭਾ ਸੁਭਾਵਕ ਤੌਰ ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਬਚਾਉਣ ਦੇ ਮੁੱਦੇ ਉਪਰ ਵਧੇਰੇ ਚਿੰਤਤ ਸੀ। ਵਧੇਰੇ ਸੰਘਵਾਦ ਦੇ ਡਰ ਉਪਰ ਖੁੱਲ੍ਹ ਕੇ ਚਰਚਾ ਹੋਈ ਅਤੇ ਤੋੜ-ਫੋੜ ਦੀਆਂ ਸ਼ਕਤੀਆਂ ਦਾ ਵਧੇਰੇ ਤਾਕਤਵਰ ਹੋਣ ਦਾ ਡਰ ਨਵੇਂ ਗਣਤੰਤਰ ਵਿਚ ਦਿਲੋਂ ਪੈਦਾ ਹੋ ਚੁੱਕਾ ਸੀ। ਜੋ ਢਾਂਚਾ ਅੰਤ ਵਿਚ ਅਪਨਾਇਆ ਗਿਆ ਉਹ ਸਭ ਸਮਕਾਲੀ ਸੰਘਵਾਦ ਦੇ ਢਾਂਚਿਆਂ ਨਾਲੋਂ ਬਹੁਤ ਅਲਗ ਸੀ। ਸੰਵਿਧਾਨ ਸਭਾ ਨੇ ਇਕ ਅਜਿਹੀ ਪ੍ਰਣਾਲੀ ਅਪਣਾਈ ਜੋ ਸਮੇਂ ਦੀ ਲੋੜ ਅਨੁਸਾਰ ਅਤੇ ਇਕ ਸੰਘੀ ਸਮਾਜ ਦੀਆਂ ਜ਼ਰੂਰਤਾਂ ਅਨੁਸਾਰ ਵਧੇਰੇ ਢੁਕਵੀਂ ਲਗਦੀ ਸੀ। ਸੰਘੀ ਲੋਕਤੰਤਰ ਤਰਕ ਦੇ ਆਧਾਰ 'ਤੇ ਖੜ੍ਹੀ ਕੀਤੀ ਰਾਜਨੀਤਕ ਪ੍ਰਕਿਰਿਆ ਸਮਾਂ ਪਾ ਕੇ ਪੂਰੀ ਹੋ ਗਈ।

ਕਿਸੇ ਵੀ ਪੁਰਾਣੇ ਰਿਕਾਰਡ ਜਾਂ ਉਸ ਵੇਲੇ ਦੇ ਉੱਘੇ ਮਾਡਲਾਂ ਤੋਂ ਅਲਗ ਹਟ ਕੇ ਮਾਡਲ ਅਪਨਾਉਣ ਦਾ ਮਿਆਰ ਨਾ ਹੋਣ ਦੀ ਸੂਰਤ ਵਿਚ ਵਿਧਾਨਕਾਰਾਂ ਨੂੰ ਇਹ ਤਸਦੀਕ ਕਰਨਾ ਔਖਾ ਹੋ ਗਿਆ ਕਿ ਇਹ ਪ੍ਰਣਾਲੀ ਸਹੀ ਅਰਥਾਂ ਵਿਚ ਸੰਘੀ ਸੀ। ਇਸ ਲਈ ਇਸ ਨੂੰ 'ਨੀਮ ਸੰਘ' ਦਾ ਦਰਜਾ ਦਿਤਾ ਗਿਆ। ਪਰ ਅੱਜ ਇਹ ਵਿਆਖਿਆ ਕੋਈ ਅਰਥ ਨਹੀਂ ਰਖਦੀ ਕਿਉਂਕਿ ਸੰਘੀ ਅਸੂਲ ਨੇ ਭਾਰਤ ਦੀ ਧਰਤੀ ਵਿਚ ਜੜ੍ਹ ਕਰ ਲਈ ਹੈ ਅਤੇ ਇਥੇ ਫਲਿਆ ਫੁਲਿਆ ਹੈ। ਭਾਰਤੀ ਰਾਜਨੀਤਕ ਸੰਸਥਾਨਾਂ ਨੂੰ ਹੁਣ ਆਮ ਤੌਰ ਤੇ ਸੰਘੀ ਢਾਂਚੇ ਦੀ ਦੋਗਲੀ ਕਿਸਮ ਕਰ ਕੇ ਜਾਣਿਆ ਜਾਂਦਾ ਹੈ ਜਿਸ ਨਾਲ ਭਾਰਤੀ ਸੰਘ ਨਾ ਸਿਰਫ਼ ਜ਼ਿੰਦਾ ਰਹਿ ਸਕਿਆ ਹੈ ਸਗੋਂ ਇਸ ਨੇ ਇਸ ਦੀ ਹਰ ਅਨੇਕਤਾ ਵਿਚ ਵਿਕਾਸ ਕੀਤਾ ਹੈ। ਇਹ ਇਕ ਬਹੁਤ ਕੀਮਤੀ ਵਿਰਾਸਤ ਹੈ ਜਿਸ ਨੂੰ ਭਾਰਤੀ ਲੋਕਤੰਤਰ ਦੇ ਕਾਇਮ ਰਹਿਣ ਲਈ ਬਚਾ ਕੇ ਰੱਖਣਾ ਜ਼ਰੂਰੀ ਹੈ।

## ਰਾਜਾਂ ਦੇ ਮੁੜ-ਗਠਨ ਦੀ ਪ੍ਰਕਿਰਿਆ : ਮਾਪਦੰਡ ਅਤੇ ਰਾਜਨੀਤੀ

ਭਾਸ਼ਾ ਦੇ ਆਧਾਰ 'ਤੇ ਰਾਜਾਂ ਦੀ ਹੱਦਬੰਦੀ

ਸੰਵਿਧਾਨ ਸਭਾ ਵਿਚ ਇਕ ਵੱਡਾ ਮੁੱਦਾ ਬਣ ਕੇ ਉੱਭਰੀ। ਇਸ ਦਾ ਆਧਾਰ ਉਸ ਵਾਅਦੇ ਵਿਚ ਸੀ ਜੋ ਰਾਸ਼ਟਰੀ ਅੰਦੋਲਨ ਵੇਲੇ ਕੀਤਾ ਗਿਆ ਸੀ ਅਤੇ ਫਿਰ ਆਮ ਭਾਵਨਾ ਨੂੰ ਦੇਖਦੇ ਹੋਏ ਅਤੇ ਪਹਿਲਾਂ ਦੀ ਗਲਤ ਸੋਚ ਕਾਰਨ ਅੱਗੇ ਪਾ ਦਿਤਾ ਗਿਆ ਸੀ। ਸੰਵਿਧਾਨ ਵਿਚ ਬਦਲਾਓਕਾਰੀ ਜਿਓਮੈਟਰੀ ਅਤੇ ਰਾਜਾਂ ਦੀ ਲਚਕਤਾ ਪੁਨਰਗਠਨ ਪ੍ਰਕਿਰਿਆ ਨੂੰ ਸੰਵਿਧਾਨ ਵਿਚ ਕਿਸ ਤਰ੍ਹਾਂ ਲਾਗੂ ਹੋ ਸਕਦੀ ਸੀ! ਉਨ੍ਹਾਂ ਰਾਜਨੀਤਕ ਅਤੇ ਸੰਵਿਧਾਨਕ ਪ੍ਰਕਿਰਿਆਵਾਂ ਦੀ ਘੋਖ ਦੀ ਲੋੜ ਸੀ ਜਿਨ੍ਹਾਂ ਤਹਿਤ ਇਹ ਪ੍ਰਸਤਾਵਨਾ ਅਸਲੀਅਤ ਵਿਚ ਲਾਗੂ ਸੀ। ਤੇਲੰਗਾਨਾ ਰਾਜ ਦੀ ਹੋਂਦ ਵਿਚ ਆਈਆਂ ਪੇਚੀਦਗੀਆਂ ਅਤੇ ਹਿੰਸਾਤਮਕ ਕਾਰਵਾਈਆਂ ਇਸ ਪ੍ਰਕਿਰਿਆ ਨੂੰ ਲਾਗੂ ਕਰਨ ਵਿਚ ਆਉਣ ਵਾਲੀਆਂ ਕਠਿਨਾਈਆਂ ਦਾ ਕਾਫ਼ੀ ਸਬੂਤ ਹਨ। ਇਸ ਤਰ੍ਹਾਂ ਆਜ਼ਾਦੀ ਮਿਲਣ ਤੋਂ ਬਾਅਦ ਦੇ ਪਹਿਲੇ ਦੋ ਦਹਾਕਿਆਂ ਦੀ ਰਾਜਨੀਤਕ ਪ੍ਰਕਿਰਿਆ ਪਛਾਣ ਅਤੇ ਥੁੜ ਦੀ ਰਾਜਨੀਤੀ ਦਾ ਇਕ ਮਿਲਗੋਭਾ ਸੀ। ਇਸ ਸਮੇਂ ਪਛਾਣ, ਭਾਸ਼ਾ ਅਤੇ ਹੱਦਬੰਦੀ ਤਣਾਅ ਵਾਲੇ ਮੁੱਦੇ ਸਨ।

**ਸੰਵਿਧਾਨ ਸਭਾ ਨੇ ਟੁੱਟ ਕੇ ਬਣਨ ਵਾਲੇ ਰਾਜਾਂ ਨੂੰ ਮਿਲਾ ਕੇ ਇਕ ਨਾ ਟੁੱਟ-ਫੁੱਟ ਹੋ ਸਕਣ ਵਾਲੇ ਸੰਘ ਦੀ ਸਿਰਜਨਾ ਕੀਤੀ। ਇਸ ਤੋਂ ਅਲਗ ਹੋ ਜਾਣ ਉਪਰ, ਖ਼ਾਸ ਤੌਰ ਤੇ ਪਹਿਲੇ ਕੁਝ ਸਾਲਾਂ ਵਿਚ ਪਾਬੰਦੀ ਸੀ ਪਰ ਸੰਵਿਧਾਨ ਵਿਚ ਲਚਕਤਾ ਨੇ ਦੂਸਰੀ ਕਿਸਮ ਦੇ ਹੱਲ ਲੱਭਣ ਵਿਚ ਮਦਦ ਕੀਤੀ। ਸਮੁੱਚੇ ਤੌਰ ਤੇ, ਲੋਕਤੰਤਰਿਕ ਰਾਜਨੀਤਕ ਪ੍ਰਕਿਰਿਆ ਨੇ ਝਿਜਕ ਤੋਂ ਪਰੇ ਹਟ ਕੇ ਮਜ਼ਬੂਤ ਸੰਘਵਾਦ ਨੂੰ ਜਨਮ ਦਿਤਾ ਜਿਸ ਨੇ ਭਾਰਤੀ ਸੰਘਵਾਦ ਦੀ ਹੋਂਦ ਨੂੰ ਅਣਡਿੱਠ ਕਰਨਾ ਮੁਸ਼ਕਿਲ ਬਣਾਇਆ।**

## ਮਜ਼ਬੂਤ ਕੇਂਦਰੀ ਢਾਂਚੇ ਵਿਚ ਲਚਕ

ਮਜ਼ਬੂਤ ਕੇਂਦਰੀ ਢਾਂਚੇ ਨੇ ਸ਼ਾਨਦਾਰ ਲਚਕ ਦਿਖਾਈ ਹੈ ਇਥੋਂ ਤਕ ਕਿ ਅਰਥਚਾਰੇ ਵਿਚ ਰਾਜ ਦੀ ਦਖ਼ਲਅੰਦਾਜ਼ੀ ਘੱਟ ਕਰਨ ਦੀ ਨਵੀਂ ਉਦਾਰ ਪਹੁੰਚ ਨੂੰ ਹੁੰਗਾਰਾ ਦਿਤਾ ਹੈ। ਅਨਿਯਮਤ ਕਰਨ ਦੀ ਪ੍ਰਕਿਰਿਆ ਦਾ ਅਰਥ ਅਨਿਯਮਤ ਵਿਕਾਸ ਨਹੀਂ ਹੈ। ਨਵੀਂ ਆਜ਼ਾਦ ਨਿਯਮਤ ਮਸ਼ੀਨਰੀ ਨੇ ਪੁਰਾਣੀਆਂ ਰਾਜਪ੍ਰਬੰਧਨ ਏਜੰਸੀਆਂ ਨੂੰ ਬਦਲ ਦਿਤਾ ਹੈ। ਇਹ ਹੋਰ ਗੱਲ ਹੈ ਕਿ ਇਨ੍ਹਾਂ ਨਵੇਂ ਖ਼ੁਦਮੁਖ਼ਤਿਆਰ ਸੰਸਥਾਨਾਂ ਨੂੰ ਲੋਕਤੰਤਰਿਕ ਤਰੀਕੇ ਜਵਾਬਦੇਹ ਨਹੀਂ ਬਣਾਇਆ ਗਿਆ। ਕੇਂਦਰ ਦਾ ਆਰਥਿਕ ਸਰਗਮੀ ਦੇ ਸਭ ਵੱਡੇ ਕਾਰਜਾਂ ਉਪਰ ਨਿਯੰਤ੍ਰਣ ਹੈ। ਭਾਵੇਂ ਕੁਝ ਖੇਤਰਾਂ ਵਿਚ ਅਨਿਯਮਤ ਕਰਨ ਦੀ ਪ੍ਰਕਿਰਿਆ ਨਾਲ ਰਾਜਾਂ ਨੂੰ ਪਹਿਲ ਕਰਨ ਦੇ ਵਧੇਰੇ ਮੌਕੇ ਮਿਲੇ ਹਨ, ਕੇਂਦਰੀ ਵਿਵਸਥਾ ਦੀ ਲੋੜ ਵੀ ਘਟੀ ਨਹੀਂ ਹੈ ਅਤੇ ਨਵੇਂ-ਨਵੇਂ ਖੇਤਰਾਂ ਵਿਚ ਉੱਭਰ ਕੇ ਸਾਹਮਣੇ ਆ ਰਹੀ ਹੈ।

ਸਮਾਜਿਕ ਬਹੁਲਤਾ ਅਤੇ ਭਿੰਨਤਾ ਹੋਣ ਦੀ ਸੂਰਤ ਵਿਚ ਸਮਾਜਿਕ ਇਕਸੁਰਤਾ ਬਣਾ ਕੇ ਰੱਖਣ ਲਈ ਇਕ ਮਜ਼ਬੂਤ ਕੇਂਦਰ ਵਜੋਂ ਢੁਕਵੀਂ ਦਖ਼ਲਅੰਦਾਜ਼ੀ ਲਾਜ਼ਮੀ, ਸਮਝੀ ਜਾਂਦੀ ਹੈ। ਭਾਰਤੀ ਸੰਘਵਾਦ ਦੇ ਵਿਕਾਸ ਦੇ ਪਹਿਲੇ ਪੜਾਅ ਵਿਚ ਉਨ੍ਹਾਂ ਸਾਰੀਆਂ ਪ੍ਰਕਿਰਿਆਵਾਂ ਵਿਚ ਜੋ ਸਹਿਭਾਗਤਾ ਅਤੇ ਤਾਲਮੇਲ ਲਈ ਗਠਨ ਕੀਤੀਆਂ ਗਈਆਂ ਸਨ, ਦੇ ਵਾਧੇ ਵਿਚ ਖੜੋਤ ਨਜ਼ਰ ਆਈ। ਇਕ ਦਲ ਦੇ ਰਾਜ ਨੇ ਅੱਗੇ ਆ ਰਹੀਆਂ ਚੁਨੌਤੀਆਂ ਨੂੰ ਅੱਖੋਂ ਪਰੋਖੇ ਕਰ ਦਿਤਾ। ਰਾਜਾਂ ਦੀ ਖ਼ੁਦਮੁਖ਼ਤਿਆਰੀ ਵੀ ਵਕਾਲਤ ਕਰਨ ਵਾਲੇ ਕੱਟੜ ਪੈਰੋਕਾਰਾਂ ਵਲੋਂ ਵੀ ਇਕ ਮਜ਼ਬੂਤ ਕੇਂਦਰੀ ਢਾਂਚੇ ਨੂੰ ਚੁਨੌਤੀ ਜਾਂ ਬਦਲਣ ਦੀ ਵਕਾਲਤ ਨਹੀਂ ਕੀਤੀ ਜਾਂਦੀ। ਉਹ ਇਸ ਢਾਂਚੇ ਵਿਚ ਮਜ਼ਬੂਤ ਰਾਜ ਅਤੇ ਰਾਜਾਂ ਨੂੰ ਵਧੇਰੇ ਖ਼ੁਦਮੁਖ਼ਤਿਆਰੀ ਚਾਹੁੰਦੇ ਹਨ। ਇਥੇ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਪਹਿਲਾਂ ਦੇ ਅਸਲੀ ਢਾਂਚੇ ਵਿਚ ਰਾਜਾਂ ਨੂੰ ਕਾਨੂੰਨ ਬਣਾਉਣ ਦੀਆਂ ਕਾਫ਼ੀ ਸ਼ਕਤੀਆਂ ਤੇ ਮੁੱਖ ਵਿਕਾਸ ਸਰਗਰਮੀਆਂ ਵਿਚ ਵਧੇਰੇ ਜ਼ਿੰਮੇਵਾਰੀਆਂ ਦਿਤੀਆਂ ਗਈਆਂ ਸਨ।

ਭਾਰਤੀ ਸੰਵਿਧਾਨ ਦੀ ਅੱਖਰ ਦਰ ਅੱਖਰ ਪਹੁੰਚ ਗੁੰਮਰਾਹ ਕਰ ਸਕਦੀ ਹੈ। ਨਾ ਸਿਰਫ਼ ਸਮਵਰਤੀ ਸੂਚੀ ਵਿਚ ਸਗੋਂ ਉਨ੍ਹਾਂ ਵਿਸ਼ਿਆਂ ਵਿਚ ਵੀ ਜੋ ਖ਼ਾਸ ਤੌਰ ਤੇ ਰਾਜਾਂ ਤਹਿਤ ਰੱਖੇ ਗਏ ਹਨ, ਕਈ ਕਿਸਮ ਦੇ ਪਰਸਪਰ ਢੁਕਾਅ ਪੈਦਾ ਹੋ ਗਏ ਹਨ। ਰਾਜਾਂ ਦੀਆਂ ਵਿੱਤੀ ਮਜਬੂਰੀਆਂ ਨੇ ਕੇਂਦਰੀ ਸਕੀਮਾਂ ਅਤੇ ਰਾਸ਼ਟਰੀ ਮਿਸ਼ਨਾਂ ਨੂੰ ਵਧਣ-ਫੁਲਣ ਦਿਤਾ। ਸਮਾਜਿਕ ਅਤੇ ਆਰਥਿਕ ਯੋਜਨਾਬੰਦੀ ਦੀ ਤੀਸਰੀ ਸੂਚੀ ਵਿਚ 20ਵੀਂ ਮਦ ਨੇ ਪਹਿਲੇ ਪੜਾਅ ਦੇ ਯੋਜਨਾਬਧ ਵਿਕਾਸ ਮਾਡਲ ਨੂੰ ਸੰਵਿਧਾਨਕ ਆਧਾਰ ਦਾ ਦਰਜਾ ਦਿਤਾ। ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਦੀ ਵੰਡ ਵਿਚ ਨਵੇਂ ਆਧਾਰ ਵਧੇਰੇ ਮਹੱਤਵਪੂਰਨ ਹੋ ਗਏ ਜਿਨ੍ਹਾਂ ਨੇ ਪਹਿਲੇ ਸਮੇਂ ਦੇ ਸੁਧਾਰ ਏਜੰਡੇ ਨੂੰ ਕੁਝ ਹੱਦ ਤਕ ਪਿੱਛੇ ਪਾ ਦਿਤਾ।

ਇਕ ਸੰਘੀ ਰਾਜਨੀਤਕ ਪ੍ਰਣਾਲੀ ਵਿਚ ਜ਼ਿੰਮੇਵਾਰੀਆਂ ਅਤੇ ਸ਼ਕਤੀਆਂ ਦੀ ਵੰਡ ਅਕਸਰ ਵਿਵਾਦ ਦਾ ਵਿਸ਼ਾ ਰਹਿੰਦਾ ਹੈ ਪਰ ਦੋਹਾਂ ਵਿਚ ਠੀਕ ਜੋੜਮੇਲ ਨਾ ਹੋਣ ਨਾਲ ਗੰਭੀਰ ਸੰਕਟ ਪੈਦਾ ਹੋ ਸਕਦਾ ਹੈ। ਆਮ ਤੌਰ ਤੇ ਕੇਂਦਰੀ ਰਾਜ ਪ੍ਰਬੰਧਨ ਅਤੇ ਨੀਤੀਗਤ ਫ਼ੈਸਲਿਆਂ ਵਲੋਂ ਰਾਜਾਂ ਨਾਲ ਸੰਘੀ ਗੱਲਬਾਤ ਨੂੰ ਹਥਿਆ ਲਿਆ ਜਾਂਦਾ ਹੈ। ਆਮ ਤੌਰ ਤੇ ਕੇਂਦਰ ਰਾਜਾਂ ਕੋਲੋਂ ਇਨਪੁਟ ਲੈਣ ਤੋਂ ਪਹਿਲਾਂ ਹੀ ਫ਼ੈਸਲਾ ਕਰ ਲੈਂਦਾ ਹੈ। ਆਮ ਰਾਇ, ਫ਼ੈਸਲੇ ਤੋਂ ਪਹਿਲਾਂ ਨਹੀਂ ਬਾਅਦ ਵਿਚ ਬਣਾਈ ਜਾਂਦੀ ਹੈ। ਫ਼ੈਸਲੇ ਕਰਨ ਦੇ ਇਸ ਮਾਡਲ ਨੂੰ ਚੁਨੌਤੀ ਦਿਤੀ ਗਈ ਹੈ। ਰਾਜਾਂ ਦੇ ਹੱਕਾਂ ਦੀ ਵਧੇਰੇ ਪ੍ਰੌੜ੍ਹਤਾ ਦੇ ਵਧ ਰਹੇ ਸੰਦਰਭ ਵਿਚ, ਸਿਰਫ਼ ਸਲਾਹ-ਮਸ਼ਵਰਾ ਲੈ ਲੈਣਾ ਹੀ ਕਾਫ਼ੀ ਨਹੀਂ ਹੈ। ਲੋੜ ਹੈ ਇਕ ਵਧੇਰੇ ਅਸਰਦਾਰ ਤਰੀਕੇ ਸਮਾਵੇਸ਼ੀ ਫ਼ੈਸਲੇ ਕਰਨ ਦੀ ਪ੍ਰਕਿਰਿਆ ਦੀ। ਵੱਡੇ ਛੋਟੇ ਰਾਜਾਂ ਦੀ ਹੋਂਦ ਨਾਲ, ਅਬਰਾਬਰੀ ਨੂੰ ਸੰਵਿਧਾਨਕ ਦਰਜਾ ਦੇਣ ਦੀ ਲੋੜ ਮਹਿਸੂਸ ਹੋਈ ਜੋ ਸੰਘਵਾਦੀ ਰਾਜਨੀਤੀ ਵਿਚ ਇਸ ਤਰ੍ਹਾਂ ਰਚੀ ਮਿਚੀ ਹੋਵੇ ਜਿਸ ਨਾਲ ਏਕਤਾ ਜਾਂ ਇਕਸਾਰਤਾ ਲਾਗੂ ਕਰਨ 'ਤੇ ਹਮਲਾ ਹੋਏ ਬਗੈਰ ਵਿਭਿੰਨਤਾ ਨੂੰ ਸੰਭਾਲ ਕੇ ਰੱਖਿਆ ਜਾ ਸਕੇ।

## ਬੇਡੌਲ ਸੰਘਵਾਦ

ਵਧੇਰੇ ਹੁੰਗਾਰਾ ਭਰਨ ਵਾਲੇ ਅਤੇ ਸ਼ਮੂਲੀਅਤ ਵਾਲੇ ਲੋਕਤੰਤਰ ਦੀ ਖੋਜ ਨਾਲ ਬੇਡੌਲ ਸੰਘਵਾਦ ਦਾ ਸਵਾਲ ਜੁੜਿਆ ਹੋਇਆ ਹੈ। ਜਿਵੇਂ-ਜਿਵੇਂ ਰਾਜਨੀਤਕ ਅਤੇ ਆਰਥਿਕ ਬੇਡੌਲਤਾ ਵਿਚ ਵਾਧਾ ਹੁੰਦਾ ਹੈ, ਸੰਵਿਧਾਨਕ ਬੇਡੌਲ ਪ੍ਰਕਿਰਿਆਵਾਂ ਦੀ ਮੰਗ ਵਧਣੀ ਲਾਜ਼ਮੀ ਹੈ। ਭਾਰਤ ਵਿਚ, ਰਾਜਾਂ ਅਤੇ ਰਾਜਾਂ ਵਿਚ ਖੇਤਰਾਂ ਦੀ ਅਬਰਾਬਰੀ ਨਾਲ ਆਮ ਤੌਰ ਤੇ ਬੇਚੈਨੀ ਅਤੇ ਤਣਾਅ ਪੈਦਾ ਹੋ ਜਾਂਦਾ ਹੈ। ਬੇਡੌਲ ਸੰਘਵਾਦ ਅਤੇ ਵਿਸ਼ੇਸ਼ ਦਰਜੇ ਦੀ ਵਿਵਸਥਾ, ਜਿਸ ਵਿਚ ਵਿਸ਼ੇਸ਼ ਵਿੱਤੀ ਪ੍ਰਬੰਧਨ ਅਤੇ ਪ੍ਰੇਰਕ ਸ਼ਾਮਿਲ ਹਨ, ਨੇ ਅਕਸਰ ਇਨ੍ਹਾਂ ਵਿਵਾਦਾਂ ਨੂੰ ਸੁਲਝਾਉਣ ਵਿਚ ਮਦਦ ਕੀਤੀ ਹੈ। ਵਿਸ਼ੇਸ਼ ਦਰਜਾ ਵਿਵਸਥਾ ਨੂੰ ਆਮ ਤੌਰ ਤੇ

ਇਤਿਹਾਸਕ, ਭੂਗੋਲਿਕ ਅਤੇ ਸਭਿਆਚਾਰਕ ਮੁੱਦਿਆਂ ਨੂੰ ਸੁਲਝਾਉਣ ਲਈ ਵਰਤਿਆ ਗਿਆ ਹੈ। ਸੰਵਿਧਾਨ ਦੀ ਧਾਰਾ 370 ਅਤੇ 371 ਇਸ ਸੰਬੰਧ ਵਿਚ ਉਦਾਹਰਣ ਹਨ। ਵਿਸ਼ੇਸ਼ ਕਿਸਮ ਦੀਆਂ ਲੋੜਾਂ ਅਤੇ ਜ਼ਰੂਰਤਾਂ ਪੂਰੀਆਂ ਕਰਨ ਲਈ ਵਿਸ਼ੇਸ਼ ਦਰਜਾ ਅਤੇ ਅਦੁੱਤੀ ਸਾਂਝ ਸ਼ੁਰੂ ਤੋਂ ਹੀ ਸੰਵਿਧਾਨ ਦਾ ਹਿੱਸਾ ਰਹੇ ਹਨ। ਰਾਜ ਅਧੀਨ ਖ਼ੁਦਮੁਖ਼ਤਿਆਰ ਢਾਂਚੇ ਅਤੇ ਖ਼ੁਦਮੁਖ਼ਤਿਆਰ ਜ਼ਿਲ੍ਹਾ ਕੌਂਸਲਾਂ ਦਾ ਰਲਿਆ-ਮਿਲਿਆ ਰਿਕਾਰਡ ਰਿਹਾ ਹੈ। ਕੁਝ ਰਾਜ ਦੇ ਦਰਜੇ ਵੱਲ ਇਕ ਪੜਾਅ ਰਹੇ ਹਨ ਜਦ ਕਿ ਕੁਝ ਹੋਰ ਵਧੇਰੇ ਪਾਇਦਾਰ ਸਾਬਤ ਹੋਏ ਹਨ। ਸਵੈਸ਼ਾਸਨ ਅਤੇ ਸਾਂਝੇ ਸ਼ਾਸਨ ਦਾ ਤਾਲਮੇਲ ਕਈ ਸ਼ਕਲਾਂ ਅਖ਼ਤਿਆਰ ਕਰ ਸਕਦਾ ਹੈ। ਛੋਟੇ-ਛੋਟੇ ਟੁਕੜਿਆਂ ਵਿਚ ਟੁੱਟਣ ਅਤੇ ਗ਼ੈਰ ਵਿਵਹਾਰਕ ਇਕਾਈਆਂ ਦੀ ਤੁਲਨਾ ਜੋੜਮੇਲ ਅਤੇ ਆਕਾਰ ਤੋਂ ਹੋਣ ਵਾਲੇ ਲਾਭਾਂ ਨਾਲ ਕਰਨੀ ਹੋਵੇਗੀ। ਉੱਤਰ ਪੂਰਬੀ ਰਾਜਾਂ ਦੀ ਸਥਾਪਨਾ ਨੇ ਇਸ ਮੁੱਦੇ ਨੂੰ ਖ਼ਾਸ ਤੌਰ ਤੇ ਤੀਬਰ ਸ਼ਕਲ ਦਿਤੀ।

## ਵਿੱਤੀ ਸੰਘਵਾਦ : ਨਵਾਂ ਮੰਤਰ

ਸੰਘਵਾਦ ਅਤੇ ਅਨਿਯਮਤਾ ਨੇ ਕੇਂਦਰ ਨੂੰ ਮਜ਼ਬੂਤ ਕੀਤਾ ਹੈ ਜਾਂ ਕਮਜ਼ੋਰ? ਕੀ ਇਸ ਨਵੇਂ ਬਦਲੇ ਹੋਏ ਨਮੂਨੇ ਨੇ ਰਾਜਨੀਤੀ ਅਤੇ ਰਾਜਨੀਤਕ ਸੋਚ ਨੂੰ ਪਿਛੇ ਛੱਡ ਦਿਤਾ ਹੈ? ਕੀ ਰਾਜਾਂ ਦੇ ਅਧਿਕਾਰਾਂ ਦਾ ਨਵਾਂ ਸ਼ੋਰ-ਸ਼ਰਾਬਾ ਰਿਹਾ ਹੈ ਜੋ ਰਾਜਨੀਤਕ ਖ਼ੁਦਮੁਖ਼ਤਿਆਰੀ ਤੋਂ ਆਰਥਿਕ ਦਾਅਵਿਆਂ ਵੱਲ ਵਧ ਗਿਆ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਹਾਲੇ ਵੀ ਡਾਵਾਂਡੋਲ ਹਨ।

ਭਾਰਤੀ ਸੰਘ ਦੀ ਜੋ ਸਿਰਜਨਾ ਕੀਤੀ ਗਈ ਉਸ ਵਿਚ ਸਭ ਤੋਂ ਪਹਿਲਾ ਉਦੇਸ਼ ਰਾਜਨੀਤਕ ਗੱਠਜੋੜ ਕਰਨਾ ਸੀ ਅਤੇ ਇਕ ਸਾਂਝਾ ਬਾਜ਼ਾਰ ਸਥਾਪਤ ਕਰਨਾ ਉਸ ਦੇ ਮੁਕਾਬਲੇ ਆਸਾਨ ਕੰਮ ਸੀ ਕਿਉਂਕਿ ਪਹਿਲਾਂ ਤੋਂ ਹੀ ਇਕ ਕਿਸਮ ਦੀ ਕਰੰਸੀ, ਕੇਂਦਰੀ ਬੈਂਕ ਅਤੇ ਵੱਡੀਆਂ ਵਿਵਸਥਾਵਾਂ ਉਪਰ ਕੇਂਦਰੀ ਨਿਯੰਤ੍ਰਣ ਮੌਜੂਦ ਸੀ। ਪਰ ਵਿੱਤੀ ਸੰਘਵਾਦ ਵਿਚ ਵਧ ਰਿਹੇ ਅਸੰਤੁਲਨ ਨੇ ਜੋੜਮੇਲ ਵਿਚ ਦੇਰੀ ਕਾਰਨ ਨਵੀਆਂ ਰੁਕਾਵਟਾਂ ਪੈਦਾ ਕਰ ਦਿਤੀਆਂ ਹਨ। ਰਾਜ ਸ਼ਕਤੀ ਦੇ ਧਰੁਵੀਕਰਨ ਦੇ ਕੇਂਦਰ ਦੇ ਵਜੋਂ ਤੇ ਉੱਭਰ ਰਹੇ ਹਨ ਅਤੇ ਉਨ੍ਹਾਂ ਨੂੰ ਹੋਰ ਰਾਜਾਂ ਨਾਲ ਚੁੰਗੀ ਆਦਿ ਕਰਾਂ ਦੇ ਸਰੋਤਾਂ ਨੂੰ ਖਤਮ ਕਰਨ ਲਈ ਮਨਾਉਣ ਲਈ ਬਹੁਤ ਪੇਚੀਦਾ ਗੱਲਬਾਤ ਕਰਨੀ ਪਈ। 1990 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿਚ ਉਦਾਰੀਕਰਨ ਅਤੇ ਬਾਜ਼ਾਰੀ ਸ਼ਕਤੀਆਂ ਦੀ ਵਧੇਰੇ ਭੂਮਿਕਾ ਨਾਲ ਭਾਰਤੀ ਰਾਜਨੀਤਕ ਅਤੇ ਆਰਥਿਕ ਵਿਕਾਸ ਵਿਚ ਇਕ ਨਵਾਂ ਦੌਰ ਸ਼ੁਰੂ ਹੋਇਆ। ਇਸ ਬਦਲਾਅ ਨਾਲ ਬਾਜ਼ਾਰ ਆਧਾਰਿਤ ਆਰਥਿਕ ਵਿਵਸਥਾ ਅਤੇ ਰਾਜਨੀਤੀ ਆਧਾਰਿਤ ਵੋਟ ਦੇ ਵਿਆਪਕ ਅਧਿਕਾਰ ਵਿਚ ਨਵੀਆਂ ਵਿਸੰਗਤੀਆਂ ਅਤੇ ਪਾੜਾ ਪੈਦਾ ਹੋਇਆ।

ਪਹਿਲਾਂ ਇਨ੍ਹਾਂ ਤਣਾਵਾਂ ਨੂੰ ਖਤਮ ਕਰਵਾਉਣ ਵਿਚ ਰਾਜ ਦੀ ਮੁੱਖ ਭੂਮਿਕਾ ਹੁੰਦੀ ਸੀ ਜੋ ਬਾਜ਼ਾਰ ਵਲੋਂ ਬਾਹਰ ਛੱਡ ਦਿਤੇ ਜਾਂਦੇ ਸਨ, ਉਨ੍ਹਾਂ ਨੇ ਰਾਜਨੀਤਕ ਲੋਕਤੰਤਰੀ ਨੀਤੀਆਂ ਅਤੇ ਪ੍ਰਕਿਰਿਆਵਾਂ ਰਾਹੀਂ ਸ਼ਾਮਿਲ ਕਰਨ ਦਾ ਕੰਮ ਰਾਜ ਕਰਦਾ ਸੀ। ਆਮਦਨ ਦੇ ਵੱਡੇ ਪਾੜੇ ਤੋਂ ਇਲਾਵਾ, ਭਾਰਤੀ ਸੰਘ ਵਿਚ ਖੇਤਰੀ ਅਸਮਾਨਤਾਵਾਂ ਵੀ ਹਨ। ਇਥੇ ਵੀ, ਭੂਗੋਲਿਕ ਅਸਮਾਨਤਾ ਵਾਲੇ ਵਿਕਾਸ ਵਿਚ ਸਮਾਨਤਾ ਲਿਆਉਣ ਵਿਚ ਵੀ ਰਾਜ ਦੀ ਬੁਨਿਆਦੀ, ਭੂਮਿਕਾ ਰਹਿੰਦੀ ਹੈ। ਇਸ ਤਰ੍ਹਾਂ ਅੱਜ ਦੇ ਹਾਲਾਤ ਜੋ ਪਹਿਲੂਆਂ ਦੇ ਜੋੜਮੇਲ ਕਾਰਨ ਹਨ : ਆਰਥਿਕ ਉਦਾਰੀਕਾਰਨ ਸੁਧਾਰ ਪ੍ਰੋਗਰਾਮ ਅਤੇ ਦਲ ਪ੍ਰਣਾਲੀ ਦਾ ਸੰਘੀਕਰਨ। ਅਸਮਾਨਤਾਵਾਂ ਵਧਣ ਦੀ ਸਮੱਸਿਆ ਵੀ ਬਾਰਬਾਰ ਗੁੰਝਲਦਾਰ ਹੈ। ਸਮਾਜਿਕ ਅਤੇ ਆਰਥਿਕ ਅਸਮਾਨਤਾਵਾਂ ਨੂੰ ਕਿਸ ਤਰ੍ਹਾਂ ਦੇਖਿਆ ਜਾਂਦਾ ਹੈ, ਰਾਜ ਦੀ ਨਵੀਂ ਭੂਮਿਕਾ ਉਪਰ ਬਹਿਸ ਦਾ ਇਕ ਬੁਨਿਆਦੀ ਮੁੱਦਾ ਕਰਕੇ ਜਾਣਿਆ ਜਾਂਦਾ ਹੈ। ਬਾਜ਼ਾਰ ਵਿਚ ਪੂੰਜੀ ਨਿਵੇਸ਼ ਉਪਰ ਵਧੇਰੇ ਨਿਰਭਰਤਾ ਨਾਲ ਅਸਮਾਨਤਾ ਵਾਲੇ ਰਾਜਾਂ ਵਿਚ ਮੁਕਾਬਲੇ ਦਾ ਸੰਘਵਾਦ ਪੈਦਾ ਕਰਨ ਦੀ ਹੋੜ ਲਗਦੀ ਹੈ। ਇਸ ਨਾਲ ਸੰਘਵਾਦ ਵਿਚ ਮੁਕਾਬਲਾ ਪੈਦਾ ਹੁੰਦਾ ਹੈ ਜਿਸ ਵਿਚ ਸਭ ਲਈ ਸਮਾਨ ਹਾਲਾਤ ਪੈਦਾ ਕਰਨੇ ਹਾਲੇ ਬਾਕੀ ਹਨ।

ਰਾਜਾਂ ਵਲੋਂ ਪੂੰਜੀ ਨਿਵੇਸ਼ ਆਪਣੇ ਵੱਲ ਖਿੱਚਣ ਦੇ ਮੁਕਾਬਲੇ ਦਾ ਅਸਰ ਦੋ ਪੱਧਰਾਂ ਉੱਪਰ ਸਮਝਿਆ ਜਾਣਾ ਚਾਹੀਦਾ ਹੈ। ਇਕ ਪਾਸੇ, ਰਾਜਾਂ ਉਪਰ ਚੰਗਾ ਰਾਜ ਪ੍ਰਬੰਧਨ ਦੇਣ ਅਤੇ ਆਪਣੇ ਵਿਤੀ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਦਾ ਦਬਾਅ ਹੈ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਕਈ ਸੁਧਾਰਾਂ ਦਾ ਆਪਣੀ ਲੋਕਪ੍ਰਿਯਤਾ ਉਪਰ ਅਸਰ ਦਾ ਡਰ ਰਹਿੰਦਾ ਹੈ।

**ਪ੍ਰਬੰਧਕੀ ਸੰਘਵਾਦ ਵਿਚ ਵਾਧਾ ਭਾਰਤ ਦੇ ਸੰਘੀ ਵਿਕਾਸ ਦਾ ਇਕ ਮੁੱਖ ਲੱਛਣ ਹੈ। ਵਿਕਾਸ ਸਕੀਮਾਂ ਨੂੰ ਬਣਾਉਣ, ਉਨ੍ਹਾਂ ਦੇ ਟੀਚੇ ਮਿਥਣ ਅਤੇ ਲਾਗੂ ਕਰਨ ਲਈ ਅਫ਼ਸਰਸ਼ਾਹੀ ਵਿਚ ਵੀ ਵਾਧਾ ਹੋਇਆ ਹੈ। ਸਮੁੱਚਾ ਜ਼ੋਰ ਸ਼ਕਤੀਕਰਨ ਅਤੇ ਸਮਾਵੇਸ਼ੀ ਰਾਜ ਪ੍ਰਬੰਧਨ ਦੀ ਬਜਾਇ ਸਕੀਮਾਂ ਨੂੰ ਲਾਗੂਕਰਨ ਉਪਰ ਰਹਿੰਦਾ ਹੈ। ਸੰਸਥਾਨਾਂ ਨੂੰ ਵੀ ਉਸੇ ਤਰ੍ਹਾਂ ਡਿਜ਼ਾਈਨ ਕੀਤਾ ਅਤੇ ਢਾਲਿਆ ਜਾਂਦਾ ਹੈ।**

## ਸਥਾਨਕ ਇੱਛਾਵਾਂ ਦਾ ਆਦਰ ਕਰਨਾ : ਇਕ ਨਵੀਂ ਪਹਿਲ

1990 ਦੇ ਦਹਾਕੇ ਨੂੰ ਭਾਰਤੀ ਰਾਜਨੀਤੀ ਵਿਚ ਬਦਲਾਅ ਦਾ ਸਮਾਂ ਕਿਹਾ ਜਾ ਸਕਦਾ ਹੈ। ਇਕ ਅਜਿਹੀ ਰਾਜਨੀਤਕ ਪ੍ਰਣਾਲੀ ਲਈ ਰਾਹ ਪੱਧਰਾ ਹੋਇਆ ਜੋ ਵਧੇਰੇ ਸੰਘੀ ਸੀ। ਸ਼ਾਮਿਲ ਹੋਣ ਅਤੇ ਫ਼ੈਸਲੇ ਲੈਣ ਦੇ ਨਵੇਂ ਤਰੀਕੇ ਰਲੇ-ਮਿਲੇ ਸੰਘਵਾਦ ਰਾਹੀਂ ਉੱਭਰ ਕੇ ਆਏ ਜਿਨ੍ਹਾਂ ਨੂੰ ਸੰਸਦੀ ਪ੍ਰਣਾਲੀ ਅਤੇ ਸੰਵਿਧਾਨ ਵਲੋਂ ਹਾਲੇ ਸਹੀ ਅਰਥਾਂ ਵਿਚ ਅਪਣਾਉਣਾ ਬਾਕੀ ਹੈ। ਸੰਘਵਾਦ ਗਠਬੰਧਨਾਂ ਰਾਹੀਂ, ਰਾਜ ਆਧਾਰਿਤ ਪਾਰਟੀਆਂ ਦੀ ਸ਼ਕਤੀ ਅਤੇ ਅਸਰ ਰਾਸ਼ਟਰੀ ਨੀਤੀ ਘੜਨ ਅਤੇ ਕੇਂਦਰ ਰਾਜਾਂ ਦੇ ਸੰਬੰਧਾਂ ਉਪਰ ਦੇਖਿਆ ਜਾ ਰਿਹਾ ਹੈ। ਇਹ ਹੋਰ ਵੀ ਵਧੇਰੇ ਮਹੱਤਵਪੂਰਨ ਹੈ ਕਿ ਇਕ ਰਾਜ ਵਿਚ ਸੀਮਤ ਅਤੇ ਇਕ ਤੋਂ ਵਧੇਰੇ ਰਾਜਾਂ ਵਿਚ ਫ਼ੈਲੀਆਂ ਪਾਰਟੀਆਂ ਨੇ ਰਾਜਨੀਤਕ ਪ੍ਰਕਿਰਿਆ ਰਾਹੀਂ ਰਾਸ਼ਟਰੀ ਨੀਤੀ ਬਣਾਉਣ ਵਿਚ ਵਧੇਰੇ ਦਖ਼ਲਅੰਦਾਜ਼ੀ ਸ਼ੁਰੂ ਕਰ ਦਿਤੀ ਹੈ ਜੋ ਉਹ ਸਹਿਕਾਰੀ ਸੰਘਵਾਦ ਦੇ ਰਸਮੀ ਸੰਸਥਾਨਾਂ ਰਾਹੀ ਹਾਸਲ ਨਹੀਂ ਕਰ ਸਕਦੇ ਸੀ। ਅਸਲ ਵਿਚ, ਸੰਘਵਾਦੀ ਗਠਬੰਧਨਾਂ ਨੇ ਉਨ੍ਹਾਂ ਨੂੰ ਸ਼ਮੂਲੀਅਤ ਦੇ ਮੌਕੇ ਦਿਤੇ ਹਨ ਜਿਨ੍ਹਾਂ ਤੋਂ ਉਹ ਪਹਿਲਾਂ ਵਾਂਝੇ ਰਹਿੰਦੇ ਸਨ। ਇਸ ਬਦਲਾਓ ਲਈ ਦੋ ਮੁੱਖ ਕਾਰਨ ਦੇਖੇ ਜਾ ਸਕਦੇ ਹਨ :

ਪਹਿਲਾ, ਵਿਸ਼ਵੀਕਰਨ ਨੇ ਰਾਜਨੀਤੀ ਵਿਚ ਨਵਾਂ ਮੋੜ ਲਿਆ ਦਿਤਾ ਹੈ ਜਿਸ ਵਿਚ ਆਰਥਿਕ ਸੁਧਾਰਾਂ ਨਾਲ ਰਾਜ ਦੀ ਨਵੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਪੈਦਾ ਹੋਈਆਂ ਹਨ।

ਦੂਜਾ, ਦਲ ਪ੍ਰਣਾਲੀ ਦਾ ਸੰਘਵਾਦ ਹੋਇਆ

ਹੈ ਜਿਸ ਨੇ ਆਪਣੇ ਨਾਲ ਇਕ ਨਵੀਂ ਕ੍ਰਿਆਸ਼ੀਲਤਾ ਲਿਆਂਦੀ ਹੈ ਜੋ ਆਪਣੇ ਆਪ ਵਿਚ ਮੁਕਾਬਲੇ ਦੇ ਤਰਕਾਂ ਦਾ ਇਕ ਮਿਸ਼ਰਣ ਹੈ ਜੋ ਇਕ ਮਹੱਤਵਪੂਰਨ ਉੱਨਤੀ ਹੈ।

ਇਸ ਵਿਵਾਦ ਦਾ ਬੁਨਿਆਦੀ ਮੁੱਢ ਰਾਜ ਆਧਾਰਿਤ ਦਲਾਂ ਵਲੋਂ ਸਥਾਨਕ ਇੱਛਾਵਾਂ ਦੇ ਬੋਲਬਾਲੇ ਦਾ ਰਾਸ਼ਟਰੀ ਤਾਲਮੇਲ ਹੈ। ਇਸ ਬਹੁ-ਪੱਧਰੀ ਸੰਬੰਧ ਤੋਂ ਉਪਜੀ ਗੁੰਝਲਦਾਰ ਸ਼ਕਤੀ ਸਾਂਝ ਇਸ ਪ੍ਰਣਾਲੀ ਨੂੰ ਇਕੱਠਿਆਂ ਰੱਖਣ ਦਾ ਇਕ ਮੁੱਖ ਕਾਰਨ ਹੈ।

ਆਓ, ਇਕ ਹੋਰ ਵਿਚਾਰ ਉੱਪਰ ਝਾਤ ਪਾਈਏ ਜੋ ਇਸ ਸਮੇਂ ਦੌਰਾਨ ਪੈਦਾ ਹੋਇਆ ਸਥਾਨਕ ਸਵੈ-ਸ਼ਾਸਤ ਸੰਸਥਾਨਾਂ ਨੂੰ ਸ਼ਕਤੀਆਂ ਦੇਣਾ ਹੈ। ਸੰਵਿਧਾਨ ਦੀ 73ਵੀਂ ਸੋਧ ਨੇ ਇਸ ਵਿਚਾਰ ਨੂੰ ਸੰਵਿਧਾਨਕ ਮਾਨਤਾ ਦਿਤੀ ਜਿਸ ਨਾਲ ਸੰਘੀ ਢਾਂਚੇ ਦੀ ਤੀਸਰੀ ਪੱਧਰ ਨੂੰ ਮਾਨਤਾ ਮਿਲੀ (1992–95)। ਪਰ ਇਸ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਬਹੁ-ਪੱਧਰੀ ਸੰਘਵਾਦ ਦੀ ਸਥਾਪਨਾ ਹੋ ਚੁੱਕੀ ਹੈ ਜਾਂ ਇਸ ਦੇ ਨੇੜੇ ਦੇ ਭਵਿੱਖ ਵਿਚ ਹੋ ਜਾਣ ਦੀ ਸੰਭਾਵਨਾ ਹੈ। ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਰਾਜਾਂ ਵਿਚ ਅਜਿਹੇ ਸ਼ਕਤੀਸ਼ਾਲੀ ਸੁਆਰਥ ਹਨ ਜੋ ਰਾਜਨੀਤਕ ਜਮਾਤ ਅਤੇ ਅਫ਼ਸਰਸ਼ਾਹੀ ਦੋਹਾਂ ਵਿਚ ਹਨ, ਜੋ ਵਿਕੇਂਦ੍ਰੀਕਰਨ ਦੇ ਖ਼ਿਲਾਫ਼ ਹਨ। ਪੰਚਾਇਤ ਪ੍ਰਣਾਲੀ ਦਾ ਲਗਾਤਾਰ ਵਿਕਾਸ ਜੋ ਸਵੈ-ਇਛੁੱਕ ਖੇਤਰ ਦੇ ਸਿਵਲ ਸੋਸਾਇਟੀ ਸੰਸਥਾਨਾਂ ਨਾਲ ਤਾਲਮੇਲ ਵਿਚ ਕੰਮ ਕਰਦੀ ਹੈ, ਸੰਘੀ ਪ੍ਰਣਾਲੀ ਦਾ ਦ੍ਰਿਸ਼ਟੀਵਾਨ ਵਿਕਾਸ ਹੈ। ਇਸ ਪੱਧਰ ਉਪਰ ਆ ਰਹੇ ਦਬਾਅ, ਸੰਸਥਾਗਤ ਢਾਂਚੇ ਵਿਚ ਵਧੇਰੇ ਤਬਦੀਲੀਆਂ ਲਿਆਉਣ ਦੇ ਸ਼ਕਤੀਸ਼ਾਲੀ ਸਰੋਤ ਬਣ ਜਾਣ ਦੀ ਸੂਰਤ ਅਖ਼ਤਿਆਰ ਕਰਨ ਦੀ ਸਮਰਥਾ ਰਖਦੇ ਹਨ।

## ਨਵੇਂ ਹਜ਼ਾਰ ਵਰ੍ਹਿਆਂ ਦੀਆਂ ਚੁਨੌਤੀਆਂ

ਭਾਰਤੀ ਸੰਘਵਾਦ ਦੀ ਪਰਖ ਕਰਨ ਤੋਂ ਬਾਅਦ ਹੁਣ ਅਸੀਂ ਨਵੇਂ ਹਜ਼ਾਰ ਵਰ੍ਹਿਆਂ ਵਿਚ ਇਸ ਸਾਹਮਣੇ ਆਉਣ ਵਾਲੀਆਂ ਚੁਨੌਤੀਆਂ ਵਲ ਰੁਖ਼ ਕਰਦੇ ਹਾਂ। ਇਕ ਤਾਜ਼ਾ ਅਧਿਐਨ ਤੋਂ ਪਤਾ ਲਗਦਾ ਹੈ ਕਿ ਕੀ ਕੇਂਦਰ ਤੋਂ ਰਾਜਾਂ ਦੀਆਂ ਰਾਜਧਾਨੀਆਂ ਅਤੇ ਉਨ੍ਹਾਂ ਤੋਂ ਅੱਗੇ ਉਪ ਖੇਤਰਾਂ, ਜ਼ਿਲ੍ਹਿਆਂ ਅਤੇ ਪੰਚਾਇਤਾਂ ਤਕ ਸ਼ਕਤੀਆਂ ਅਤੇ ਰਸੂਖ ਦਾ ਵਿਕੇਂਦਰੀਕਰਨ ਹੋਇਆ ਹੈ? ਇਸ ਤੱਥ ਦੀ ਯਥਾਰਥਕਤਾ ਲਈ ਖੇਤਰੀ ਅਤੇ ਜਾਤੀ ਆਧਾਰਿਤ ਦਲਾਂ ਦੇ ਅਲੌਕਿਕ ਉੱਭਾਰ ਅਤੇ ਦੇਸ਼ ਦੇ ਕਈ ਭਾਗਾਂ ਵਿਚ ਅਲਗ ਰਾਜਾਂ ਦੇ ਗਠਨ ਦੀ ਮੰਗ ਦੇ ਤੱਥ ਪੇਸ਼ ਕੀਤੇ ਜਾਂਦੇ ਹਨ। ਆਓ, ਸਮਕਾਲੀ ਰੌਂ ਦੀ ਰੋਸ਼ਨੀ ਵਿਚ ਇਸ ਉਪਰ ਵਿਚਾਰ ਕਰੀਏ। ਸਭਿਆਚਾਰਕ ਅਸਹਿਣ-ਸ਼ੀਲਤਾ ਦਾ ਉਭਾਰ ਬਹੁ-ਪੱਖੀ ਸਭਿਆਚਾਰਕ ਸੰਘੀ ਲੋਕਤੰਤਰ ਉਪਰ ਇਕ ਖ਼ਤਰਾ ਬਣਿਆ ਹੋਇਅ ਹੈ। ਜੇ ਨਿਆਂਪਾਲਿਕਾ ਵਲੋਂ ਪੈਦਾ ਹੋਏ ਵਿਵਾਦਾਂ (ਰਾਸ਼ਟਰਪਤੀ ਰਾਜ) ਅਤੇ ਰਾਜਨੀਤਕ ਪ੍ਰਕਿਰਿਆ ਨੂੰ ਅਲਗ ਕਰ ਦਿਤਾ ਜਾਵੇ ਤਾਂ ਵੀ ਦੋ ਮੁੱਖ ਮੁੱਦੇ ਨਿਪਟਾਰੇ ਬਿਨਾਂ ਰਹਿ ਜਾਂਦੇ ਹਨ। ਰਾਜਪਾਲ ਵਲੋਂ ਰਾਜ ਵਿਧਾਨ ਸਭਾ ਦੇ ਮਨਜ਼ੂਰ ਕਾਨੂੰਨ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਝਗੜੇ ਦਾ ਇਕ ਮੁੱਦਾ ਰਹਿੰਦਾ ਹੈ ਪਰ ਇਸ ਸੰਬੰਧ ਵਿਚ ਹੌਲੀ-ਹੌਲੀ ਮਾਪਦੰਡ ਅਪਣਾਏ ਜਾ ਰਹੇ ਹਨ।

ਪਹਿਲਾ, *ਪਛਾਣ ਸੰਬੰਧੀ ਮੁੱਦੇ :* ਇਹ ਦੂਜੇ ਰਾਜ ਪੁਨਰਗਠਨ ਕਮਿਸ਼ਨ ਦੀ ਮੰਗ ਅਤੇ ਸੰਘੀ ਢਾਂਚੇ ਦੀਆਂ ਅੰਦਰੂਨੀ ਹੱਦਾਂ ਦੀ ਮੁੜ ਤੋਂ ਵਿਆਖਿਆ ਕਰਨ ਦੀ ਸੂਰਤ ਵਿਚ ਸਾਹਮਣੇ ਆ ਰਹੇ ਹਨ ਜੋ ਨਵੇਂ-ਸ਼ਾਸਨ ਦੀਆਂ ਇੱਛਾਵਾਂ ਦਾ ਆਦਰ ਕਰਨ। ਤੇਲੰਗਾਨਾ ਹੋਂਦ ਵਿਚ ਆ ਚੁੱਕਿਆ ਹੈ ਪਰ ਵਿਦਰਭ ਅਤੇ ਉੱਤਰ ਪ੍ਰਦੇਸ਼ ਦਾ ਪੁਨਰਗਠਨ ਹੋਰ ਕਈ ਮੁੱਦਿਆਂ ਦੇ ਨਾਲ-ਨਾਲ ਜ਼ਿੰਦਾ ਮੁੱਦੇ ਹਨ।

ਦੂਸਰਾ, *ਸਰੋਤ ਵੰਡ ਸੰਬੰਧੀ ਤਣਾਅ :* ਪਾਣੀ ਦੇ ਸਰੋਤ, ਲੰਮੀ ਮਿਆਦ ਤੋਂ ਚਲੇ ਆ ਰਹੇ ਅੰਤਰਰਾਜੀ ਦਰਿਆਈ ਪਾਣੀਆਂ ਦੇ ਝਗੜੇ (ਕਾਵੇਰੀ, ਨਰਮਦਾ) ਅਤੇ ਅਸਮਾਨਤਾ ਭਰਪੂਰ ਰਾਜਾਂ ਨੂੰ ਸਮਾਨਤਾ ਫਾਰਮੂਲੇ ਅਨੁਸਾਰ ਰਾਹਤ ਦੇਣਾ। ਇਸ ਦੇ ਨਾਲ-ਨਾਲ ਵਧੇਰੇ ਖ਼ੁਦਮੁਖ਼ਤਿਆਰੀ ਅਤੇ ਸਰੋਤਾਂ ਦੇ ਨਿਯੰਤ੍ਰਣ ਲਈ ਸਵੈ-ਸ਼ਾਸਨ ਦੀਆਂ ਮੰਗਾਂ ਉੱਠ ਰਹੀਆਂ ਹਨ।

ਭਾਵੇਂ ਇਹ ਜ਼ਿੰਦਾ ਮੁੱਦੇ ਹਨ ਪਰ ਮੁੱਖ ਮੁੱਦੇ ਜੋ ਨਵੇਂ ਹਜ਼ਾਰ ਸਾਲਾਂ ਵਿਚ ਸੰਘੀ ਸੁਧਾਰਾਂ ਦੇ ਏਜੰਡੇ ਉੱਪਰ ਭਾਰੂ ਹੋ ਸਕਦੇ ਹਨ, ਉਹ ਹਨ ਵਿੱਤੀ ਸਰੋਤ ਦਾ ਪੁਨਰ ਵਿਤਰਣ ਅਤੇ ਮਾਲੀ ਪ੍ਰਣਾਲੀ ਦੀ ਕਾਇਆਕਲਪ, ਕੇਂਦਰ ਦੀ ਕਰਾਂ ਤੋਂ ਆਮਦਨ ਵਿਚ ਤੇਜ਼ੀ ਨਾਲ ਹੋ ਰਿਹਾ ਵਾਧਾ ਜੋ ਰਾਜਾਂ ਦੇ ਮੁਕਾਬਲੇ ਬਹੁਤ ਵਧੇਰੇ ਹੈ, ਨੇ ਵੰਡ ਮਸ਼ੀਨਰੀ ਉਪਰ ਸਿੱਧਾ ਅਤੇ ਅਸਿੱਧਾ, ਦੋਹਾਂ ਕਿਸਮ ਦਾ ਧਿਆਨ ਖਿੱਚਿਆ ਹੈ। ਰਾਜ ਆਧਾਰਿਤ ਦਲਾਂ ਦੀਆ ਸ਼ਕਤੀਆਂ ਅਤੇ ਰਸੂਖ ਵਿਚ ਵਾਧਾ, ਬੁਨਿਆਦੀ ਤੌਰ ਤੇ ਕੇਂਦਰ ਵਿਚ ਗਠਬੰਧਨ ਸਰਕਾਰ ਹੋਣ ਦੀ ਸੂਰਤ ਵਿਚ ਕੇਂਦਰ-ਰਾਜਾਂ ਦੇ ਸੰਬੰਧਾਂ ਨੂੰ ਸ਼ਕਲ ਦਿੰਦਾ ਹੈ। ਵਧੇਰੇ ਮਹੱਤਵਪੂਰਨ ਇਹ ਹੈ ਕਿ ਕੁਝ ਦਲਾਂ ਨੇ ਰਾਜਨੀਤਕ ਪ੍ਰਕਿਰਿਆ ਰਾਹੀਂ ਰਾਸ਼ਟਰੀ ਨੀਤੀ ਤਿਆਰ ਕਰਨ 'ਚ ਵਧੇਰੇ ਸ਼ਮੂਲੀਅਤ ਸ਼ੁਰੂ ਕਰ ਦਿਤੀ ਹੈ ਜੋ ਉਹ ਸਹਿਕਾਰੀ ਸੰਘਵਾਦ ਦੇ ਰਸਮੀ ਸੰਸਥਾਨਾਂ ਰਾਹੀਂ ਹਾਸਲ ਨਹੀਂ ਕਰ ਸਕਦੇ ਸੀ। ਅਸਲ ਵਿਚ, ਸੰਘਵਾਦੀ ਗਠਬੰਧਨਾਂ ਨੇ ਸ਼ਾਮਿਲ ਹੋਣ ਦੇ ਮੌਕੇ ਦਿਤੇ ਹਨ ਜੋ ਪਹਿਲਾਂ ਰਾਜਾਂ ਨੂੰ ਅਮੁੱਕ ਸੰਸਥਾਨਾਂ ਜਿਵੇਂ ਕਿ ਹੁਣ ਖਤਮ ਹੋ ਚੁੱਕਾ *ਯੋਜਨਾ ਆਯੋਗ* ਅਤੇ ਰਾਸ਼ਟਰੀ ਵਿਕਾਸ ਕੌਂਸਿਲ ਜਾਂ ਵਾਧਾ-ਰੁਕੀ ਅੰਤਰ-ਰਾਜੀ ਕੌਂਸਿਲ ਵਿਚ ਨਹੀਂ ਮਿਲਦੇ ਹਨ। ਹੁਣ ਇਹ ਸਿਰਫ਼ ਸਲਾਹ-ਮਸ਼ਵਰੇ ਦਾ ਮੁੱਦਾ ਨਾ ਰਹਿ ਕੇ ਰਾਜਾਂ ਨਾਲ ਸੰਬੰਧਿਤ ਮੁੱਦਿਆਂ ਉਪਰ ਉਨ੍ਹਾਂ ਦੀ ਮਨਜ਼ੂਰੀ ਦਾ ਹੋ ਗਿਆ ਹੈ ਜਿਨ੍ਹਾਂ ਵਿਚ ਉਨ੍ਹਾਂ ਦੇ ਜਾਇਜ਼ ਮਕਸਦ ਸੰਬੰਧਿਤ ਹੋਣ।

ਰਾਸ਼ਟਰੀ ਨੀਤੀ ਨਿਰਧਾਰਨ ਵਿਚ ਰਾਜਾਂ ਦੇ ਸ਼ਾਮਿਲ ਹੋਣ ਦੇ ਨਵੇਂ-ਨਵੇਂ ਤਰੀਕੇ ਖੋਜਣ ਅਤੇ ਉਨ੍ਹਾਂ ਨੂੰ ਢਾਂਚਾਗਤ ਵਿਕਾਸ ਦੇ ਮੁੱਖ ਮੁੱਦਿਆਂ ਜਿਵੇਂ ਕਿ ਬਿਜਲੀ, ਸੜਕਾਂ ਅਤੇ ਬੁਨਿਆਦੀ ਨਾਗਰਕਿ ਸਹੂਲਤਾਂ ਦੇ ਅਸਰਦਾਰ ਲਾਗੂਕਰਨ ਵਿਚ ਸ਼ਾਮਿਲ ਹੋਣ ਲਈ ਉਤਸ਼ਾਹਤ ਕਰਨ ਦੀ ਚੁਨੌਤੀ ਹੈ। ਬਹੁ-ਦਲ ਪ੍ਰਣਾਲੀ ਦੇ ਸੰਦਰਭ ਵਿਚ ਅਤੇ ਰਾਸ਼ਟਰੀ ਰਾਜ ਪ੍ਰਬੰਧਨ ਲਈ ਸੰਘੀ ਗਠਬੰਧਨ ਬਣਾਉਣ ਦੀ ਲੋੜ ਪੂਰਤੀ ਲਈ ਇਹ ਹੋਰ ਵੀ ਵਧੇਰੇ ਲਾਜ਼ਮੀ ਹੋ ਜਾਂਦਾ ਹੈ। ਰਾਜਨੀਤਕ ਪ੍ਰਕਿਰਿਆ ਇਸ ਨੂੰ ਹਾਸਲ ਕਰਨ ਵਿਚ ਕੁਝ ਹੱਦ ਤਕ ਸਹਾਈ ਹੁੰਦੀ ਹੈ ਪਰ ਇਹ ਅਸਰਦਾਰ ਸੰਸਥਾਗਤ ਢਾਂਚੇ ਦਾ ਕੋਈ ਬਦਲਾਅ ਨਹੀਂ ਹੈ।

**ਇਕ ਸੰਘੀ ਲੋਕਤੰਤਰ ਵਿਚ ਲੋਕਤੰਤ੍ਰਿਕ ਵਿਕਾਸ ਦਾ ਤਰਕ, ਰਾਜ ਪ੍ਰਬੰਧਨ ਵਿਚ ਇਕੋ ਸਮੇਂ ਕਈ ਤਜਰਬੇ ਕਰਨ ਦੀ ਇਜਾਜ਼ਤ ਦਿੰਦਾ ਹੈ ਪਰ ਸ਼ਰਤ ਇਹ ਹੈ ਕਿ ਉਹ ਸਭ ਤਜਰਬੇ ਸੰਵਿਧਾਨ ਦੇ ਮੂਲ ਢਾਂਚੇ ਅਤੇ ਉਸ ਦੀਆਂ ਕਦਰਾਂ-ਕੀਮਤਾਂ ਦਾ ਆਦਰ ਕਰ ਰਹੇ ਹੋਣ।**

ਇਹ ਤਜਰਬੇਕਾਰੀ ਪ੍ਰਬੰਧਕੀ ਤਰੀਕਿਆਂ ਅਤੇ ਤਕਨੀਕਾਂ ਸੀਮਤ ਹੱਦ ਤਕ ਕਾਮਯਾਬ ਰਹੀ ਹੈ ਅਤੇ ਵਧੀਆ ਅਮਲ ਤਰੀਕੇ ਰਾਜਾਂ ਤੋਂ ਉੱਭਰ ਕੇ ਸਾਹਮਣੇ ਆਏ ਹਨ, ਜਿਵੇਂ ਕਿ ਸਕੂਲਾਂ ਵਿਚ ਮਿਡ-ਡੇ-ਮੀਲ ਅਤੇ ਸ਼ਹਿਰੀ ਭੂਮੀ ਕੀਮਤ ਨਿਰਧਾਰਨ ਪ੍ਰਣਾਲੀ। ਪਰ ਰਾਜਾਂ ਵਲੋਂ ਇਨ੍ਹਾਂ ਤਜਰਬਿਆਂ ਰਾਹੀਂ ਵਿਕਾਸ ਦਾ ਨਵਾਂ ਰਸਤਾ ਤੈ ਕਰਨ ਦੀ ਸਮਰਥਾ ਕੇਂਦਰੀਕ੍ਰਿਤ ਸੰਘੀ ਪ੍ਰਣਾਲੀ ਦੇ ਢਾਂਚੇ ਵਲੋਂ ਸੀਮਤ ਕਰ ਦਿਤੀ ਗਈ ਹੈ। ਇਹ ਹੋਰ ਵੀ ਬੇਚੈਨੀ ਪੈਦਾ ਕਰਨ ਵਾਲਾ ਹੈ ਕਿ ਰਾਜਨੀਤਕ ਸਭਿਆਚਾਰ ਅਤੇ ਰਾਸ਼ਟਰੀ ਜਾਂ ਸਮੁੱਚੇ ਰਾਜਨੀਤਕ ਦਾਇਰੇ ਵਿਚ ਫੈਲੀਆਂ ਪਾਰਟੀਆਂ ਦੇ ਬਦਲਾਅ ਦੇ ਤੌਰ ਤੇ ਰਾਜਾਂ ਵਿਚ ਖੇਤਰੀ ਦਲ ਤਿਆਰ ਹੋ ਗਏ ਹਨ। ਉਨ੍ਹਾਂ ਨੇ ਕੇਂਦਰੀਕ੍ਰਿਤ ਸੰਘਵਾਦ ਵਿਚ ਆਪਣੀ ਦਿਲਚਸਪੀ ਸਥਾਪਤ ਕਰਨੀ ਸ਼ੁਰੂ ਕਰ ਦਿਤੀ ਹੈ ਅਤੇ ਉਨ੍ਹਾਂ ਦਲਾਂ ਦੇ ਛੋਟੇ ਆਕਾਰ ਦੇ ਰੂਪ ਵਿਚ ਉੱਭਰੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਕਾਮਯਾਬੀ ਨਾਲ ਇਕ ਪਾਸੇ ਕਰ ਦਿਤਾ ਹੈ।

**ਨਿਚੋੜ ਇਹ ਹੈ ਕਿ ਅਸਲੀ ਮਾਅਨਿਆਂ ਵਿਚ ਰਾਜਾਂ ਕੋਲ ਕੋਈ ਬਦਲਾਅ ਪੇਸ਼ ਕਰਨ ਲਈ ਨਹੀਂ ਹਨ। ਜਿਥੇ ਸਹਿਕਾਰੀ ਅਤੇ ਮੁਕਾਬਲੇ ਦਾ ਸੰਘਵਾਦ ਅੱਜ ਦੀ ਰਾਜਨੀਤਕ ਵਿਆਖਿਆ ਵਿਚ ਇਕ ਨਵੀਂ ਰੌ ਬਣ ਗਿਆ ਹੈ, ਪਰ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤੀ ਸੰਘਵਾਦ ਰਾਜਾਂ ਅਤੇ ਜ਼ਿਲ੍ਹਿਆਂ ਵਿਚ ਵਸਦਾ ਹੈ। ਜਦੋਂ ਤਕ ਇਨ੍ਹਾਂ ਪੱਧਰਾਂ 'ਤੇ ਅਸਲ ਬਦਲਾਅ ਸ਼ੁਰੂ ਨਹੀਂ ਕੀਤੇ ਜਾਂਦੇ, ਭਾਰਤੀ ਸੰਘਵਾਦ ਗਣਤੰਤਰ ਨੂੰ ਮਜ਼ਬੂਤ ਕਰਨ ਦੀ ਪ੍ਰਕਿਰਿਆ ਇਕ ਅਧੂਰਾ ਕਾਰਜ ਬਣ ਕੇ ਰਹਿ ਜਾਵੇਗੀ।**

*(ਲੇਖਕ ਚੇਅਰਮੈਨ, ਸੈਂਟਰ ਫਾਰ ਮਲਟੀਲੈਵਲ ਫੈਡਰਲਿਜ਼ਮ, ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਅਤੇ ਫੋਰਮਰ ਰੈਕਟਰ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਹੈ।)*

*e-mail :balveerarora@gmail.com*

# ਸਵੱਛ ਭਾਰਤ

## ਜਲ ਸਰੋਤ, ਨਦੀ ਵਿਕਾਸ ਅਤੇ ਗੰਗਾ ਬਚਾਉ

ਜਲ ਸਰੋਤ, ਨਦੀ ਵਿਕਾਸ ਅਤੇ ਗੰਗਾ ਬਚਾਉ ਮੰਤਰਾਲਾ ਤਿੰਨ ਦੇਸ਼ਾਂ ਨਾਲ ਜਲ ਸਰੋਤ ਦੀ ਪ੍ਰਭਾਵੀ ਵਰਤੋਂ, ਸਮਾਵੇਸ਼ ਅਤੇ ਸਥਿਰਤਾ ਲਈ ਕੰਮ ਕਰਦਾ ਹੈ। ਕੇਂਦਰੀ ਸਰਕਾਰ ਵਲੋਂ ਜਲ ਸਰੋਤ ਮੰਤਰਾਲਾ ਨੂੰ ਮੁੜ ਗਠਿਤ ਕੀਤਾ ਗਿਆ ਹੈ। ਜਲ ਸਰੋਤ ਮੰਤਰਾਲਾ ਵਿਚ ਨਦੀ ਵਿਕਾਸ ਅਤੇ ਗੰਗਾ ਬਚਾਉ ਨੂੰ ਜੋੜ ਦਿਤਾ ਗਿਆ ਹੈ। ਹੁਣ ਇਸ ਦਾ ਨਾਂ ਜਲ ਸਰੋਤ ਨਦੀ ਵਿਕਾਸ ਅਤੇ ਗੰਗਾ ਬਚਾਉ ਮੰਤਰਾਲਾ ਹੋ ਗਿਆ ਹੈ। ਸਾਲ 2014 ਦੌਰਾਨ ਮੰਤਰਾਲਾ ਦਾ ਮੁੱਖ ਜ਼ੋਰ ਗੰਗਾ ਨਦੀ ਦੇ ਕਾਇਆ ਕਲਪ, ਨਦੀਆਂ ਨੂੰ ਆਪਸ ਵਿਚ ਜੋੜਨ ਅਤੇ ਵਿਕਾਸ ਤੇਜ਼ ਕਰਨ ਆਦਿ ਮੁੱਦਿਆਂ 'ਤੇ ਰਿਹਾ।

## ਗੰਗਾ ਨਦੀ ਦਾ ਬਚਾਉ

ਗੰਗਾ ਬਚਾਉ ਕਾਰਜ ਦੇ ਸੰਬੰਧ ਵਿਚ ਮੰਤਰਾਲਾ ਨੇ ਪਹਿਲੀ ਅਗਸਤ 2014 ਨੂੰ ਰਾਜ ਪੱਤਰ ਨੋਟੀਫਿਕੇਸ਼ਨ ਜਾਰੀ ਕੀਤਾ। ਗੰਗਾ ਬਚਾਉ ਦੀ ਪਹਿਲ ਵਿਚ ਨਿਰਮਲ ਧਾਰਾ ਨੂੰ ਯਕੀਨੀ ਬਣਾਉਣਾ ਹੈ। ਕੇਂਦਰੀ ਬਜਟ 2014-15 ਦੌਰਾਨ ਗੰਗਾ ਬਚਾਉ ਮਿਸ਼ਨ ਹੇਠ ਨਾਮੋ ਨਮਾਹ ਗੰਗਾ ਦੀ ਸਥਾਪਨਾ ਕਰਦੇ ਹੋਏ ਗੰਗਾ ਬਚਾਉ ਲਈ 2037 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਮੌਜੂਦਾ ਸਮੇਂ ਵਿਚ ਵਿਸ਼ਵ ਬੈਂਕ ਨੇ ਐੱਨ ਜੀ ਆਰ ਬੀ ਪੀ ਪ੍ਰਾਜੈਕਟ ਹੇਠ 7000 ਕਰੋੜ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਈ ਹੈ, ਜਦ ਕਿ ਵਾਰਾਣਸੀ ਵਿਚ ਪ੍ਰੋਜੈਕਟ ਲਈ ਜਾਪਾਨ ਇੰਟਰਨੈਸ਼ਨ ਕਾਰਪੋਰੇਸ਼ਨ ਨੇ 496.90 ਕਰੋੜ ਰੁਪਏ ਦਾ ਬਜਟ ਮੁਹੱਈਆ ਕਰਵਾਇਆ ਹੈ। ਨੈਸ਼ਨਲ ਗੰਗਾ ਮਾਨਿਟਰਿੰਗ ਸੈਂਟਰ ਗੰਗਾ ਬਚਾਉ ਦੇ ਅਹਿਮ ਪਹਿਲੂਆਂ ਦੀ ਨਿਗਰਾਨੀ ਲਈ ਇਕ ਨੋਡਲ ਕੇਂਦਰ ਦੇ ਤੌਰ ਤੇ ਸਥਾਪਿਤ ਕੀਤਾ ਗਿਆ ਹੈ। ਸਰਕਾਰ ਨੇ ਨਾਮਾਹ ਗੰਗੇ ਪ੍ਰੋਜੈਕਟ ਹੇਠ ਨਦੀ ਦੇ ਕਿਨਾਰੇ ਵਸੇ ਸਾਰੇ ਪਿੰਡਾਂ ਨੂੰ ਖੁੱਲ੍ਹੇ ਵਿਚ ਪਖ਼ਾਨੇ ਤੋਂ ਮੁਕਤ ਕਰਨ ਦਾ ਪ੍ਰਸਤਾਵ ਰੱਖਿਆ ਹੈ।

ਗੰਗਾ ਬਚਾਉ ਲਈ ਹੇਠ ਲਿਖੇ ਉਪਰਾਲੇ ਕੀਤੇ ਗਏ:

- ਰਾਸ਼ਟਰੀ ਗੰਗਾ ਨਦੀ ਖੇਤਰ ਦਾ ਵਿਸਥਾਰ ਕੀਤਾ ਗਿਆ ਹੈ।
- 6 ਜੂਨ 2014 ਨੂੰ ਸਕੱਤਰਾਂ ਦਾ ਸਮੂਹ ਬਣਾਇਆ ਗਿਆ ਹੈ। ਜਿਨ੍ਹਾਂ ਰਾਹੀਂ ਵੱਖ-ਵੱਖ ਮੰਤਰਾਲਿਆਂ ਵਿਚਾਲੇ ਸਹਿਯੋਗ ਵਿਚ ਸੁਧਾਰ ਆਇਆ ਹੈ।
- ਪਹਿਲੀ ਰਾਸ਼ਟਰੀ ਵਾਰਤਾ ਗੰਗਾ ਮੰਥਨ 7 ਜੁਲਾਈ ਨੂੰ ਆਯੋਜਿਤ ਕੀਤੀ ਗਈ, ਜਿਸ ਵਿਚ ਸਾਰੇ ਮਾਨਤਾ ਪ੍ਰਾਪਤ 500 ਤੋਂ ਵੱਧ ਅਧਿਆਤਮਿਕ ਨੇਤਾਵਾਂ, ਵਿਦਵਾਨਾਂ ਅਤੇ ਟੈਕਨੋਕਰੇਟ ਅਤੇ ਗ਼ੈਰ-ਸਰਕਾਰੀ ਸੰਗਠਨਾਂ ਅਤੇ ਵਾਤਾਵਰਨ ਵਿਧਾ ਅਤੇ ਨੀਤੀ ਨਿਰਮਾਤਾਵਾਂ ਨੇ ਵਿਚਾਰ-ਵਟਾਂਦਰੇ ਵਿਚ ਸਰਗਰਮ ਤੌਰ ਤੇ ਹਿੱਸਾ ਲਿਆ। ਵਿਚਾਰ, ਸੁਝਾਅ ਅਤੇ ਲੋਕਾਂ ਨੂੰ ਇਸ ਵਿਚ ਸ਼ਾਮਿਲ ਕਰਨ ਦੇ ਉਦੇਸ਼ ਨਾਲ 12 ਸਤੰਬਰ ਨੂੰ ਐੱਨ ਐੱਮ ਸੀ ਜੀ ਨੇ ਇਕ ਵੈੱਬਸਾਈਟ ਸ਼ੁਰੂ ਕੀਤੀ।
- ਵਾਤਾਵਰਨ ਬਰਕਰਾਰ ਰੱਖਣ ਉੱਤੇ ਅੰਤਰਿਮ ਸਿਫ਼ਾਰਿਸ਼ ਲਈ ਵਧੀਕ ਸਕੱਤਰਾਂ ਅਤੇ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ ਦੀ ਇਕ ਕਮੇਟੀ ਗਠਿਤ ਕੀਤੀ।
- ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ ਨੇ ਖਣਨ ਉਤੇ ਮੌਜੂਦਾ ਦਿਸ਼ਾ-ਨਿਰਦੇਸ਼ਾਂ ਨੂੰ ਸੋਧ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ।
- ਜੰਗਲਾਤ ਖੋਜ ਸੰਸਥਾ ਨੂੰ ਜੰਗਲਾਤ ਅਤੇ ਬਨਸਪਤੀ ਦੇ ਬਚਾਅ ਲਈ ਇਕ ਯੋਜਨਾ ਤਿਆਰ ਕਰਨ ਨੂੰ ਕਿਹਾ ਗਿਆ ਹੈ।
- ਰਾਸ਼ਟਰੀ ਔਸ਼ਧੀ ਬੋਰਡ ਦੇ ਸਹਿਯੋਗ ਨਾਲ ਗੰਗਾ ਦੇ ਉਪਰਲੇ ਹਿੱਸਿਆਂ ਵਿਚ ਮੌਜੂਦਾ ਔਸ਼ਧੀ ਪੌਦਿਆਂ ਦੇ ਬਚਾਅ ਲਈ ਰਣਨੀਤੀ ਨੂੰ ਅੰਤਿਮ ਰੂਪ ਦਿਤਾ ਜਾ ਰਿਹਾ ਹੈ। ਰਾਸ਼ਟਰੀ ਵਾਤਾਵਰਨ ਇੰਜੀਨੀਅਰਿੰਗ ਖੋਜ ਸੰਸਥਾ ਦੇ ਮਾਧਿਅਮ ਨਾਲ ਗੰਗਾ ਜਲ ਦੀ ਗੁਣਵੱਤਾ ਦੀ ਨਿਗਰਾਨੀ ਅਤੇ ਗੰਗਾ ਜਲ ਦੇ ਵਿਸ਼ੇਸ਼ ਗੁਣ ਦੀ ਪਛਾਣ ਲਈ ਇਕ ਪ੍ਰੋਜੈਕਟ ਨੂੰ ਸ਼ੁਰੂ ਕੀਤਾ ਗਿਆ। ❑❑

# ਭਾਰਤ ਦੀ ਸਫਲਤਾ ਦੀ ਕੁੰਜੀ ਹੈ ਅਨੇਕਤਾ ਦਾ ਜਸ਼ਨ

ਐਸ਼ ਨਾਰਾਇਣ ਰਾਏ

ਸੰਘਵਾਦ ਅੱਜ ਪੁਨਰ-ਜਾਗ੍ਰਿਤੀ ਦੇ ਦੌਰ ਥਾਣੀ ਲੰਘ ਰਿਹਾ ਹੈ। ਪਿਛਲੇ ਦੋ ਦਹਾਕਿਆਂ ਜਾਂ ਇਸ ਤੋਂ ਕੁਝ ਵੱਧ ਸਮੇਂ ਵਿਚ ਪੂਰੀ ਦੁਨੀਆਂ ਵਿਚ ਸੰਘਵਾਦੀ ਰਾਜਨੀਤਕ ਹੱਲਾਂ ਦਾ ਮੁੜ ਉਥਾਨ ਹੋਇਆ ਹੈ। ਜਿਥੇ ਭਾਰਤ ਗਠਬੰਧਨ ਸਰਕਾਰਾਂ ਦੇ ਸਦਕਾ ਸੰਘੀ ਰਾਜ ਪ੍ਰਬੰਧਨ ਦੇ ਨੇੜੇ ਪਹੁੰਚ ਗਿਆ ਹੈ, ਬੈਲਜੀਅਮ ਨੇ ਆਪਣਾ ਸੰਵਿਧਾਨ ਬਦਲ ਕੇ ਪੂਰੀ ਤਰ੍ਹਾਂ ਸੰਘੀ ਰਾਜ ਸਥਾਪਤ ਕਰ ਲਿਆ ਹੈ। ਰੰਗਭੇਦ ਤੋਂ ਬਾਅਦ ਦੇ ਦੱਖਣੀ ਅਫ਼ਰੀਕਾ ਨੇ ਆਪਣੇ ਸੰਵਿਧਾਨ ਵਿਚ ਕਈ ਸੰਘੀ ਲੱਛਣ ਸ਼ਾਮਿਲ ਕਰ ਲਏ ਹਨ ਭਾਵੇਂ ਕਿ ਇਹ ਲੱਛਣ ਕੁਝ ਹਲਕੇ ਕਰ ਦਿਤੇ ਗਏ ਹਨ। ਫਿਰ ਵੀ, ਸੰਘਵਾਦ ਦੱਖਣੀ ਅਫ਼ਰੀਕਾ ਦੀ ਲੋਕਤੰਤਰਿਕ ਰਾਜਨੀਤੀ ਦਾ ਬਹੁਤ ਕਰਕੇ ਭਵਿੱਖ ਹੈ।

ਵਧੇਰੇ ਮਹੱਤਵਪੂਰਨ ਹੈ ਕਿ ਏਕਾਤਮਕ ਅਤੇ ਗ਼ੈਰ ਸੰਘੀ ਰਾਜ ਵੀ ਸੰਘਵਾਦੀ ਚਲਣ ਦੇ ਨੇੜੇ ਪਹੁੰਚ ਰਹੇ ਹਨ, ਜਿਵੇਂ ਕਿ ਸਥਾਨਕ ਸਰਕਾਰੀ ਸੰਸਥਾਨਾਂ ਨੂੰ ਸ਼ਕਤੀਆਂ ਦੇਣਾ (ਸਪੇਨ ਅਤੇ ਇੰਗਲੈਂਡ)। ਯਮਨ ਨੇ ਰਾਸ਼ਟਰੀ ਵਿਚਾਰ-ਵਟਾਂਦਰਾ ਕਾਨਫਰੰਸ ਰਾਹੀਂ ਸੰਘਵਾਦ ਨੂੰ ਮਨਜ਼ੂਰੀ ਦੇ ਦਿਤੀ ਹੈ ਭਾਵੇਂ ਖਾੜੀ ਦੇ ਇਸ ਦੇਸ਼ ਵਿਚ ਪੂੰਜੀ ਦੇ ਹੱਥਠੋਕੇ ਅੱਧ-ਪਚੱਧੇ ਹੱਲਾਂ ਨੇ ਉਥੇ ਇਸ ਦੀ ਉੱਨਤੀ ਵਿਚ ਰੁਕਾਵਟ ਖੜ੍ਹੀ ਕਰ ਦਿਤੀ ਹੈ। ਇਰਾਕ, ਨੇਪਾਲ, ਦੱਖਣੀ ਸੂਡਾਨ ਅਤੇ ਕੁਝ ਹੋਰ ਦੇਸ਼ਾਂ ਨੇ ਵੀ ਸੰਘਵਾਦ ਦੀ ਕੋਸ਼ਿਸ਼ ਕੀਤੀ ਹੈ ਭਾਵੇਂ ਕੁਝ ਸੰਘਵਾਦ ਦੀ ਇੱਛਾ ਰੱਖਣ ਵਾਲੇ ਦੇਸ਼ ਇਸ ਗੱਲ ਦੀ ਵੀ ਮਿਸਾਲ ਹਨ ਕਿ ਸੰਘਵਾਦ ਨੂੰ ਕਿਸ ਤਰ੍ਹਾਂ ਉੱਭਰਨ ਨਾ ਦਿਤਾ ਜਾਵੇ। ਇਹ ਤਰਕ ਦਿਤਾ ਜਾ ਸਕਦਾ ਹੈ ਕਿ ਸੰਘਵਾਦ ਅਜਿਹਾ ਵਿਚਾਰ ਹੈ ਜਿਸ ਦਾ ਸਮਾਂ ਆ ਗਿਆ ਹੈ।

ਸੰਘਵਾਦ ਸੁਗੰਧ ਦੀ ਤਰ੍ਹਾਂ ਦੁਨੀਆਂ ਵਿਚ ਕਿਉਂ ਫ਼ੈਲ ਰਿਹਾ ਹੈ? ਸਮੁੱਚੀ ਦੁਨੀਆਂ ਵਿਚ ਸੰਘਵਾਦ ਦੀ ਨਵੀਂ ਨਵੇਲੀ ਖਿੱਚ ਉਨ੍ਹਾਂ ਕਦਰਾਂ-ਕੀਮਤਾਂ ਕਾਰਨ ਹੈ ਜੋ ਇਹ ਆਪਣੇ ਨਾਲ ਲਿਆਉਂਦਾ ਹੈ। ਇਹ ਨਾਗਰਿਕਾਂ ਨੂੰ ਆਪਣੀ ਅਨੇਕਤਾ ਵਿਚ ਏਕਤਾ ਦੇ ਸੰਸਥਾਨ ਜੀਵਨ ਬਸਰ ਲਈ ਦਿੰਦਾ ਹੈ। ਇਹ ਨਸਲ, ਭਾਸ਼ਾ ਜਾਂ ਧਰਮ ਆਧਾਰਿਤ ਘੱਟ ਗਿਣਤੀਆਂ ਨੂੰ ਆਪਣੀ ਪਛਾਣ ਬਣਾਉਣ ਦੀ ਖੁੱਲ੍ਹ ਦਿੰਦਾ ਹੈ। ਸੰਘਵਾਦ ਵਿਕੇਂਦਰੀਕ੍ਰਿਤ ਰਾਜ ਪ੍ਰਬੰਧਨ ਅਤੇ ਸਭ ਤੋਂ ਨਿਮਨ ਪੱਧਰ ਦੇ ਲੋਕਾਂ ਨੂੰ ਰਾਜਨੀਤਕ ਪ੍ਰਕਿਰਿਆ ਵਿਚ ਸ਼ਾਮਿਲ ਹੋਣ ਦੇ ਵਧੇਰੇ ਚੰਗੇ ਮੌਕੇ ਦਿੰਦਾ ਹੈ।

ਸੰਘਵਾਦ ਵਲ ਖਿੱਚ ਦਾ ਹੋਰ ਕਾਰਨ ਇਸ ਦਾ ਲਚਕਦਾਰ ਹੋਣਾ ਹੈ। ਇਹ ਆਪਣੇ ਆਪ ਨੂੰ ਨਵੀਆਂ ਲੋੜਾਂ ਅਤੇ ਹਾਲਾਤ ਅਨੁਸਾਰ ਢਾਲ ਲੈਂਦਾ ਹੈ। 25 ਦੇ ਲਗਭਗ ਸੰਘਵਾਦੀ ਦੇਸ਼ਾਂ ਵਿਚ ਕਾਫੀ ਇਕਸਾਰਤਾ ਹੈ। ਪਰ ਉਹ ਸ਼ਕਤੀਆਂ ਦੀ ਵੰਡ, ਵਿੱਤੀ ਸੰਘਵਾਦ ਅਤੇ ਸੰਘੀ ਸੰਸਥਾਨਾਂ ਦੀ ਸੂਰਤ ਵਿਚ ਇਕ-ਦੂਜੇ ਨਾਲੋਂ ਬਹੁਤ ਭਿੰਨ ਹਨ। ਸੰਘਵਾਦ ਦੀ ਕਾਮਯਾਬੀ ਜਾਂ ਨਾਕਾਮਯਾਬੀ ਅੰਤ ਵਿਚ ਸੰਘੀ ਸੰਸਥਾਨਾਂ ਜਾਂ ਫ਼ੈਸਲੇ ਲੈਣ ਦੀ ਪ੍ਰਕਿਰਿਆ ਉਪਰ ਨਿਰਭਰ ਨਹੀਂ ਕਰਦੀ।

ਪਰ ਕੋਈ ਇਕ ਅਜਿਹਾ ਮਾਡਲ ਨਹੀਂ ਹੈ ਜਿਸ ਦੀ ਨਕਲ ਕੀਤੀ ਜਾ ਸਕੇ। ਵੱਖ-ਵੱਖ ਦੇਸ਼ਾਂ ਵਿਚ ਸੰਘਵਾਦ ਵੱਖ-ਵੱਖ ਤਰੀਕੇ ਪਨ੍ਹਪ ਰਿਹਾ ਹੈ। ਇਕ ਦੇਸ਼ ਵਿਚ ਸੰਘਵਾਦ ਦੀ ਕਾਮਯਾਬੀ ਦੂਜੇ ਦੇਸ਼ ਵਿਚ ਨਕਲ ਕਰਨ ਕਾਬਲ ਨਹੀਂ ਹੋ ਸਕਦੀ। ਪਰ ਫਿਰ ਵੀ ਇਕ ਦੂਜੇ ਦੇ ਤਜਰਬੇ ਤੋਂ ਸਿੱਖਣ ਲਈ ਬਹੁਤ ਕੁਝ ਹੈ। ਸੰਘਵਾਦ ਲਿਆਉਣ ਲਈ, ਇਕ ਢਾਂਚਾ ਡਿਜ਼ਾਈਨ ਕਰਨਾ ਅਤੇ ਖੜ੍ਹਾ ਕਰਨ ਦੀ ਲੋੜ ਹੁੰਦੀ ਹੈ। ਇਹ ਤਜਰਬੇ ਨਾਲ ਖੋਜਿਆ ਜਾ ਸਕਦਾ ਹੈ। ਸੰਘਰਸ਼ ਵਿਚੋਂ ਉੱਭਰੇ ਸਮਾਜ ਵਿਚ ਸੰਘਵਾਦ ਲਿਆਉਣਾ ਇਕ ਔਖਾ ਕੰਮ ਹੈ। ਇਹ ਆਸਾਨੀ ਨਾਲ ਨਹੀਂ ਹੋ ਸਕਦਾ। ਇਹ ਕੁਦਰਤੀ ਤਰੀਕੇ ਸੰਭਵ ਹੈ ਅਤੇ ਇਸ ਦੀ ਸੰਭਾਲ ਕਰਨੀ ਪੈਂਦੀ ਹੈ। ਇਸ ਉਪਰ ਕੰਮ ਕਰਨਾ ਪੈਂਦਾ ਹੈ। ਸੰਘਵਾਦ ਕੋਈ ਸ਼ੀਸ਼ਾ ਨਹੀਂ ਹੈ ਜਿਸ ਦਾ ਪਰਛਾਵਾਂ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ ਪਰ ਇਹ ਇਕ ਹਥੌੜਾ ਹੈ ਜਿਸ ਨਾਲ ਇਸ ਨੂੰ ਸ਼ਕਲ ਦੇਣੀ ਹੁੰਦੀ ਹੈ। ਸੰਘਵਾਦ ਲੋਕਾਂ ਵਿਚ ਉਤਸ਼ਾਹ ਭਰਦਾ ਹੈ ਪਰ ਕਿਸੇ ਵੇਲੇ ਉਨ੍ਹਾਂ ਨੂੰ ਚੰਗੇ ਬਣਨ ਲਈ ਅਤੇ ਚੰਗਾ ਚਲਣ ਦਿਖਾਉਣ ਲਈ ਮਜਬੂਰ ਵੀ ਕਰ ਦਿੰਦਾ ਹੈ। ਸੋਚਿਆ ਜਾਵੇ ਤਾਂ, ਕੁਝ ਅਰਥਾਂ ਵਿਚ, ਇਹ ਹਨ੍ਹੇਰੇ ਵਿਚ ਇਕ ਛਾਲ ਵਾਂਗ ਹੈ। ਇਕ ਰਾਜਨੀਤਕ ਪ੍ਰਣਾਲੀ ਜੋ ਸੰਘਵਾਦੀ ਢਾਂਚੇ ਉਪਰ ਟਿਕੀ ਹੋਈ ਹੈ, ਨਵੇਂ ਵਜੂਦ ਨੂੰ ਵਧੇਰੇ ਪਾਇਦਾਰ ਰੱਖਣ ਕਾਬਲ ਹੋ ਸਕਦੀ ਹੈ।

## ਅਨੇਕਤਾ ਦਾ ਜਸ਼ਨ

ਅਸੀਂ ਇਕ ਅਜਿਹੀ ਦੁਨੀਆਂ ਵਿਚ ਰਹਿ ਰਹੇ ਹਾਂ ਜਿਸ ਦਾ ਵਜੂਦ ਅਨੇਕਤਾ ਹੈ। ਵੰਨ-ਸੁਵੰਨਤਾ ਵਿਚ ਹੀ ਜ਼ਿੰਦਗੀ ਦਾ ਮਜ਼ਾ ਹੈ। ਅਮਰਤਿਆ ਸੇਨ ਦੇ ਸ਼ਬਦਾਂ ਵਿਚ ਇਕੱਲੀਆਂ ਪਛਾਣਾਂ ਮਨੁੱਖੀ ਜਾਤ ਨੂੰ 'ਸੂਖਮ ਕਰਨ' ਅਤੇ 'ਮਨੁੱਖੀ ਪਛਾਣ ਨੂੰ ਛੋਟਾ ਕਰਨ' ਵਲ ਧੱਕਦੀਆਂ ਹਨ। ਇਹ ਅੱਜ ਦੁਨੀਆਂ ਨੂੰ ਅਸੰਤੁਸ਼ਟਤਾ, ਹਿੰਸਾ ਅਤੇ ਇਥੋਂ ਤਕ ਕਿ ਅਤਿਵਾਦ ਵਲ ਲੈ ਜਾ ਰਹੀਆਂ ਹਨ। ਅਨੇਕਤਾ ਇਕ ਜ਼ਿੰਮੇਵਾਰੀ ਨਾ ਹੋ ਕੇ ਇਕ ਸੰਮਿਤੀ ਹੈ। ਅਨੇਕਤਾ ਆਫ਼ਤ ਦਾ ਕੋਈ ਨੁਸਖਾ ਨਹੀਂ ਹੈ ਸਗੋਂ ਜੇਕਰ ਇਸ ਦਾ

ਪ੍ਰਬੰਧਨ ਦੂਰ-ਦ੍ਰਿਸ਼ਟੀ ਨਾਲ ਕੀਤਾ ਜਾਵੇ ਤਾਂ ਇਹ ਮਜ਼ਬੂਤੀ ਹੈ। ਇਸ ਤਰ੍ਹਾਂ ਅਨੇਕਤਾ ਨੂੰ ਇੱਜ਼ਤ ਬਖਸ਼ਣ ਨਾਲ ਦੇਸ਼ ਜੁੜਿਆ ਰਹਿੰਦਾ ਹੈ। ਦੇਸ਼ ਇਕ ਹੈ ਪਰ ਰਾਸ਼ਟਰ ਅਨੇਕਤਾ ਵਾਲਾ ਹੈ। ਅਨੇਕਤਾ, ਮੁਕਾਬਲੇ ਦੀ ਤਾਕਤ ਹੈ। ਇਹ ਨਵੀਆਂ-ਨਵੀਆਂ ਖੋਜਾਂ ਨੂੰ ਉਤਸ਼ਾਹਤ ਕਰਦੀ ਹੈ।

21ਵੀਂ ਸਦੀ ਵਿਚ ਬਹੁ-ਸਭਿਆਚਾਰਕ ਸਮਾਜ ਇਕ ਮਿਆਰ ਬਣਦੇ ਜਾ ਰਹੇ ਹਨ। ਵਧ ਰਹੇ ਵਿਸ਼ਵੀਕਰਨ, ਚੁਸਤ-ਫੁਰਤ ਸੰਚਾਰ, ਲੋਕਾਂ ਦੀ ਇਕ ਸਥਾਨ ਤੋਂ ਦੂਸਰੇ ਸਥਾਨ ਲਈ ਆਵਾਜਾਈ ਅਤੇ ਵਿਚਾਰਾਂ ਅਤੇ ਵਿਸ਼ਵਾਸ ਦੀ ਬਹੁਤਾਤ ਨਾਲ ਸਮੁੱਚੇ ਗ੍ਰਹਿ ਵਿਚ ਭਵਿੱਖ ਦੀ ਦੁਨੀਆਂ ਵਿਚ ਗ਼ੈਰ-ਸਮਾਨਰੂਪ ਦੀ ਆਬਾਦੀ ਹੋਣਾ ਲਾਜ਼ਮੀ ਹੈ। ਇਹ ਦੁਨੀਆਂ ਦੀ ਬਦਲ ਰਹੀ ਨੁਹਾਰ ਹੋਵੇਗੀ। ਜਿਵੇਂ ਕਿ ਪ੍ਰੋ. ਭੀਖੂ ਪਾਰੇਖ ਤਰਕ ਦਿੰਦੇ ਹਨ 'ਸਭਿਆਚਾਰਕ ਤੌਰ ਤੇ ਇਕੋ ਜਿਹਾ ਸਮਾਜ ਜਿਸ ਦੇ ਮੈਂਬਰ ਇਕੋ ਜਿਹਾ ਵਿਸ਼ਵਾਸ ਰੱਖਦੇ ਹਨ ਅਤੇ ਇਕੋ ਜਿਹੀਆਂ ਰਹੁ-ਰੀਤਾਂ ਅਪਣਾਉਂਦੇ ਹਨ, ਅੱਜ ਮਾਨਵ ਵਿਗਿਆਨ ਵਿਚ ਇਹ ਇਕ ਕਥਾ-ਕਹਾਣੀ ਬਣ ਕੇ ਰਹਿ ਗਿਆ ਹੈ। ਆਬਾਦੀ ਦੀ ਇਕ ਸਥਾਨ ਤੋਂ ਦੂਸਰੇ ਸਥਾਨ 'ਤੇ ਆਵਾਜਾਈ ਅਤੇ ਵਿਸ਼ਵੀਕਰਨ ਨੇ ਸੰਘਵਾਦ ਨੂੰ ਇਕ ਨਵਾਂ ਜੀਵਨ ਦਿਤਾ ਹੈ। ਇਸ ਤੋਂ ਇਲਾਵਾ, ਜੇ ਬਹੁ-ਸਭਿਆਚਾਰਕ ਸਮਾਜ ਇਕ ਦੂਜੇ ਨਾਲ ਮਿਲ ਕੇ ਰਹਿਣਾ ਨਹੀਂ ਸਿਖਦੇ ਤਾਂ ਇਸ ਦੇ ਭਿਆਨਕ ਸਿੱਟੇ ਹੋ ਸਕਦੇ ਹਨ। ਇਸ ਤੋਂ ਇਹ ਅੰਦਾਜ਼ਾ ਨਹੀਂ ਲਗਾ ਲੈਣਾ ਚਾਹੀਦਾ ਕਿ ਬਹੁ-ਸਭਿਆਚਾਰਕ ਸਮਾਜ ਸਾਡੇ ਲਈ ਨਵੇਂ ਹਨ।

ਆਧੁਨਿਕਤਾ ਤੋਂ ਪਹਿਲਾਂ ਦੇ ਬਹੁਤ ਸਾਰੇ ਸਮਾਜ, ਰੋਮਨ ਸਾਮਰਾਜ, ਮੱਧਕਾਲੀਨ ਭਾਰਤ ਅਤੇ ਓਟੋਮੈਨ ਸਾਮਰਾਜ ਆਦਿ ਵਿਚ ਸਭਿਆਚਾਰਕ ਅਨੇਕਤਾ ਦੇ ਅੰਸ਼ ਬਿਰਾਜਮਾਨ ਸਨ। ਕਈ ਸਮਾਜਾਂ ਵਿਚ ਵੱਖ-ਵੱਖ ਸਭਿਆਚਾਰਕ ਗਰੁੱਪ ਲੰਬੇ ਸਮੇਂ ਤੋਂ ਰਹਿ ਰਹੇ ਹਨ। ਦੂਸਰਿਆਂ ਵਿਚ ਸਭਿਆਚਾਰਕ ਮਤਭੇਦ, ਵੱਡੀ ਗਿਣਤੀ ਵਿਚ ਬਾਹਰੋਂ ਆਏ ਲੋਕਾਂ ਕਾਰਨ ਹਨ। ਕੁਝ ਦੇਸ਼ਾਂ ਵਿਚ ਸਭਿਆਚਾਰਕ ਗਰੁੱਪ ਕੁਝ ਖ਼ਾਸ ਇਲਾਕਿਆਂ ਵਿਚ ਰਹਿ ਰਹੇ ਹਨ ਜਦ ਕਿ ਦੂਜਿਆਂ ਵਿਚ ਅਜਿਹਾ ਨਹੀਂ ਹੈ। ਕੁਝ ਦੇਸ਼ਾਂ ਵਿਚ ਬਹੁ-ਸਭਿਆਚਾਰਕ ਸਮਾਜ ਸ਼ਾਂਤੀਪੂਰਕ ਅਤੇ ਭਾਈਚਾਰੇ ਨਾਲ ਰਹਿ ਰਹੇ ਹਨ ਪਰ ਕਈ ਹੋਰਨਾਂ ਵਿਚ ਹਿੰਸਾਤਮਕ ਘਟਨਾਵਾਂ ਘਟ ਰਹੀਆਂ ਹਨ। ਕਈ ਸਮਾਜਾਂ ਨੇ ਆਪਣੀ ਅਨੇਕਤਾ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਵਿਭਿੰਨਤਾਵਾਂ ਨੂੰ ਮੰਨਣ ਤੋਂ ਇਨਕਾਰ ਕਰ ਰਹੇ ਹਨ। ਕੁਝ ਸਮਾਜਾਂ ਨੇ ਆਪਣੀ ਵਿਭਿੰਨਤਾ, ਆਬਾਦੀ ਦੇ ਇਧਰ-ਉਧਰ ਬਦਲਾਓ ਨਾਲ ਠੀਕ ਕਰਨ ਦੀ ਕੋਸ਼ਿਸ਼ ਕੀਤੀ ਹੈ ਜਦ ਕਿ ਕੁਝ ਹੋਰ ਨੇ ਕਠੋਰ ਨੀਤੀ ਅਪਣਾ ਕੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਨੇਕਤਾ ਦੇ ਪ੍ਰਬੰਧਨ ਦਾ ਸਹੀ ਤਰੀਕਾ ਸਵੈ-ਪ੍ਰਬੰਧਨ ਅਤੇ ਮਿਲ-ਜੁਲ ਕੇ ਪ੍ਰਬੰਧਨ ਵਿਚ ਹੈ। ਇਹ ਅਨੇਕਤਾ ਦਾ ਜਸ਼ਨ ਹੀ ਹੈ ਜੋ ਕਿਸੇ ਸਮਾਜ ਅਤੇ ਦੇਸ਼ ਨੂੰ ਮਜ਼ਬੂਤੀ ਦਿੰਦਾ ਹੈ।

ਬਹੁ-ਸਭਿਆਚਾਰਕ ਸਮਾਜਾਂ ਲਈ, ਸੰਘਵਾਦ ਇਕ ਖਿੱਚ ਭਰਪੂਰ ਵਿਕਲਪ ਹੋ ਸਕਦਾ ਹੈ। ਸੰਘਵਾਦ ਜੋ ਅਨੇਕਤਾ ਅਤੇ ਏਕਤਾ ਦਾ ਸੁਮੇਲ ਪੇਸ਼ ਕਰਦਾ ਹੈ, ਇਕ ਬਹੁ-ਸਭਿਆਚਾਰਕ ਸਮਾਜ ਨੂੰ ਅਜਿਹਾ ਮੌਕਾ ਦਿੰਦਾ ਹੈ ਕਿ ਉਹ ਇਸ ਦੀ ਵਰਤੋਂ ਵੀ ਕਰ ਲਵੇ ਅਤੇ ਇਸ ਨੂੰ ਸੰਭਾਲ ਕੇ ਰੱਖ ਵੀ ਸਕੇ। ਇਹ ਘੱਟ ਗਿਣਤੀਆਂ ਨੂੰ ਉਪ-ਰਾਸ਼ਟਰੀ ਇਕਾਈਆਂ ਵਿਚ ਵੱਧ ਗਿਣਤੀ ਬਣਨ ਦਾ ਮੌਕਾ ਦਿੰਦਾ ਹੈ। ਇਹ ਵੱਖ-ਵੱਖ ਭਾਸ਼ਾਵਾਂ, ਖੇਤਰਾਂ ਅਤੇ ਸਭਿਆਚਾਰਾਂ ਨੂੰ ਮਾਨਤਾ ਦੇਣ ਅਤੇ ਸਵੀਕਾਰ ਕਰਨ ਦਾ ਰਸਤਾ ਦਿਖਾਉਂਦਾ ਹੈ। ਇਹ ਅਨੇਕਤਾ ਨੂੰ ਅਪਣਾਉਂਦਾ ਹੈ, ਅਨੇਕਤਾ ਦੀ ਕਦਰ ਕਰਦਾ ਹੈ, ਅਨੇਕਤਾ ਨੂੰ ਉਤਸ਼ਾਹਿਤ ਕਰ ਸਕਦਾ ਹੈ ਅਤੇ ਇਸ ਤਰ੍ਹਾਂ ਅਨੇਕਤਾ ਦੇ ਲਾਭਾਂ ਤੋਂ ਫ਼ਾਇਦਾ ਉਠਾ ਸਕਦਾ ਹੈ।

## ਭਾਰਤੀ ਅਨੇਕਤਾਵਾਦ ਵਿਲੱਖਣ

ਭਾਰਤ ਇਕ ਰਾਸ਼ਟਰ ਅਤੇ ਇਕ ਸਮਾਜ ਦੇ ਤੌਰ ਤੇ ਉਸ ਲੇਬਲ ਜਾਂ ਉਨ੍ਹਾਂ ਸਾਰੇ ਲੇਬਲਾਂ ਨੂੰ ਨਕਾਰਦਾ ਹੈ ਜੋ ਕੋਈ ਇਸ ਉਪਰ ਲਗਾਉਣੇ ਚਾਹੇ। ਯੂ.ਆਰ. ਅਨੰਥਾਮੂਰਤੀ ਦੇ ਕਥਨ ਅਨੁਸਾਰ ਭਾਰਤ ਵਿਚ ਕੋਈ ਵੀ ਇਕੋ ਵੇਲੇ 12ਵੀਂ ਅਤੇ 21ਵੀਂ ਸਦੀ ਵਿਚ ਰਹਿ ਰਿਹਾ ਹੈ – ਅਤੇ ਵਿਚਕਾਰਲੀਆਂ ਸਭ ਸਦੀਆਂ ਵਿਚ ਵੀ। ਭਾਰਤ ਇੰਨਾ ਗੁੰਝਲਦਾਰ ਹੈ ਕਿ ਇਸ ਦੀ ਇਕ ਤਰੀਕੇ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਦੇ ਸਦੀਆਂ ਪੁਰਾਣੇ ਇਤਿਹਾਸ ਅਤੇ ਇਸ ਦੀ ਅਨੇਕਤਾ ਦਾ ਅਰਥ ਹੈ ਕਿ ਭਾਰਤ ਨੂੰ ਕਈ ਤਰੀਕੇ ਦੇਖਿਆ ਜਾ ਸਕਦਾ ਹੈ ਕਿ ਇਸ ਦਾ ਮਤਲਬ ਕੀ ਹੈ। ਉੱਘੇ ਅਮਰੀਕੀ ਲੇਖਕ ਮਾਰਕ ਟਵੇਨ ਨੇ 1896 ਵਿਚ ਆਪਣੀ ਭਾਰਤ ਯਾਤਰਾ ਦੌਰਾਨ ਕਿਹਾ ਕਿ 'ਜੋ, ਕੁਝ ਵੀ ਰੱਬ ਜਾਂ ਇਨਸਾਨ ਵਲੋਂ ਕੀਤਾ ਜਾ ਸਕਦਾ ਹੈ। ਇਸ ਧਰਤੀ ਉਪਰ ਕੀਤਾ ਗਿਆ ਹੈ।'

ਭਾਰਤ ਵਿਚ ਲੋਕਾਂ, ਸਭਿਆਚਾਰਾਂ, ਭਾਸ਼ਾਵਾਂ ਅਤੇ ਧਰਮਾਂ ਦੀ ਹੈਰਾਨਕੁਨ ਅਨੇਕਤਾ ਹੈ। ਭਾਰਤ ਦੇ ਇਸ ਤਜਰਬੇ ਨੂੰ ਜੋ ਕੁਝ ਅਦੁੱਤਾ ਬਣਾਉਂਦਾ ਹੈ, ਉਹ ਹੈ ਭਾਰਤ ਦੀਆਂ ਵੱਖ-ਵੱਖ ਬਿਰਾਦਰੀਆਂ ਦੇ ਸਭਿਆਚਾਰਕ ਗੁਣ ਕੱਟੜਪੰਥੀ ਨਹੀਂ ਹਨ ਅਤੇ ਇਹ ਕਦੇ ਵੀ ਸਮੇਂ ਅਤੇ ਖਲਾਅ ਵਿਚ ਜੜੇ ਨਹੀਂ ਰਹੇ। ਭਾਵੇਂ ਅਲਗ-ਅਲਗ ਗਰੁੱਪਾਂ ਦੀ ਖ਼ਾਸ ਪਛਾਣ ਹੈ, ਪਰ ਇਹ ਕਿਸੇ ਸਮਾਜਿਕ ਖਲਾਅ ਵਿਚ ਹੋਂਦ ਨਹੀਂ ਰੱਖਦੇ। ਭਾਰਤੀ ਅਨੇਕਤਾ ਗਿਣਤੀ ਵਿਚ ਬਹੁਤ ਵਾਧੂ ਹੀ ਨਹੀਂ ਹਨ ਸਗੋਂ ਇਹ ਜ਼ਿੰਦਾ ਅਤੇ ਪ੍ਰਪੱਕ ਵੀ ਹਨ।

ਮਸ਼ਹੂਰ ਅੰਗਰੇਜ਼ ਇਤਿਹਾਸਕਾਰ ਈ.ਪੀ. ਥੋਂਪਸਨ ਨੇ ਵੀ ਲਿਖਿਆ ਹੈ ਕਿ 'ਭਾਰਤ ਸ਼ਾਇਦ ਦੁਨੀਆਂ ਦੇ ਭਵਿੱਖ ਲਈ ਇਕ ਬਹੁਤ ਮਹੱਤਵਪੂਰਨ ਦੇਸ਼ ਹੈ। ਦੁਨੀਆਂ ਦੇ ਸਭ ਕੇਂਦਰਮੁਖੀ ਅਸਰ ਇਸ ਸਮਾਜ ਵਿਚੋਂ ਲੰਘਦੇ ਹਨ – ਹਿੰਦੂ, ਮੁਸਲਮਾਨ, ਇਸਾਈ, ਧਰਮ ਨਿਰਪੇਖ, ਸਟਾਲਿਨਵਾਦੀ, ਉਦਾਰਵਾਦੀ, ਮਾਓਵਾਦੀ, ਲੋਕਤੰਤਰਿਕ ਸਮਾਜਵਾਦੀ ਅਤੇ ਗਾਂਧੀਵਾਦੀ। ਅਜਿਹੀ ਕੋਈ, ਪੂਰਬ ਜਾਂ ਪੱਛਮ ਵਿਚ ਸੋਚ ਨਹੀਂ ਹੈ, ਜੋ ਕਿਸੇ ਨਾ ਕਿਸੇ ਭਾਰਤੀ ਦਿਮਾਗ ਉਪਰ ਛਾਈ ਹੋਈ ਨਹੀਂ ਹੈ। ਭਾਰਤ ਅਨੇਕਤਾ ਰਾਹੀਂ ਇਕ ਗੁੰਝਲਦਾਰ ਏਕਤਾ ਦਾ ਨਮੂਨਾ ਹੈ। ਇਕ ਅਜਿਹਾ ਸਮਾਜ ਹੈ ਜਿਸ ਵਿਚ ਅਨੇਕਤਾ ਦਾ ਜਸ਼ਨ ਆਧੁਨਿਕ ਦੇਸ਼ ਦੀਆਂ ਕੜੀਆਂ ਮਜ਼ਬੂਤ ਕਰਦਾ ਹੈ। ਦੇਸ਼ ਦੀ ਅਸੰਭਾਵੀ ਅਨੇਕਤਾ ਲੋਕਾਂ ਦੇ ਵੱਖ-ਵੱਖ ਪਰਵਾਹਾਂ ਨੂੰ ਅਲਗ-ਅਲਗ ਦਿਸ਼ਾਵਾਂ ਵਿਚੋਂ, ਵੱਖ-ਵੱਖ ਸਮੇਂ ਆਪਣੇ ਵੱਲ ਖਿੱਚ ਦਾ ਕਾਰਨ ਬਣੀ ਹੈ। ਭਾਰਤ ਦੀ ਬਹੁਤੀ ਆਬਾਦੀ ਵੱਖ-ਵੱਖ ਮਿਆਰਾਂ ਦਾ ਨਸਲੀ ਮਿਸ਼ਰਣ ਹੈ। ਬਹੁਤੇ ਸਥਾਨਾਂ ਵਾਂਗ ਨਾ ਹੋ ਕੇ ਜਿਥੇ ਭਾਰੂ ਮਨੁੱਖੀ ਸੱਭਿਆਚਾਰ ਨੂੰ ਦੂਸਰਿਆਂ ਨੂੰ ਆਪਣੇ ਵਿਚ ਮਿਲਾਉਣ ਜਾਂ ਉਨ੍ਹਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ, ਭਾਰਤ ਵਿਚ ਅਨੇਕਤਾ ਨੂੰ ਪ੍ਰਫੁੱਲਤ ਕਰਨ ਦੀ ਰੌ ਰਹੀ ਹੈ।

ਸਭਿਆਚਾਰ ਕੋਈ ਸਿਰਫ਼ ਪੁਰਾਣੇ ਜ਼ਮਾਨੇ

ਦਾ ਮਾਧਿਅਮ, ਵਿਰਸਾ, ਯਾਦਗਾਰੀ ਰਵਾਇਤ ਅਤੇ ਰਹੁਰੀਤ ਨਹੀਂ ਹੈ। ਸਭਿਆਚਾਰਾਂ, ਧਰਮਾਂ, ਭਾਸ਼ਾਵਾਂ ਦੀ ਅਨੇਕਤਾ ਉਹ ਬਹੁਮੁੱਲੇ ਅੰਸ਼ ਹਨ ਜਿਨ੍ਹਾਂ ਉਪਰ ਸਮਾਜ ਮਾਣ ਕਰਦਾ ਹੈ। ਸਹੀ ਅਨੇਕਤਾ ਦਾ ਅਰਥ ਹੈ ਵਧੇਰੇ ਹਿੱਸੇਦਾਰ, ਵਧੇਰੇ ਜੋਸ਼ ਅਤੇ ਵਧੇਰੇ ਸ਼ਕਤੀਆਂ ਦੇਣਾ। ਭਾਰਤ ਇਕ ਅਨੇਕਤਾਵਾਦੀ ਸਮਾਜ ਅਤੇ ਧਰਮ ਨਿਰਪੇਖ ਦੇਸ਼ ਹੈ। ਟੀ.ਐੱਨ ਮਦਾਨ ਅਨੁਸਾਰ 'ਭਾਰਤੀ ਧਰਮ ਨਿਰਪੇਖਤਾ ਅਸਲੀਅਤ ਵਿਚ ਇਸ ਦਾ ਅਨੇਕਤਾਵਾਦੀ ਹੋਣਾ ਹੈ। ਇਸੇ ਬਰਲਿਨ ਦਾ ਕਹਿਣਾ ਹੈ, 'ਅਨੇਕਤਾਵਾਦ ਇਕ ਧਾਰਨਾ ਹੈ ਜਿਸ ਦੀ ਵੱਖ-ਵੱਖ ਸੋਚ ਹੈ। ਇਨਸਾਨ ਹਾਸਲ ਕਰਨ ਪਰ ਫਿਰ ਵੀ ਪੂਰੀ ਤਰ੍ਹਾਂ ਤਰਕਸ਼ੀਲ ਇਨਸਾਨ ਰਹਿਣ, ਇਕ ਦੂਜੇ ਨੂੰ ਸਮਝਣ ਦੇ ਸਮਰੱਥ ਅਤੇ ਇਕ ਦੂਜੇ ਵੱਲ ਹਮਦਰਦੀ ਦਿਖਾਉਣ ਵਾਲੇ ਅਤੇ ਇਕ ਦੂਜੇ ਤੋਂ ਰੌਸ਼ਨੀ ਲੈਣ ਵਾਲੇ। ਸਮੇਂ ਅਤੇ ਖਲਾਅ ਵਿਚ ਸਭਿਆਚਾਰਾਂ ਵਿਚ ਅੰਤਰ-ਸੰਚਾਰ ਸਿਰਫ਼ ਇਸ ਕਰਕੇ ਸੰਭਵ ਹੈ ਕਿ ਜੋ ਕੁਝ ਮਨੁੱਖ ਨੂੰ ਇਨਸਾਨ ਬਣਾਉਂਦਾ ਹੈ ਉਹ ਸਭ ਵਿਚ ਇਕੋ ਜਿਹਾ ਹੈ ਅਤੇ ਉਨ੍ਹਾਂ ਵਿਚਕਾਰ ਪੁਲ ਦਾ ਕੰਮ ਕਰਦਾ ਹੈ।' (ਇਸੇ ਬਰਲਿਨ, ਦੀ ਪਰੌਪਰ ਸਟੱਡੀ ਆਫ਼ ਮੈਨਕਾਈਂਡ 1997)।

ਭਾਰਤ ਨੇ ਆਤਮਸਾਤ ਕਰਨ ਅਤੇ ਕੁਠਾਲੀ ਨੀਤੀ ਵਾਲੇ ਮਾਡਲਾਂ ਨੂੰ ਅਸਵੀਕਾਰ ਕਰ ਦਿਤਾ ਹੈ। ਇਸ ਦੀ ਬਜਾਇ ਇਸ ਨੇ 'ਸਲਾਦ ਕਟੋਰਾ' ਜਾਂ 'ਸ਼ਾਨਦਾਰ ਮੋਜ਼ੈਕ' ਅਲੰਕਾਰਾਂ ਦੀ ਵਰਤੋਂ ਨੂੰ ਤਰਜੀਹ ਦਿਤੀ ਜਿਸ ਵਿਚ ਹਰ ਨਸਲੀ/ਸਭਿਆਚਾਰਕ ਤੱਤ ਆਪਣੀ ਅਲਗ ਹੋਂਦ ਬਣਾ ਕੇ ਰਖਦੇ ਹਨ। ਮਹਾਤਮਾ ਗਾਂਧੀ ਦਾ ਮਸ਼ਹੂਰ ਕਥਨ ਭਾਰਤ ਦੀ 'ਏਕਤਾ ਵਿਚ ਅਨੇਕਤਾ' ਦੇ ਕਥਨ ਦੇ ਸਾਰ ਨੂੰ ਦਰਸਾਉਂਦਾ ਹੈ : "ਮੈਂ ਆਪਣੇ ਘਰ ਨੂੰ ਚੁਫੇਰੇ ਬੰਦ ਦੀਵਾਰਾਂ ਨਾਲ ਘਿਰਿਆ ਅਤੇ ਸਭ ਖਿੜਕੀਆਂ ਨੂੰ ਬੰਦ ਨਹੀਂ ਚਾਹੁੰਦਾ। ਮੈਂ ਚਾਹੁੰਦਾ ਹਾਂ ਕਿ ਸਭ ਪਾਸਿਆਂ ਦਾ ਸਭਿਆਚਾਰ ਮੇਰੇ ਘਰ ਦੇ ਚਾਰੋਂ ਤਰਫ਼ ਇਸ ਤਰ੍ਹਾਂ ਖੁੱਲ੍ਹਾ ਘੁੰਮੇ ਜਿੰਨਾ ਸੰਭਵ ਹੋ ਸਕੇ। ਪਰ ਮੈਂ ਕਿਸੇ ਨੂੰ ਵੀ ਆਪਣੀਆਂ ਜੜ੍ਹਾਂ ਉਖਾੜਨ ਨਹੀਂ ਦੇਵਾਂਗਾ।"

## ਅਨੇਕਤਾ ਹੀ ਏਕਤਾ ਹੈ

ਉਹ ਵੀ ਇਕ ਸਮਾਂ ਸੀ ਜਦੋਂ ਏਕਤਾ ਵਿਚ ਅਨੇਕਤਾ ਕਈ ਨਵੇਂ ਆਜ਼ਾਦ ਹੋਏ ਦੇਸ਼ਾਂ ਦਾ ਨਾ-ਭੁੱਲਣਯੋਗ ਮੰਤਰ ਸੀ। ਇਹ ਮੰਤਰ ਹਰ ਕਿਸਮ ਦੇ ਮੌਕੇ 'ਤੇ ਉਚਾਰਿਆ ਜਾਂਦਾ ਸੀ। ਕਈ ਦੇਸ਼ਾਂ ਨੇ ਤਾਂ ਇਸ ਕਥਨ ਨੂੰ ਆਪਣੇ ਸੰਵਿਧਾਨ ਵਿਚ ਹੀ ਸ਼ਾਮਿਲ ਕਰ ਲਿਆ। ਬਾਅਦ ਵਿਚ ਇਕ ਹੋਰ ਫੈਸ਼ਨਦਾਰ ਕਥਨ ਅਨੇਕਤਾ ਰਾਹੀਂ ਏਕਤਾ ਦਾ ਚਲਨ ਹੋਇਆ। ਭਾਰਤ ਨੇ ਇਕ ਅਜਿਹੇ ਮਾਡਲ ਦੀ ਮਿਸਾਲ ਕਾਇਮ ਕੀਤੀ ਹੈ ਜਿਸ ਦੀ ਵਿਆਖਿਆ ਅਨੇਕਤਾ ਹੀ ਏਕਤਾ ਹੈ ਵਜੋਂ ਕੀਤੀ ਜਾ ਸਕਦੀ ਹੈ। ਭਾਰਤ ਨੇ ਨਾ ਸਿਰਫ਼ ਸਭਿਆਚਾਰਾਂ, ਧਰਮਾਂ ਅਤੇ ਭਾਸ਼ਵਾਂ ਦੀ ਅਨੇਕਤਾ ਦਾ ਆਦਰ ਕੀਤਾ ਹੈ ਸਗੋਂ ਉਨ੍ਹਾਂ ਨੂੰ ਚਾਹਿਆ ਹੈ। ਸਭਿਆਚਾਰਕ ਅਤੇ ਧਾਰਮਿਕ ਗੁਣਾਂ, ਸੋਚ ਅਤੇ ਲੋਕਾਚਾਰ ਦੀ ਲਗਾਤਾਰ ਅਦਲਾ-ਬਦਲੀ ਅਤੇ ਸਾਂਝ ਨੇ ਇਕ ਵਿਲੱਖਣ ਕਿਸਮ ਦੇ ਸਭਿਆਚਾਰਕ ਸੁਮੇਲ ਵਿਚ ਯੋਗਦਾਨ ਪਾਇਆ ਹੈ।

ਭਾਰਤ ਦੀ ਕਾਮਯਾਬੀ ਦੀ ਕੁੰਜੀ ਕੀ ਹੈ? ਸੰਘਵਾਦ ਭਾਰਤ ਦੇ ਲੋਕਤੰਤਰੀ ਢਾਂਚੇ ਦੀ ਨੀਂਹ ਹੈ। ਭਾਰਤ ਦੇ ਆਕਾਰ ਅਤੇ ਹੈਰਾਨਕੁਨ ਅਨੇਕਤਾ ਵਾਲੇ ਦੇਸ਼ ਵਿਚ, ਸੰਘਵਾਦ ਦੀ ਪਛਾਣ ਰਾਸ਼ਟਰੀ ਪਛਾਣ ਅਤੇ ਰਾਸ਼ਟਰੀ ਆਕਾਂਖਿਆ ਨਾਲ ਹੋਣ ਲੱਗੀ ਹੈ। ਇਹ ਵਿਭਿੰਨਤਾ ਨੂੰ ਸੰਜੋਅ ਕੇ ਰੱਖਣ ਅਤੇ ਅਨੇਕਤਾ ਵਾਲੇ ਸਮਾਜ ਦੀ ਵਿਸ਼ੇਸ਼ਤਾ ਦੀ ਕੁੰਜੀ ਹੈ। ਭਾਰਤ ਦੀ ਕਾਮਯਾਬੀ ਦੀ ਕੁੰਜੀ ਇਹ ਵਿਸ਼ਵਾਸ ਹੈ ਕਿ ਕੋਈ ਇਕ ਫਿਰਕਾ ਪੂਰੇ ਦੇਸ਼ ਵੀ ਗਰੁੱਪ ਨੂੰ ਵਿਸ਼ੇਸ਼ ਦਰਜਾ ਪ੍ਰਾਪਤ ਨਹੀਂ ਹੈ ਭਾਵੇਂ ਉਹ ਕਿੰਨੀ ਵੀ ਵੱਡੀ ਬਹੁਗਿਣਤੀ ਵਾਲਾ ਗਰੁੱਪ ਕਿਉਂ ਨਾ ਹੋਵੇ ਅਤੇ ਘੱਟ ਗਿਣਤੀ ਗਰੁੱਪ, ਧਰਮ, ਭਾਸ਼ਾ, ਸਮਾਜਿਕ-ਸਭਿਆਚਾਰਕ ਆਧਾਰਿਤ ਗਰੁੱਪਾਂ ਨੂੰ ਬਹੁ-ਗਿਣਤੀਵਾਦ ਏਜੰਡਿਆਂ ਤੋਂ ਸੁਰੱਖਿਆ ਦਿਤੀ ਜਾਵੇਗੀ।"

ਏਕਤਾ ਵਿਚ ਅਨੇਕਤਾ ਸਿਰਫ਼ ਇਕ ਨਾਅਰਾ ਹੀ ਨਹੀਂ ਸਗੋਂ ਜ਼ਿੰਦਗੀ ਦਾ ਇਕ ਤੱਥ ਹੈ ਅਤੇ ਇਹ ਲੋਕਤੰਤਰ, ਸੰਘਵਾਦ, ਸਹਿਣਸ਼ੀਲਤਾ ਅਤੇ ਧਰਮ-ਨਿਰਪੇਖਤਾ ਉਪਰ ਆਧਾਰਿਤ ਹੈ। ਸ਼ੁਰੂ ਤੋਂ ਹੀ ਭਾਰਤੀ ਸਭਿਅਤਾ ਵਿਭਿੰਨਤਾ ਵਾਲੀ ਸੀ। ਭਾਰਤੀ ਸਭਿਅਤਾ ਦਾ ਅਤੇ ਮਿਲਿਆ-ਜੁਲਿਆ ਲੋਕਾਚਾਰ ਜੋ ਵੈਦਿਕ ਕਾਲ ਤੋਂ ਹੋਂਦ ਵਿਚ ਆਉਣਾ ਸ਼ੁਰੂ ਹੋਇਆ, ਨੂੰ ਬੋਧੀ ਅਤੇ ਜੈਨ ਧਰਮ ਤੋਂ ਹੁੰਗਾਰਾ ਮਿਲਿਆ। ਮੱਧਕਾਲੀ ਸਮੇਂ ਦੇ ਸ਼ੁਰੂ ਵਿਚ ਇਸ ਨੂੰ ਹੋਰ ਉਤਸ਼ਾਹ ਮਿਲਿਆ ਜਿਸ ਵੇਲੇ ਭਗਤੀ ਲਹਿਰ ਆਪਣੇ ਸ਼ੁਰੂਆਤੀ ਸਿਖਰ ਬਿੰਦੂ 'ਤੇ ਸੀ। ਮੈਕਸੀਕੋ ਦੇ ਨੋਬੇਲ ਵਿਜੇਤਾ ਉਕਤਾਵੀਓ ਪਾਜ਼ ਨੇ ਇਕ ਬੜੀ ਦਿਲਚਸਪ ਗੱਲ ਕਹੀ ਹੈ। ਭਾਰਤ ਦੇ ਵੱਖ-ਵੱਖ ਧਾਰਮਿਕ ਰੀਤਾਂ ਦੇ ਏਕੀਕ੍ਰਿਤ ਸਭਿਆਚਾਰ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ "ਕੀ ਹਿੰਦੂ ਧਰਮ ਅਤੇ ਇਸਲਾਮ ਇਕੋ ਧਰਤੀ 'ਤੇ ਦੋ ਸਭਿਆਤਾਵਾਂ ਹਨ ਜਾਂ ਇਹ ਦੋ ਧਰਮ ਇਕੋ ਸਭਿਅਤਾ ਵਲੋਂ ਉਤਸ਼ਾਹਿਤ ਕੀਤੇ ਜਾ ਰਹੇ ਹਨ, ਇਹ ਕਹਿਣਾ ਔਖਾ ਹੈ।" ਪਰ ਭਾਰਤ ਇਕ ਵਿਰੋਧਾਭਾਸ ਹੈ। ਇਹ ਇਕ ਸੰਘ ਹੈ ਇਕ ਅਨੇਕਤਾਵਾਦੀ ਸਮਾਜ ਵੀ ਹੈ। ਅਨੇਕਤਾ ਭਰਪੂਰ ਹੋਣ ਅਤੇ ਇਕ ਸੰਘ ਹੋਣ ਵਿਚਾਲੇ ਫ਼ਰਕ ਹੈ। ਇਕ ਏਕਾਤਮਕ ਦੇਸ਼ ਵੀ ਅਨੇਕਤਾ ਭਰਪੂਰ ਸਮਾਜ ਵਾਲਾ ਹੋ ਸਕਦਾ ਹੈ। ਸਪੁਰਦਗੀ, ਸ਼ਕਤੀਆਂ ਦਾ ਵਿਕੇਂਦਰੀਕਰਨ ਅਤੇ ਹਰ ਨਾਗਰਿਕ ਨੂੰ ਬੁਨਿਆਦੀ ਹੱਕਾਂ ਦੀ ਜ਼ਾਮਨੀ ਨੇ ਭਾਰਤੀ ਸੰਘ ਨੂੰ ਕਾਇਮ ਰਖਿਆ ਹੈ। ਭਾਰਤ ਦੀ ਕਾਮਯਾਬੀ ਬਹੁਤ ਹੱਦ ਤਕ ਸੰਘਵਾਦੀ ਰਾਜ-ਪ੍ਰਬੰਧ ਅਤੇ ਅਨੇਕਤਾ ਪੂਰਨ ਸਮਾਜ ਦੇ ਗੁਣਾਂ ਨੂੰ ਸੰਸਥਾਗਤ ਕਰਨ ਕਰਕੇ ਹੈ।

## ਭਾਸ਼ਾ ਤੇ ਘੱਟ-ਗਿਣਤੀ ਦੇ ਅਧਿਕਾਰ

ਭਾਰਤੀ ਸੰਵਿਧਾਨ ਵਿਚ ਧਰਮ ਦੀ ਖੁੱਲ੍ਹ ਦੇ ਅਧਿਕਾਰ ਸਮੇਤ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਸੁਰੱਖਿਆ ਦਾ ਇਕ ਢਾਂਚਾ ਦਰਜ ਕੀਤਾ ਗਿਆ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਕਿਹਾ ਗਿਆ ਹੈ ਕਿ ਭਾਰਤ ਇਕ ਧਰਮ ਨਿਰਪੇਖ ਦੇਸ਼ ਹੈ। ਬੁਨਿਆਦੀ ਅਧਿਕਾਰਾਂ ਤਹਿਤ ਕੋਈ ਵੀ ਧਰਮ ਅਪਣਾਉਣ ਦੀ ਜ਼ਾਮਨੀ ਦਿਤੀ ਗਈ ਹੈ ਅਤੇ ਹਰ ਧਰਮ ਦੇ ਭਾਰਤੀ ਨਾਗਰਿਕਾਂ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ, ਅਭਿਆਸ ਕਰਨ ਅਤੇ ਉਸ ਨੂੰ ਫੈਲਾਉਣ ਦੀ ਖੁੱਲ੍ਹ ਦਿੰਦਾ ਹੈ। ਭਾਰਤ ਦਾ ਘੱਟ ਗਿਣਤੀਆਂ ਪ੍ਰਤਿ ਦ੍ਰਿਸ਼ਟੀਕੋਣ 1930 ਵਿਚ ਕਾਇਮ ਹੋ ਗਿਆ ਸੀ। ਆਜ਼ਾਦੀ ਦੇ ਸੰਘਰਸ਼ ਦੇ ਨੇਤਾਵਾਂ ਨੇ ਜੋ ਦ੍ਰਿਸ਼ਟੀਕੋਣ ਅਪਣਾਇਆ, ਉਹ ਸੀ : "ਕਿਸੇ ਵੀ ਦੇਸ਼ ਵਿਚ ਜਦੋਂ ਤਕ ਕਿਸੇ ਘੱਟ ਗਿਣਤੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਾਂ ਉਨ੍ਹਾਂ ਨੂੰ ਬਹੁ-ਗਿਣਤੀ ਦੇ ਰਸਤੇ ਚਲਣ ਲਈ ਮਜਬੂਰ ਕੀਤਾ ਜਾਂਦਾ ਹੈ, ਉਥੇ ਸਥਾਈ ਸੰਤੁਲਨ ਕਾਇਮ ਨਹੀਂ

ਰਹਿ ਸਕਦਾ। ਅਸੀਂ, ਭਾਰਤ ਦੇ ਲੋਕ ਸਭ ਨੂੰ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਸਾਡੀ ਨੀਤੀ ਘੱਟ-ਗਿਣਤੀਆਂ ਨੂੰ ਇਹ ਖੁੱਲ੍ਹ ਦੇਣ ਦੀ ਹੈ ਅਤੇ ਕਿਸੇ ਵੀ ਹਾਲਾਤ ਵਿਚ ਉਨ੍ਹਾਂ ਵੱਲ ਕਿਸੇ ਕਿਸਮ ਦੀ ਵਧੀਕੀ ਜਾਂ ਉਨ੍ਹਾਂ ਉਪਰ ਦਬਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।" ਭਾਰਤ ਧਰਮ ਨਿਰਪੇਖ ਹੈ ਕਿਉਂਕਿ ਇਥੋਂ ਦੇ ਲੋਕ, ਇਥੋਂ ਦਾ ਸਭਿਆਚਾਰ ਅਤੇ ਰਾਸ਼ਟਰੀ ਲੋਕਾਚਾਰ ਧਰਮ ਨਿਰਪੇਖ ਹਨ। ਧਰਮ ਨਿਰਪੇਖਤਾ ਭਾਰਤ ਦੇ ਜਨਮਤ ਦੀ ਕਿਸਮਤ ਹੈ।

ਭਾਰਤ ਇਕ ਧਰਮ ਨਿਰਪੇਖ ਦੇਸ਼ ਹੈ ਪਰ ਕਿਸੇ ਵੀ ਹੋਰ ਧਰਮ ਨਿਰਪੇਖ ਦੇਸ਼ ਵਿਚ ਇਸ ਜਿੰਨੀਆਂ ਧਾਰਮਿਕ ਛੁੱਟੀਆਂ ਨਹੀਂ ਹਨ। ਭਾਰਤੀ ਧਰਮ ਨਿਰਪੇਖਤਾ ਨੇ ਕਦੇ ਵੀ ਕਿਸੇ ਵੀ ਧਰਮ ਨੂੰ ਮੰਨਣ ਜਾਂ ਧਰਮ ਦੇ ਜਸ਼ਨ ਨੂੰ ਨਿਰਉਤਸ਼ਾਹ ਨਹੀਂ ਕੀਤਾ। ਭਾਰਤੀ ਸਮਾਜਿਕ ਢਾਂਚਾ ਧਰਮ ਦੇ ਤਾਣੇ-ਬਾਣੇ ਨਾਲ ਗੁੰਦਿਆ ਹੋਇਆ ਹੈ। ਪਿਛਲੇ ਕੁਝ ਸਾਲਾਂ ਤੋਂ ਕੁਝ ਲੋਕ ਧਰਮ ਨਿਰਪੇਖਤਾ ਨੂੰ ਵਿਵਾਦਤ ਧਾਰਨਾ ਕਹਿਣ ਲੱਗ ਪਏ ਹਨ। ਧਰਮ ਨਿਰਪੇਖਤਾ ਦੇ ਪੈਰੋਕਾਰਾਂ ਦਾ ਕਹਿਣਾ ਹੈ ਕਿ ਭਾਰਤ ਦੇਸ਼ ਕਾਫ਼ੀ ਹੱਦ ਤਕ ਧਰਮ ਨਿਰਪੇਖ ਨਹੀਂ ਹੈ। ਉਧਰ ਦੂਜੇ ਪਾਸੇ, ਧਰਮ ਨਿਰਪੇਖਤਾ ਦਾ ਵਿਰੋਧ ਕਰਨ ਵਾਲਿਆਂ ਵਲੋਂ ਰਾਜ ਉਪਰ ਅਕਸਰ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਇਹ ਜਾਅਲੀ ਧਰਮ ਨਿਰਪੇਖਤਾ ਅਤੇ ਘੱਟ ਗਿਣਤੀਆਂ ਨੂੰ ਵਧੇਰੇ ਆਦਰ ਦੇ ਕੇ ਉਨ੍ਹਾਂ ਨੂੰ ਚੰਭਲਾ ਰਿਹਾ ਹੈ। ਧਰਮ ਨਿਰਪੇਖਤਾ ਭਾਰਤੀ ਗਣਤੰਤਰ ਦਾ ਅਟੁੱਟ ਹਿੱਸਾ ਹੈ। ਇਸ ਨਾਲ ਧਰਮ ਨਿਰਪਖੇਤਾ ਨੂੰ ਘੱਟ ਨਹੀਂ ਕੀਤਾ ਜਾ ਸਕਦਾ ਕਿ ਧਰਮ ਨਿਰਪੇਖਤਾ ਦੇ ਲਾਭਾਂ ਅਤੇ ਇਸ ਦੀਆਂ ਬੰਦਸ਼ਾਂ ਉਪਰ ਅੱਜ ਬਹਿਸ ਹੋ ਰਹੀ ਹੈ।

ਵਿਸ਼ਵੀਕਰਨ ਦੀ ਪ੍ਰਕਿਰਿਆ ਤੇ ਸਭਿਆਚਾਰਾਂ ਵਿਚ ਵਧ ਰਹੀ ਇਕਸਾਰਤਾ, ਘੱਟ ਗਿਣਤੀ ਗਰੁੱਪ ਹੋਣ ਦੀ ਪਛਾਣ ਅਤੇ ਉਸ ਦੇ ਤਰੀਕੇ ਅਤੇ ਦੇਸੀ ਲੋਕਾਂ ਦੀ ਭਾਸ਼ਾ ਸ਼ੈਲੀ, ਇਤਿਹਾਸਕ ਅਤੇ ਰੂਹਾਨੀ ਰਵਾਇਤਾਂ ਵਿਚ ਕਮੀ ਰਾਹੀਂ ਸਭਿਆਚਾਰਕ ਵਿਭਾਜਨ ਤੋਂ ਡਰ ਪੈਦਾ ਹੋਏ ਹਨ ਜੋ ਦੋਵੇਂ ਸੋਚੇ ਜਾ ਸਕਣ ਵਾਲੇ ਅਤੇ ਅਸਲੀਅਤ ਵਿਚ ਹਨ। ਭਾਰਤੀ ਸਭਿਅਤਾ ਨੇ ਆਪਣੇ ਵਿਚ ਬਹੁਤ ਲਚਕ ਦਿਖਾਈ ਹੈ ਅਤੇ ਇਹ ਬਾਹਰੀ ਸਭਿਆਚਾਰਕ ਅਸਰਾਂ ਦੀਆਂ ਵਾਰ-ਵਾਰ ਆ ਰਹੀਆਂ ਲਹਿਰਾਂ ਨਾਲ ਹੋਰ ਸਮਰਿੱਧ ਹੋਈ ਹੈ। ਇਸ ਦਾ ਲਗਾਤਾਰ ਪੁਨਰ ਜੀਵਨ, ਨਵੀਨੀਕਰਨ ਅਤੇ ਕਾਇਆ ਕਲਪ ਹੋ ਰਿਹਾ ਹੈ।

ਭਾਰਤ ਦੁਨੀਆਂ ਨੂੰ ਬਹੁਤ ਕੁਝ ਦੇ ਸਕਦਾ ਹੈ, ਖ਼ਾਸ ਤੌਰ ਤੇ ਅਨੇਕਤਾ ਵਿਚ ਰਹਿਣ ਦਾ ਇਸ ਦਾ ਲੰਬਾ ਤਜਰਬਾ। ਪਰ ਫਿਰ ਵੀ, ਭਾਰਤ ਦੀਆਂ ਅਨੇਕਤਾਵਾਂ ਵੀ ਚੁਨੌਤੀ ਤੋਂ ਬਿਨਾਂ ਨਹੀਂ ਹਨ। ਭਾਵੇਂ ਭਾਰਤ ਦੁਨੀਆਂ ਦੇ ਦੇਸ਼ਾਂ ਵਿਚ ਏਕਤਾ ਵਿਚ ਅਨੇਕਤਾ ਦੇ ਮਾਡਲ ਦੇ ਰੂਪ ਵਿਚ ਮੋਢੀ ਹੈ ਪਰ ਅਜਿਹਾ ਵੀ ਹੈ ਕਿ ਇਸ ਦੀ ਏਕਤਾ ਨੂੰ ਆਰਥਿਕ ਅਸਮਾਨਤਾ, ਧਾਰਮਿਕ ਕੱਟੜਵਾਦ ਅਤੇ ਨਸਲੀ ਝਗੜਿਆਂ ਤੋਂ ਭਾਰੀ ਧਮਕੀ ਮਿਲ ਰਹੀ ਹੈ। ਸਭਿਆਚਾਰ, ਧਰਮ ਅਤੇ ਨਸਲ ਦੇ ਨਾਮ 'ਤੇ ਫਿਰਕੂ ਦੰਗੇ ਹੋਏ ਹਨ।

ਆਧੁਨਿਕ ਸਮਾਜ ਬਹੁਤਾ ਕਰਕੇ ਬਹੁ-ਸਭਿਆਚਾਰਕ ਹੋ ਰਹੇ ਹਨ। ਹਾਵੀ ਗਰੁੱਪਾਂ ਦਾ ਵਰਤਾਓ ਹਰ ਸਮਾਜ ਵਿਚ ਵਧੇਰੇ ਪੜਚੋਲ ਵਿਚ ਹੈ। ਧਰਮ ਨਿਰਪੇਖਤਾ ਕਿਸੇ ਮਾਅਨੇ ਵੀ ਘੱਟ ਗਿਣਤੀਆਂ ਦੀ ਫਿਰਕਾਪ੍ਰਸਤੀ ਨੂੰ ਜਾਇਜ਼ ਕਰਾਰ ਨਹੀਂ ਦਿੰਦੀ। ਪ੍ਰੋ. ਸ਼ਿਵ ਵਿਸ਼ਵਾਨਾਥਨ ਅਨੁਸਾਰ, "ਧਰਮ ਨਿਰਪੇਖਤਾ, ਘੱਟ ਗਿਣਤੀਆਂ ਵਲੋਂ ਜ਼ਬਰਦਸਤੀਆਂ ਨੂੰ ਵੱਧ ਗਿਣਤੀਆਂ ਦੇ ਪੱਖਪਾਤ ਤੋਂ ਚੰਗੇਰਾ ਨਹੀਂ ਸਮਝਦੀ।"

ਭਾਰਤ ਵਿਚ ਭਾਸ਼ਾ ਦੀ ਅਨੇਕਤਾ ਦਿਲ ਨੂੰ ਧੂਹ ਪਾਉਣ ਵਾਲੀ ਵੀ ਹੈ। ਭਾਸ਼ਾ ਗਰੁੱਪ ਸਭਿਆਚਾਰ ਅਤੇ ਪਛਾਣ ਦੀ ਇਕ ਸ਼ਕਤੀਸ਼ਾਲੀ ਚਿੰਨ੍ਹ ਹੈ। ਬਹੁ-ਭਾਸ਼ਾ ਹਮੇਸ਼ਾ ਹੀ ਭਾਰਤੀ ਜੀਵਨ ਦਾ ਇਕ ਅੰਗ ਰਹੀ ਹੈ। ਭਾਰਤ ਵਿਚ ਕਈ ਲੇਖਕ ਉਹੋ ਭਾਸ਼ਾ ਨਹੀਂ ਬੋਲਦੇ ਜਿਸ ਵਿਚ ਉਹ ਲਿਖ ਰਹੇ ਹੋਣ। ਮਹਾਂਦੀਪ ਦੇ ਆਕਾਰ ਦੇ ਭਾਰਤ ਵਿਚ ਅਕਸਰ ਉਹੀ ਵਿਅਕਤੀ ਵੱਖ-ਵੱਖ ਭਾਸ਼ਾਵਾਂ ਜਾਂ ਉਪ-ਭਾਸ਼ਾਵਾਂ ਵੱਖ-ਵੱਖ ਹਾਲਤਾਂ ਵਿਚ ਅਲਗ-ਅਲਗ ਵਰਤੋਂ ਕਰਦਾ ਹੈ। ਉਦਾਹਰਣ ਵਜੋਂ, ਉੱਤਰ-ਪੂਰਬੀ ਭਾਰਤ ਵਿਚ ਇਕ *ਖਾਸੀ* ਔਰਤ, ਹੋਰ ਔਰਤਾਂ ਨਾਲ ਗੱਲਬਾਤ ਵਿਚ ਔਰਤਾਂ ਦੀ ਉਪਭਾਸ਼ਾ ਬੋਲਦੀ ਹੈ ਪਰ ਜਦੋਂ ਉਹ *ਖਾਸੀ* ਪੁਰਸ਼ਾਂ ਨਾਲ ਗੱਲਬਾਤ ਕਰਦੀ ਹੈ, ਤਾਂ ਪੁਰਸ਼ਾਂ ਵਾਲੀ ਬੋਲੀ ਬੋਲਦੀ ਹੈ। ਦੇਸ਼ ਦੇ ਵੱਖ-ਵੱਖ ਭਾਗਾਂ ਵਿਚ, ਭਾਸ਼ਾਈ ਹਲਚਲ, ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਜ਼ਬਰਦਸਤ ਵੰਗਾਰ ਦੇ ਰਹੀ ਹੈ। ਪਰ ਰਾਜਨੀਤਕ ਆਗੂਆਂ ਨੇ ਨਾ ਸਿਰਫ਼ ਸਭ ਮੁੱਖ ਭਾਸ਼ਾਵਾਂ ਨੂੰ ਰਾਸ਼ਟਰੀ ਭਾਸ਼ਾਵਾਂ ਦਾ ਦਰਜਾ ਦੇ ਕੇ ਸਗੋਂ ਭਾਸ਼ਾ ਆਧਾਰਿਤ ਰਾਜ ਬਣਾ ਕੇ ਜ਼ਬਰਦਸਤ ਰਾਜਨੀਤਕ ਸੂਝ-ਬੂਝ ਅਤੇ ਦੂਰ-ਦ੍ਰਿਸ਼ਟੀ ਦਿਖਾਈ।

ਭਾਰਤ, ਏਕਤਾ ਵਿਚ ਅਨੇਕਤਾ, ਖੁੱਲ੍ਹੇਪਨ ਅਤੇ ਸਮਾਵੇਸ਼ੀਪਨ ਦਾ ਵਿਚਾਰ ਸਮੇਂ ਅਤੇ ਇਤਿਹਾਸ ਦੀ ਪਰਖ ਉੱਤੇ ਖਰਾ ਉਤਰਿਆ ਹੈ। ਭਾਰਤ ਨੇ ਆਰਥਿਕ ਵਿਕਾਸ ਅਤੇ ਬੁਨਿਆਦੀ ਮਾਨਵੀ ਅਧਿਕਾਰਾਂ ਲਈ ਕਾਨੂੰਨ ਅਤੇ ਵਿਵਸਥਾ ਨੂੰ ਆਦਰ ਸਤਿਕਾਰ ਦੇ ਕੇ ਧਰਮ ਨਿਰਪੇਪ ਅਤੇ ਲੋਕਤੰਤਰੀ ਸੰਵਿਧਾਨ ਦੇ ਦਾਇਰੇ ਅੰਦਰ ਸਮਾਜਿਕ ਅਤੇ ਰਾਜਨੀਤਕ ਸ਼ਕਤੀਕਰਨ ਨੂੰ ਅਪਣਾਉਣ ਦੀ ਕਾਮਯਾਬੀ ਨਾਲ ਭਾਰਤ ਨੇ ਦੁਨੀਆਂ ਦੇ ਦੇਸ਼ਾਂ ਵਿਚ ਇਕ ਵਿਸ਼ੇਸ਼ ਦਰਜਾ ਹਾਸਿਲ ਕੀਤਾ ਹੈ।

***ਸਮੁੱਚੇ ਤੌਰ ਤੇ, ਸ਼ਾਇਦ ਭਾਰਤ ਬਹੁ-ਸਭਿਆਚਾਰਕ ਜੀਵਨ ਦਾ ਇਕ ਸਭ ਤੋਂ ਵੱਡਾ ਤਜਰਬਾ ਹੈ। ਯੂ ਐੱਨ ਡੀ ਪੀ ਦੀ 2004 ਦੀ ਰਿਪੋਰਟ ਨੇ ਇਸ ਵਿਚਾਰ ਦਾ ਅਸਲੀ ਰੂਪ ਉਘਾੜ ਦਿਤਾ ਹੈ ਕਿ ਸਭਿਆਚਾਰਕ ਅਨੇਕਤਾ ਨਾਲ ਸਭਿਅਤਾਵਾਂ ਵਿਚ ਝਗੜੇ ਵਧਦੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਅਨੇਕਤਾ ਅਤੇ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਵਿਕਾਸ ਲਈ ਅਤਿ ਲੋੜੀਂਦੇ ਹਨ। ਵਧੇਰੇ ਮਹੱਤਵ ਦੀ ਗੱਲ ਇਹ ਹੈ ਕਿ ਇਸ ਰਿਪੋਰਟ ਨੇ ਭਾਰਤ ਨੂੰ ਇਕ ਅਜਿਹੇ ਦੇਸ਼ ਵਜੋਂ ਦੇਖਿਆ ਹੈ ਜੋ ਇਕ ਉਦਾਹਰਣ ਹੈ ਕਿ ਕਿਵੇਂ ਗਰੀਬ ਤੇ ਵੰਨ-ਸੁਵੰਨਤਾ ਵਾਲੇ ਦੇਸ਼ ਬਹੁ-ਸਭਿਆਚਾਰਕ ਨੀਤੀਆਂ ਨਾਲ ਚੰਗੀ ਤਰ੍ਹਾਂ ਚਲ ਸਕਦੇ ਹਨ।***

ਭਾਰਤ ਦਾ ਤਜਰਬਾ ਇਸ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਕੋਈ ਵੀ ਸਭਿਆਚਾਰ ਸਭ ਤੋਂ ਉੱਤਮ ਨਹੀਂ ਹੈ ਅਤੇ ਨਾ ਹੀ ਸਭ ਤੋਂ ਚੰਗਾ ਜੀਵਨ ਦਾ ਸੂਚਕ ਹੈ। ਸਭਿਆਚਾਰਾਂ ਵਿਚਕਾਰ ਸਮਾਲੋਚਨਾਤਮਕ ਵਾਦ-ਵਿਵਾਦ ਤੋਂ ਦੇਸ਼ਾਂ ਅਤੇ ਸਮਾਜਾਂ ਨੂੰ ਲਾਭ ਮਿਲਦਾ ਹੈ।

*(ਲੇਖਕ ਨਿਰਦੇਸ਼ਕ, ਸੋਸ਼ਲ ਸਾਇੰਸਜ਼ ਸੰਸਥਾਨ (ਆਈ.ਐੱਸ.ਆਈ.) ਨਵੀਂ ਦਿੱਲੀ ਹੈ।)*

*e-mail :ashnarainory@gmail.com*

# ਉੱਭਰਦੇ ਬਾਜ਼ਾਰ ਤੇ ਅੰਤਰਰਾਸ਼ਟਰੀ ਵਿੱਤੀ ਸੰਸਥਾਨ

ਅਲੋਕ ਸ਼ੀਲ

ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਵਿੱਤ ਫ਼ੰਡ ਦੂਸਰੇ ਵਿਸ਼ਵ ਯੁੱਧ ਉਪਰੰਤ ਅਮਰੀਕਾ ਦੇ ਬ੍ਰੈਟਨ ਵੁੱਡਸ ਸ਼ਹਿਰ ਵਿਚ ਹੋਈ ਅੰਤਰਰਾਸ਼ਟਰੀ ਕਾਨਫ਼ਰੰਸ ਵਿਚ ਹੋਏ ਸਮਝੌਤੇ ਬਾਅਦ ਹੋਂਦ ਵਿਚ ਆਏ ਸਨ। ਇਸ ਕਰਕੇ ਇਨ੍ਹਾਂ ਅੰਤਰਰਾਸ਼ਟਰੀ ਵਿੱਤੀ ਸੰਸਥਾਨਾਂ ਨੂੰ ਪ੍ਰਚਲਿਤ ਭਾਸ਼ਾ ਵਿਚ ਬ੍ਰੈਟਨ ਵੁੱਡ ਸੰਸਥਾਨ ਆਖਿਆ ਜਾਂਦਾ ਹੈ। ਵਿਸ਼ਵ ਬੈਂਕ ਦਾ ਉਦੇਸ਼ ਅਮਰੀਕੀ ਸਰੋਤਾਂ ਨੂੰ ਜੰਗ ਦੇ ਝੰਬੇ ਹੋਏ ਯੂਰਪ ਦੀ ਮੁੜ-ਉਸਾਰੀ ਲਈ ਲਾਉਣਾ ਸੀ। ਅੰਤਰਰਾਸ਼ਟਰੀ ਵਿੱਤੀ ਫ਼ੰਡ ਦਾ ਉਦੇਸ਼ ਅੰਤਰਰਾਸ਼ਟਰੀ ਵਿੱਤੀ ਪ੍ਰਣਾਲੀ ਨੂੰ ਸਥਿਰ ਕਰਨਾ ਸੀ ਜੋ 1930ਵਿਆਂ ਦੀ ਵਿਆਪਕ ਮੰਦੀ ਤੋਂ ਖਿੰਡ-ਪੁੰਡ ਗਈ ਸੀ, ਜਿਸ ਦਾ ਮੁੱਖ ਕਾਰਨ ਸੋਨੇ ਦੇ ਮਾਨਕਾਂ ਦਾ ਟੁੱਟਣਾ ਸੀ।

ਯੂਰਪ ਦੀ ਤੇਜ਼ੀ ਨਾਲ ਹੋਈ ਮੁੜ-ਉਸਾਰੀ ਦੇ ਚਲਦਿਆਂ ਅਤੇ ਅਮਰੀਕਾ ਦੇ ਸੋਨੇ ਦੇ ਮਾਨਕਾਂ ਤੋਂ ਹਟਣ ਉਪਰੰਤ ਇਕ ਦੂਸਰੇ ਖ਼ਿਲਾਫ਼ ਰਾਖਵੀਂ ਮੁਦਰਾ ਦੇ ਸਾਹਮਣੇ ਆਉਣ ਨਾਲ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਵਿੱਤ ਫ਼ੰਡ ਨੇ ਵਿਕਾਸਸ਼ੀਲ ਦੇਸ਼ਾਂ ਦੀਆਂ ਲੋੜਾਂ ਦੀ ਪੂਰਤੀ ਸ਼ੁਰੂ ਕਰ ਦਿਤੀ।

ਸਮਝਿਆ ਇਹ ਗਿਆ ਕਿ ਇਹ ਦੇਸ਼ ਪੂੰਜੀ ਦੀ ਲੰਮੇ ਸਮੇਂ ਤੋਂ ਘਾਟ ਦੇ ਸ਼ਿਕਾਰ ਹਨ ਜਿਸ ਦਾ ਸਿੱਟਾ ਦੋ ਵੱਖਰੇ ਘਾਟੇ ਦੇ ਢਾਂਚਿਆਂ ਵਿਚ ਨਿਕਲਿਆ। ਚਲੰਤ ਖਾਤਾ ਘਾਟਾ ਜਿਸ ਨਾਲ ਇਹ ਵਿਦੇਸ਼ੀ ਬਚਤਾਂ ਤਕ ਪਹੁੰਚ ਕਰਨ ਯੋਗ ਹੋਏ ਅਤੇ ਦੂਜਾ ਬਚਤ ਘਾਟਾ ਜਿਸ ਤਹਿਤ ਸਰਕਾਰਾਂ ਨੇ ਵਿਆਪਕ ਵਿੱਤੀ ਘਾਟੇ ਜਾਰੀ ਕੀਤੇ ਤਾਂ ਕਿ ਵਿਕਾਸ ਦੇ ਏਜੰਡੇ ਲਈ ਵਿੱਤ ਜੁਟਾਇਆ ਜਾ ਸਕੇ, ਜਿਸ ਵਿਚ ਭੌਤਿਕ ਅਤੇ ਸਮਾਜਿਕ ਢਾਂਚੇ ਦੀ ਉਸਾਰੀ ਲਈ ਵੱਡੇ ਜਨਤਕ ਖਰਚ ਦੀ ਜ਼ਰੂਰਤ ਸੀ। ਵਿੱਤੀ ਘਾਟੇ ਅਕਸਰ ਚਲੰਤ ਖਾਤਾ ਘਾਟੇ ਵਿਚ ਰਲ ਜਾਂਦੇ ਹਨ। ਇਹ ਦੋਹਰੇ ਘਾਟੇ, ਘਰੇਲੂ ਬਚਤਾਂ ਜੋ ਨਿਵੇਸ਼ ਨਾਲ ਸੰਬੰਧਿਤ ਹਨ ਅਤੇ ਜਨਤਕ ਬਚਤ ਜੋ ਕੁੱਲ ਬਚਤ ਨਾਲ ਸੰਬੰਧਿਤ ਹਨ, ਨੂੰ ਵਿਕਾਸਸ਼ੀਲ ਦੇਸ਼ਾਂ ਦੀ ਤਰੱਕੀ ਵਿਚ ਮੁੱਖ ਰੁਕਾਵਟਾਂ ਸਮਝਿਆ ਗਿਆ।

ਜ਼ੋਖਮ ਦੇ ਚਲਦਿਆਂ ਕਿਉਂਕਿ ਵਿਕਾਸਸ਼ੀਲ ਦੇਸ਼ਾਂ ਵਿਚ ਨਿੱਜੀ ਵਿੱਤ ਦੀ ਆਮਦ ਸੀਮਤ ਸੀ, ਇਸ ਲਈ ਉਹ ਨਾਮ ਪ੍ਰੰਤੂ 'ਬੱਝੀ' ਹੋਈ ਦੁਵੱਲੀ ਸਹਾਇਤਾ ਅਤੇ ਬਹੁਧਿਰੀ ਕਰਜ਼ੇ ਵਿਸ਼ਵ ਬੈਂਕ ਅਤੇ ਖੇਤਰੀ ਵਿੱਤੀ ਸੰਸਥਾਨਾਂ ਜਿਵੇਂ ਏ ਡੀ ਬੀ, ਆਈ ਏ ਡੀ ਬੀ ਅਤੇ ਏ ਐੱਫ਼ ਡੀ ਬੀ ਤੋਂ ਪ੍ਰਾਪਤ ਕਰਨ ਲਈ ਇਨ੍ਹਾਂ 'ਤੇ ਲੋੜੋਂ ਵੱਧ ਨਿਰਭਰ ਸਨ ਤਾਂ ਕਿ ਆਪਣੇ ਬਚਤ-ਨਿਵੇਸ਼ ਦੇ ਘਾਟੇ ਨੂੰ ਪੂਰਾ ਕਰ ਸਕਣ।

ਭਾਵੇਂ ਕਿ ਜ਼ਿਆਦਾਤਰ ਵਿੱਤੀ ਜ਼ਰੂਰਤ ਘਰੇਲੂ ਮੁਦਰਾ ਵਿਚ ਸੀ ਅਤੇ ਵਟਾਂਦਰਾ ਦਰ ਨਿਸ਼ਚਤ ਹੋਣ ਉਪਰੰਤ ਵਿਸ਼ਵ ਬੈਂਕ ਦੀ ਦਸਤੀ ਮੁਦਰਾ ਦੀ ਫ਼ੰਡਿੰਗ ਸਸਤੀ ਨਹੀਂ ਸੀ। ਇਸ ਕਰਕੇ ਵਿਕਾਸਸ਼ੀਲ ਦੇਸ਼ ਘਰੇਲੂ ਪੱਧਰ 'ਤੇ ਉਧਾਰ ਲੈਣ ਦੀ ਬਜਾਇ ਇਨ੍ਹਾਂ ਫ਼ੰਡਾਂ ਤਕ ਪਹੁੰਚ ਕਰਨ ਨੂੰ ਪਹਿਲ ਦੇਣ ਲੱਗੇ ਕਿਉਂਕਿ ਇਸ ਨਾਲ ਉਨ੍ਹਾਂ ਦਾ ਭੁਗਤਾਨ ਦੇ ਸੰਤੁਲਨ ਦਾ ਅਹਿਮ ਖੱਪਾ ਪੂਰਿਆ ਜਾਂਦਾ ਸੀ। ਅੰਤਰਰਾਸ਼ਟਰੀ ਵਿੱਤ ਫ਼ੰਡ ਨੇ ਅਜਿਹਾ ਅਚਨਚੇਤ ਭੁਗਤਾਨ ਦੇ ਸੰਤੁਲਨ ਦੀ ਸਹਾਇਤਾ ਦੇ ਕੇ ਕੀਤਾ ਕਿਉਂਕਿ ਵਿਕਾਸਸ਼ੀਲ ਦੇਸ਼ ਅਚਨਚੇਤ ਵਿੱਤੀ ਠਹਿਰਾਅ ਦੇ ਖ਼ਤਰੇ ਵਿਚ ਰਹਿੰਦੇ ਸਨ। 1991 ਦੇ ਖਾੜੀ ਯੁੱਧ ਤੋਂ ਉਪਰੰਤ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਘਟ ਕੇ ਸਿਰਫ਼ 1 ਬਿਲੀਅਨ ਅਮਰੀਕੀ ਡਾਲਰ ਰਹਿ ਗਿਆ ਜਿਸ ਕਰਕੇ ਭੁਗਤਾਨ ਦੇ ਸੰਤੁਲਨ ਦਾ ਸੰਕਟ ਖੜ੍ਹਾ ਹੋ ਗਿਆ ਕਿਉਂਕਿ ਦੇਸ਼ ਦੀ ਬਾਹਰੀ ਕਰਜ਼ਾ ਵਾਪਸ ਮੋੜਨ ਦੀ ਸਮਰੱਥਾ ਬਾਰੇ ਅੰਤਰਰਾਸ਼ਟਰੀ ਭਰੋਸੇ ਨੂੰ ਢਾਹ ਲੱਗੀ ਕਿਉਂਕਿ ਇਸ ਦੀ ਵਿਦੇਸ਼ੀ ਮੁਦਰਾ ਦੀ ਕ੍ਰੈਡਿਟ ਦਰ ਨੂੰ ਘਟਾ ਦਿਤਾ ਗਿਆ। ਸਿੱਟੇ ਵਜੋਂ ਭਾਰਤ ਨੇ ਅੰਤਰਰਾਸ਼ਟਰੀ ਵਿੱਤ ਫ਼ੰਡ ਨਾਲ, ਸਖ਼ਤ ਸ਼ਰਤਾਂ ਤਹਿਤ ਇਕ ਵਿੱਤੀ ਸਮਝੌਤਾ ਕੀਤਾ, ਜਿਸ ਕਰਕੇ ਇਸ ਨੂੰ ਅੰਤਰਮੁਖੀ ਆਰਥਿਕ ਨੀਤੀਆਂ ਨੂੰ ਪੂਰੀ ਤਰ੍ਹਾਂ ਮੁੜ-ਗਠਿਤ ਅਤੇ ਉਦਾਰ ਬਣਾਉਣ ਲਈ ਮਜਬੂਰ ਹੋਣਾ ਪਿਆ।

ਇਸ ਸਮੇਂ ਆਰਥਿਕ ਮਾਮਲਿਆਂ ਦੇ ਵਿਭਾਗ (ਡੀ ਈ ਏ) ਦੇ ਬਾਹਰੀ ਵਿੱਤ ਵਿੰਗ ਦੇ ਧਿਆਨ ਦਾ ਕੇਂਦਰ ਬਿੰਦੂ ਘਟ ਚੁੱਕੀ ਵਿਦੇਸ਼ੀ ਮੁਦਰਾ ਦੇ ਭੰਡਾਰ ਨੂੰ ਦੁਵੱਲੇ ਅਤੇ ਬਹੁਧਿਰੀ ਚੈਨਲਾਂ ਰਾਹੀਂ ਹੁਲਾਰਾ ਦੇਣਾ ਅਤੇ ਪ੍ਰਬੰਧਨ ਕਰਨਾ ਅਤੇ ਬਾਹਰੀ ਵਪਾਰਕ ਉਧਾਰ ਲੈਣ 'ਤੇ ਲਗਾਮ ਕੱਸਣ 'ਤੇ ਸੀ ਤਾਂ ਕਿ ਅੰਤਰਰਾਸ਼ਟਰੀ ਵਿੱਤੀ ਬਾਜ਼ਾਰ ਪ੍ਰਤਿ ਇਸ ਦੀ ਸੀਮਤ ਬਾਜ਼ਾਰੀ ਪਹੁੰਚ ਨੂੰ ਬਣਾਈ ਰੱਖਿਆ ਜਾ ਸਕੇ। ਵਟਾਂਦਰਾ ਦਰ ਪ੍ਰਬੰਧਿਤ ਕੀਤੀ ਗਈ ਅਤੇ ਇਕ ਵੱਖਰਾ ਵਿਦੇਸ਼ੀ ਮੁਦਰਾ ਦਾ ਬਜਟ ਬਣਾਇਆ ਗਿਆ ਜਿਸ ਦੇ ਮਾਧਿਅਮ ਰਾਹੀਂ ਅਲਪ ਵਿਦੇਸ਼ੀ ਮੁਦਰਾ ਦੀ ਵੰਡ ਦੀ ਪਹਿਲ ਨਿਰਧਾਰਤ ਕੀਤੀ ਗਈ। ਅਸਲ ਵਿਚ, ਕੱਚੇ ਤੇਲ ਦੇ ਨਿਰਯਾਤ ਲਈ ਵਿਦੇਸ਼ੀ ਮੁਦਰਾ ਦੀ ਵੱਡੀ ਲੋੜ ਨੂੰ ਵੇਖਦਿਆਂ, ਇਕ ਵੱਖਰਾ ਪੀ ਓ ਐੱਲ ਵਿੰਗ (ਪੈਟਰੋਲੀਅਮ ਆਇਲ ਵਿੰਗ) ਡੀ ਈ ਏ ਵਿਚ ਸਥਾਪਤ ਕੀਤਾ ਗਿਆ। ਵਿਦੇਸ਼ੀ ਵਪਾਰ ਅਨੁਭਾਗ ਦਾ ਕੇਂਦਰ ਬਿੰਦੂ ਵਿਦੇਸ਼ੀ ਮੁਦਰਾ ਦੀ ਬਚਤ ਅਤੇ ਨਿਰਯਾਤ ਦਾ ਵਿਕਲਪ ਸੀ। ਡੀ ਈ ਏ ਵਿਚ ਸਭ ਤੋਂ ਅਹਿਮ ਵਿਭਾਗ ਫ਼ੰਡ ਬੈਂਕ ਸੀ ਜੋ ਵਿਸ਼ਵ ਬੈਂਕ ਏ ਡੀ ਬੀ ਅਤੇ

ਆਈ ਐੱਮ ਐਫ਼ ਤੋਂ ਦਸਤੀ ਮੁਦਰਾ ਉਧਾਰ ਲੈਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਸਨ। ਦੁਵੱਲੀ ਸਹਾਇਤਾ ਵਿਭਾਗ ਨਿੱਜੀ, ਵਿਕਸਤ ਦੇਸ਼ਾਂ ਅਤੇ ਬਾਹਰੀ ਵਪਾਰਕ ਉਧਾਰ ਤੋਂ ਸਹਾਇਤਾ ਪ੍ਰਾਪਤ ਕਰਨ ਦੇ ਯਤਨ ਵਿਚ ਰਹਿੰਦੇ ਸਨ ਜੋ ਬਾਹਰੀ ਕਰਜ਼ਾ ਬਾਜ਼ਾਰਾਂ ਤੋਂ ਸਖ਼ਤ ਨਿਯਮਾਂ ਤਹਿਤ ਉਧਾਰ ਲੈਣ ਲਈ ਨੀਤੀਆਂ ਬਣਾਉਂਦੇ ਅਤੇ ਮਨਜ਼ੂਰੀ ਦਿੰਦੇ ਸਨ। ਬੰਦ ਵਿੱਤੀ ਬਾਜ਼ਾਰ ਦੇ ਨੁਕਤਾ ਨਿਗਾਹ ਤੋਂ ਵਿਦੇਸ਼ੀ ਨਿਵੇਸ਼ ਦੀ ਆਮਦ ਨਾਂ ਦੇ ਬਰਾਬਰ ਸੀ।

1991 ਦੇ ਭੁਗਤਾਨ ਦੇ ਸੰਤੁਲਨ ਸੰਕਟ ਦੇ ਸੰਦਰਭ ਵਿਚ ਭਾਰਤੀ ਆਰਥਿਕਤਾ ਦੇ ਉਦਾਰੀਕਰਨ ਅਤੇ ਖੁੱਲ੍ਹੇਪਨ ਤੋਂ ਬਾਅਦ ਵਿਦੇਸ਼ੀ ਮੁਦਰਾ ਦੁਰਲੱਭ ਸਰੋਤ ਨਾ ਰਿਹਾ। ਵਿਦੇਸ਼ੀ ਮੁਦਰਾ ਅਤੇ ਪੀ ਓ ਐੱਲ ਬਜਟ ਇਤਿਹਾਸ ਵਿਚ ਗੁਆਚ ਗਏ। ਬਾਹਰੀ ਵਪਾਰਕ ਉਧਾਰ ਦਾ ਪ੍ਰਬੰਧਨ ਕੇਂਦਰੀ ਬੈਂਕ ਨੂੰ ਸੌਂਪ ਦਿਤਾ ਗਿਆ ਭਾਵੇਂ ਕਿ ਡੀ ਈ ਏ ਵਿਚ ਵਿਦੇਸ਼ੀ ਨਿਵੇਸ਼ ਵਿਭਾਗ ਹੋਰ ਅਹਿਮ ਹੋ ਨਿੱਬੜਿਆ ਹੈ। ਵਿਦੇਸ਼ੀ ਵਪਾਰ ਵਿਭਾਗ ਨੇ ਆਪਣੀ ਅਹਿਮੀਅਤ ਗੁਆ ਲਈ ਹੈ ਕਿਉਂਕਿ ਵਪਾਰਕ ਨੀਤੀ 'ਤੇ ਵਣਜ ਵਿਭਾਗ ਦਾ ਗਲਬਾ ਹੋ ਗਿਆ ਹੈ ਜੋ ਵਿਸ਼ਵ ਵਪਾਰ ਸੰਸਥਾ ਨਾਲ ਸੌਦੇਬਾਜ਼ੀ ਕਰਦਾ ਹੈ। ਦੁਵੱਲੀ ਅਤੇ ਬਹੁਧਿਰੀ ਵਿਭਾਗ ਜਾਰੀ ਰਹੇ ਪਰ ਉਨ੍ਹਾਂ ਦੀ ਪਹਿਲਾਂ ਵਾਲੀ ਮਹੱਤਤਾ ਨਾ ਰਹੀ। ਇਹੀ ਹਾਲ ਵਿਦੇਸ਼ੀ ਸਹਾਇਤਾ ਦਾ ਹੋਇਆ। ਉਨ੍ਹਾਂ ਨੂੰ ਹੁਣ ਬਦਲੇ ਹੋਏ ਮਾਹੌਲ ਅਨੁਸਾਰ ਆਪਣੇ ਆਪ ਨੂੰ ਢਾਲਣਾ ਹੋਵੇਗਾ।

ਇਹ ਬਦਲਾਅ ਹਾਲੀਆ ਵਰ੍ਹਿਆਂ ਵਿਚ ਵਿਆਪਕ ਵਿਸ਼ਵ ਆਰਥਿਕਤਾ ਅੰਦਰ ਵੱਡੇ ਬਦਲਾਵਾਂ ਨੂੰ ਪ੍ਰਦਰਸ਼ਿਤ ਕਰਦੇ ਹਨ। ਪਿਛਲੀ ਸਦੀ ਦੇ ਅੰਤ ਤੋਂ ਪ੍ਰਮੁੱਖ ਵਿਕਾਸਸ਼ੀਲ ਦੇਸ਼ਾਂ, ਜਿਨ੍ਹਾਂ ਨੂੰ ਹੁਣ 'ਉੱਭਰ ਰਹੇ ਬਾਜ਼ਾਰ' ਆਖਿਆ ਜਾਦਾ ਹੈ, ਵਿਚ ਤਰੱਕੀ ਦੀ ਰਫ਼ਤਾਰ ਤੇਜ਼ ਹੋਈ ਹੈ ਉਨ੍ਹਾਂ ਨੇ ਆਪਣੀਆਂ ਆਰਥਿਕਤਾਵਾਂ ਨੂੰ ਖੋਲ੍ਹ ਦਿਤਾ ਹੈ ਅਤੇ ਉਹ ਵੱਧ ਤੋਂ ਵੱਧ ਬਾਹਰੀ ਮੰਗ 'ਤੇ ਨਿਰਭਰ ਹੋ ਰਹੇ ਹਨ ਕਿਉਂਕਿ ਉਨ੍ਹਾਂ ਦੇ ਵਿਕਾਸ ਦੇ ਇੰਜਨ ਦੇ ਚੱਲਣ ਨਾਲ ਚਾਲੂ ਖ਼ਾਤੇ ਵਿਚ ਵੱਡੇ ਵਾਧੇ ਦਰਜ ਕੀਤੇ ਗਏ ਹਨ। ਉਹ ਸ਼ੁੱਧ ਬਚਤ ਕਰਨ ਵਾਲੇ ਬਣ ਗਏ ਜੋ ਪੂੰਜੀ ਆਯਾਤ ਕਰਨ ਦੀ ਬਜਾਇ ਨਿਰਯਾਤ ਕਰਦੇ ਹਨ। ਇਸ ਨਾਲ ਵਿਦੇਸ਼ੀ ਮੁਦਰਾ ਦੇ ਵੱਡੇ ਭੰਡਾਰ ਜਮ੍ਹਾਂ ਹੋ ਗਏ। ਇਥੋਂ ਤਕ ਕਿ ਭਾਰਤ ਵਰਗੇ ਉੱਭਰਦੇ ਹੋਏ ਬਾਜ਼ਾਰ ਜਿਥੇ ਬਚਤ ਨਿਵੇਸ਼ ਦਾ ਪਾੜਾ ਸੀ, ਅੰਦਰ ਵੀ ਵੱਡਾ ਪੂੰਜੀ ਨਿਵੇਸ਼ ਆਇਆ ਜੋ ਉਨ੍ਹਾਂ ਦੀ ਸਮਰਥਾ ਤੋਂ ਕਿਤੇ ਵੱਧ ਸੀ। ਇਸ ਸਦਕਾ ਅਜਿਹੇ ਦੇਸ਼ ਰਾਖਵੇਂ ਭੰਡਾਰ ਇਕੱਠੇ ਕਰਨ ਦੇ ਕਾਬਲ ਹੋ ਗਏ ਜਿਨ੍ਹਾਂ ਨੇ ਉਨ੍ਹਾਂ ਨੂੰ ਅਚਾਨਕ ਆਉਣ ਵਾਲੀ ਮੰਦੀ ਦੇ ਪ੍ਰਭਾਵਾਂ ਤੋਂ ਸੁਰੱਖਿਆ ਪ੍ਰਦਾਨ ਕੀਤੀ। ਸਿੱਟੇ ਵਜੋਂ, ਅੰਤਰਰਾਸ਼ਟਰੀ ਵਿੱਤ ਫ਼ੰਡ ਦੇ ਗਾਹਕਾਂ ਦੀ ਗਿਣਤੀ ਘਟਣ ਲੱਗੀ। ਅੰਤਰਰਾਸ਼ਟਰੀ ਵਿੱਤ ਫ਼ੰਡ ਦੀ ਕਰਜ਼ੇ ਦੇਣ ਵਿਚ ਗਿਰਾਵਟ ਮੰਗ ਪੱਖ ਦੀ ਸਮੱਸਿਆ ਸੀ ਕਿਉਂਕਿ ਨਿੱਜੀ ਪੂੰਜੀ ਆਮਦ ਨੇ ਵਿਕਾਸਸ਼ੀਲ ਦੇਸ਼ਾਂ ਦੇ ਅਰਥਚਾਰੇ ਦੇ ਵਿਦੇਸ਼ੀ ਮੁਦਰਾ ਦੇ ਘਾਟੇ ਨੂੰ ਭਰ ਦਿਤਾ, ਸਿਰਫ਼ ਘੱਟ ਆਮਦਨ ਵਾਲੇ ਦੇਸ਼ਾਂ ਅਤੇ ਝਗੜੇ-ਫਸਾਦ ਵਾਲੇ ਰਾਜਾਂ ਨੂੰ ਛੱਡ ਕੇ ਜਿਥੋਂ ਨਿੱਜੀ ਪੂੰਜੀ ਨਿਵੇਸ਼ਕ ਦੂਰ ਭੱਜਦੇ ਸਨ। ਪਰ ਵਿਸ਼ਵ ਬੈਂਕ ਦੇ ਮਾਮਲੇ ਵਿਚ ਕਰਜ਼ੇ ਦੇਣ ਵਿਚ ਗਿਰਾਵਟ ਪੂਰਤੀ ਪੱਖ ਦੀ ਸਮੱਸਿਆ ਸੀ ਕਿਉਂਕਿ ਕੁੱਝ ਕਾਰਨਾਂ ਕਰਕੇ ਇਸ ਨੇ ਬੁਨਿਆਦੀ ਢਾਂਚੇ ਲਈ ਕਰਜ਼ਾ ਦੇਣ ਤੋਂ ਹੌਲੀ-ਹੌਲੀ ਹੱਥ ਖਿੱਚ ਲਿਆ ਅਤੇ ਤੇਜ਼ੀ ਨਾਲ ਵਿਕਸਤ ਹੋ ਰਹੇ ਉੱਭਰਦੇ ਬਾਜ਼ਾਰਾਂ ਦੀ ਵਿਕਾਸ ਮੁਖੀ ਲੋੜ ਦੇ ਮੁਤਾਬਕ ਇਸ ਦੇ ਸਰੋਤ ਨਾ ਵਧ ਸਕੇ।

ਇਹ ਬਹੁਤ ਸਪੱਸ਼ਟ ਨਹੀਂ ਹੈ ਕਿ ਵਿਸ਼ਵ ਬੈਂਕ ਨੇ ਆਪਣਾ ਧਿਆਨ ਬੁਨਿਆਦੀ ਢਾਂਚੇ ਤੋਂ ਹਟਾ ਕੇ ਸਮਾਜਿਕ ਖੇਤਰ ਅਤੇ ਰੋਜ਼ੀ-ਰੋਟੀ ਦੀਆਂ ਸਕੀਮਾਂ ਦੁਆਰਾ ਗਰੀਬੀ ਵੱਲ ਕਿਉਂ ਸੇਧਤ ਕਰ ਲਿਆ। ਵਿਸ਼ਵ ਬੈਂਕ ਦੇ ਨੀਤੀ ਯੋਜਨਾਬੰਦੀ ਵਿਭਾਗ ਦੇ ਡਾਇਰੈਕਟਰ ਅਤੇ ਮਨੁੱਖੀ ਵਿਕਾਸ ਰਿਪੋਰਟ ਦੇ ਜਨਮਦਾਤਾ ਮਹਿਬੂਬ ਉੱਲ ਹੱਕ ਵਲੋਂ ਰਾਬਰਟ ਐਸ਼ਰ ਨੂੰ 3 ਦਸੰਬਰ, 1982 ਨੂੰ ਦਿਤੇ ਗਏ ਸਾਖਿਆਤਕਾਰ ਤੋਂ, ਵਿਸ਼ਵ ਬੈਂਕ ਦੇ ਜ਼ੁਬਾਨੀ ਇਤਿਹਾਸ ਪ੍ਰਾਜੈਕਟ ਦੇ ਭਾਗ ਵਜੋਂ, ਇਹ ਜਾਪਦਾ ਹੈ ਕਿ ਇਸ ਦਾ ਕਾਰਨ ਉਹ ਤੌਖਲੇ ਸਨ ਕਿ ਵਿਕਾਸ ਦੇ ਲਾਭ ਨਹੀਂ ਹੋ ਰਹੇ ਕਿਉਂਕਿ ਵਿਕਾਸਸ਼ੀਲ ਦੇਸ਼ਾਂ ਵਿਚ ਅਬਰਾਬਰੀ ਵਧ ਰਹੀ ਸੀ। ਸਮਾਜਿਕ ਖੇਤਰ ਅਤੇ ਰੋਜ਼ੀ-ਰੋਟੀ ਸਕੀਮਾਂ ਦੁਆਰਾ ਗਰੀਬਾਂ ਦੀ ਆਮਦਨ ਵਧਾ ਕੇ ਅਤੇ ਉਨ੍ਹਾਂ ਦੀ ਉਤਪਾਦਨ ਵਧਾਉਣ ਲਈ ਸਿੱਧੇ ਦਖ਼ਲ ਦੀ ਲੋੜ ਹੈ। ਇਹ ਤੌਖਲੇ ਹਾਲੇ ਵੀ ਬਰਕਰਾਰ ਹਨ, ਬੇਸ਼ੱਕ, ਉਹ ਭਾਰਤੀ ਆਰਥਿਕ ਨੀਤੀ ਜੋ ਪਿਛਲੀ ਸਰਕਾਰ ਦੇ ਤਹਿਤ ਚੱਲ ਰਹੀ ਸੀ, ਵਿਚ ਵਿਕਾਸ ਤੋਂ ਸਮਾਜਿਕ ਸੁਰੱਖਿਆ ਅਤੇ ਪੁਨਰ-ਵੰਡ 'ਤੇ ਜ਼ੋਰ ਦਿੰਦੀ ਹੈ। ਚਿਰਸਥਾਈ ਉਤਪਾਦਿਕਤਾ ਤੋਂ ਧਿਆਨ ਹਟ ਗਿਆ ਹੈ ਕਿਉਂਕਿ ਗਰੀਬੀ ਨਿਮਨ ਉਤਪਾਦਿਕਤਾ ਦਾ ਦੂਸਰਾ ਨਾਮ ਹੈ। ਪਰ ਜਿਵੇਂ ਭਾਰਤ ਨੂੰ ਅੱਜਕੱਲ੍ਹ ਮਹਿਸੂਸ ਹੋ ਰਿਹਾ ਹੈ, ਭੌਤਿਕ ਬੁਨਿਆਦੀ ਢਾਂਚੇ ਵਿਚ ਕਮੀ ਪੂੰਜੀ ਦੀ ਉਤਪਾਦਿਕਤਾ ਨੂੰ ਘੱਟ ਕਰ ਦਿੰਦੀ ਹੈ ਜਦ ਕਿ ਸਮਾਜਿਕ ਬੁਨਿਆਦੀ ਢਾਂਚੇ ਵਿਚ ਕਮੀ ਮਜ਼ਦੂਰਾਂ ਦੀ ਉਤਪਾਦਿਕਤਾ 'ਤੇ ਅਸਰ ਅੰਦਾਜ਼ ਹੁੰਦੀ ਹੈ। ਰੋਜ਼ੀ-ਰੋਟੀ ਦੀਆਂ ਸਕੀਮਾਂ ਸਮਾਜਿਕ ਸੁਰੱਖਿਆ ਵਜੋਂ ਪ੍ਰਭਾਕਾਰੀ ਹੋ ਸਕਦੀਆਂ ਹਨ ਪਰ ਉਹ ਗਰੀਬੀ ਤੋਂ ਬਾਹਰ ਨਿਕਲਣ ਦਾ ਚਿਰਸਥਾਈ ਤਰੀਕਾ ਨਹੀਂ ਹਨ ਕਿਉਂਕਿ ਛੋਟੇ ਉਤਪਾਦਕ ਉਦਯੋਗੀਕ੍ਰਿਤ ਅਤੇ ਵਿਸ਼ਵੀਕ੍ਰਿਤ ਮੁਕਾਬਲੇਬਾਜ਼ੀ ਵਿਚ ਰਹਿਣ ਦੇ ਸਮਰਥ ਨਹੀਂ ਹਨ। ਇਹ ਲੜਾਈ ਉਦਯੋਗਿਕ ਕ੍ਰਾਂਤੀ ਦੇ ਆਉਣ ਨਾਲ ਪਹਿਲਾਂ ਹੀ ਹਾਰੀ ਜਾ ਚੁੱਕੀ ਹੈ। ਭਾਰਤ ਦੀ ਵਿਕਾਸ ਦਰ ਪਿਛਲੇ ਸਾਲਾਂ ਵਿਚ ਘੱਟ ਹੋਈ ਹੈ, ਜਿਸ ਦਾ ਕਾਰਨ ਨਿਵੇਸ਼ ਵਿਚ ਭਾਰੀ ਕਮੀ ਨਹੀਂ ਪਰ ਇਸ ਨਿਵੇਸ਼ ਤੋਂ ਹੋਣ ਵਾਲੇ ਉਤਪਾਦਨ ਵਿਚ ਵੱਡੀ ਗਿਰਾਵਟ ਹੈ ਜਿਸ ਦੀ ਵਜਹ ਵਧਦੀਆਂ ਹੋਈਆਂ ਬੁਨਿਆਦੀ ਢਾਂਚੇ ਅਤੇ ਸ਼ਾਸਨ ਦੀਆਂ ਰੁਕਾਵਟਾਂ ਹਨ।

ਬੀ ਡਬਲਯੂ ਆਈ ਵਿਚ ਸਰੋਤਾਂ ਦੀ ਕਮੀ ਵਧਦੀ ਗਈ ਕਿਉਂਕਿ ਆਧੁਨਿਕ ਆਰਥਿਕਤਾਵਾਂ, ਵੱਡੀਆਂ ਧਿਰਾਂ ਬੀ ਡਬਲਯੂ ਆਈ ਸਰੋਤਾਂ ਵਿਚ ਹਿੱਸਾ ਪਾਉਣ ਵਾਲੇ ਪੁਰਾਣੇ ਹੋ ਗਏ ਹਨ, ਮੱਠੀ ਰਫ਼ਤਾਰ ਨਾਲ ਵਿਕਾਸ ਕਰ ਰਹੇ ਹਨ ਅਤੇ ਵੱਡੇ ਵਿੱਤੀ ਘਾਟੇ ਝੱਲ ਰਹੇ ਹਨ। ਉਹ ਬੀ ਡਬਲਯੂ ਆਈ ਐੱਸ ਦੇ ਸਰੋਤਾਂ ਨੂੰ ਵਧਾਉਣ ਅਤੇ ਫੈਲਾਉਣ ਤੋਂ ਲਗਾਤਾਰ ਇਨਕਾਰੀ ਹੋ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਜਾਪਦਾ ਹੈ ਕਿ ਆਖ਼ਰ ਨੂੰ ਇਹ ਸਭ ਕੁਝ ਤੇਜ਼ੀ ਨਾਲ ਵਿਕਾਸ ਕਰ ਰਹੇ ਦੇਸ਼ਾਂ ਵਿਚ ਚਲਾ ਜਾਵੇਗਾ – ਉੱਭਰ ਰਹੇ ਬਾਜ਼ਾਰਾਂ ਵਿਚ। ਭਾਰਤ ਕੋਲ ਹਮੇਸ਼ਾ ਹੀ ਪ੍ਰਾਜੈਕਟਾਂ ਦੀ ਲੰਮੀ ਕਤਾਰ ਰਹੀ ਹੈ ਜਿਸ ਨੂੰ ਪੂਰਾ ਕਰਨ ਤੋਂ ਵਿਸ਼ਵ ਬੈਂਕ ਅਸਮਰਥ ਰਹੀ ਹੈ। ਪਰ, ਬੀ ਡਬਲਯੂ ਆਈ

ਐੱਸ ਦੇ ਸਰੋਤਾਂ ਨੂੰ, ਚਿਰ ਤੋਂ ਸੰਕਟ ਨਾਲ ਜੂਝਦੇ ਅਤੇ ਘੱਟ ਆਮਦਨ ਵਾਲੇ ਵਿਕਾਸਸ਼ੀਲ ਦੇਸ਼ਾਂ ਦੀਆਂ ਵਿੱਤੀ ਲੋੜਾਂ ਪੂਰੀਆਂ ਕਰਨ ਲਈ ਕਾਫ਼ੀ ਸਮਝਿਆ ਗਿਆ।

***ਜੀ-20 ਦੇਸ਼ਾਂ ਦੇ ਝੰਡੇ ਥੱਲੇ ਹਾਲੀਆ ਵਿਸ਼ਵ ਸੰਕਟ ਦੇ ਹੁੰਗਾਰੇ ਨੇ ਅੰਤਰ-ਰਾਸ਼ਟਰੀ ਵਿੱਤ ਫ਼ੰਡ ਦੀ ਭੂਮਿਕਾ ਅਤੇ ਸਰੋਤਾਂ ਨੂੰ ਵਧਾਇਆ ਹੈ। ਅੰਤਰਰਾਸ਼ਟਰੀ ਵਿੱਤ ਫ਼ੰਡ ਦੇ ਸਰੋਤਾਂ ਨੂੰ ਤਿੱਗਣਾ ਕਰ ਦਿਤਾ ਗਿਆ ਅਤੇ ਬਹੁ-ਧਿਰੀ ਖ਼ਜ਼ਾਨੇ ਨੂੰ ਵਧਾਇਆ ਗਿਆ ਤਾਂ ਕਿ ਭੁਗਤਾਨ ਦੇ ਸੰਤੁਲਨ ਦੇ ਸੰਕਟ ਨੂੰ ਹੱਲ ਕੀਤਾ ਜਾ ਸਕੇ, ਇਕ ਅਜਿਹੀ ਦੁਨੀਆਂ ਅੰਦਰ, ਜਿਸ ਦੀ ਵਿਸ਼ੇਸ਼ਤਾ ਲਗਾਤਾਰ ਵਧਦੀ ਅਤੇ ਪਰਿਵਰਤਨਸ਼ੀਲ ਪੂੰਜੀ ਆਮਦ ਹੈ। ਕਿਉਂਕਿ ਵੱਡੇ ਉੱਭਰਦੇ ਹੋਏ ਬਾਜ਼ਾਰਾਂ ਨੇ ਵੱਡੇ ਭੰਡਾਰ ਇਕੱਤਰ ਕਰ ਲਏ ਹਨ, ਇਸ ਲਈ ਉਨ੍ਹਾਂ ਨੂੰ ਕਿਸੇ ਸਹਾਇਤਾ ਦੀ ਲੋੜ ਨਹੀਂ ਪਵੇਗੀ ਜੋ ਹੁਣ ਕੁਝ ਆਧੁਨਿਕ ਅਰਥਚਾਰਿਆਂ ਅੰਦਰ ਬਹੁਤ ਵੱਡੀਆਂ ਰਕਮਾਂ ਹੋ ਸਕਦੀਆਂ ਹਨ, ਖ਼ਾਸ ਕਰਕੇ ਉੱਪ-ਨਗਰੀ ਯੂਰਪ ਅੰਦਰ।***

ਅਸਲ ਵਿਚ, ਈ ਐੱਮ ਈ ਐੱਸ ਹੁਣ ਅੰਤਰਰਾਸ਼ਟਰੀ ਵਿੱਤ ਫ਼ੰਡ ਦੇ ਸਰੋਤਾਂ ਵਿਚ ਹਿੱਸਾ ਪਾਉਣ ਵਾਲੇ ਬਣ ਗਏ ਹਨ। ਸੰਕਟ ਵਿਚੋਂ ਕੱਢਣ ਵਾਲੀ ਭੂਮਿਕਾ ਅੱਜਕੱਲ੍ਹ ਅਮਰੀਕਾ ਦੀ ਹੈ ਜੋ ਵਿਸ਼ਵ ਦੀ ਪ੍ਰਮੁੱਖ ਮੁਦਰਾ 'ਡਾਲਰ' ਛਾਪਦਾ ਹੈ ਅਤੇ ਮੁੱਖ ਈ ਐੱਮ ਈ, ਖ਼ਾਸ ਕਰਕੇ ਚੀਨ ਵਿਚ, ਜਿਸ ਨੇ ਅੰਤਰਰਾਸ਼ਟਰੀ ਵਿੱਤ ਫ਼ੰਡ ਦੀ ਬਜਾਇ ਵਿਦੇਸ਼ੀ ਮੁਦਰਾ ਦੇ ਵੱਡੇ ਭੰਡਾਰ ਜਮ੍ਹਾਂ ਕਰ ਲਏ ਹਨ।

ਵਿਸ਼ਵ ਬੈਂਕ ਦੀ ਕਰਜ਼ੇ ਦੇਣ ਦੀ ਗਤੀ ਹੌਲੀ-ਹੌਲੀ ਵਧ ਰਹੀ ਹੈ, ਪਰ ਸੰਕਟ ਵਿਚ ਆਰਜ਼ੀ ਤੌਰ ਤੇ, ਤਾਂ ਕਿ ਘਰੇਲੂ ਅਤੇ ਵਿਦੇਸ਼ੀ, ਦੋਵਾਂ ਪੱਧਰਾਂ 'ਤੇ ਨਿੱਜੀ ਪੂੰਜੀ ਦੇ ਹੱਥ ਖਿੱਚੇ ਜਾਣ ਕਰਕੇ ਨਿਵੇਸ਼ ਦੇ ਪਾੜੇ ਨੂੰ ਭਰਿਆ ਜਾ ਸਕੇ। ਜੀ-20 ਨੇ ਢੁਕਵੇਂ ਪੁਨਰ-ਵਿੱਤੀਕਰਨ ਦੁਆਰਾ ਵਿਸ਼ਵ ਬੈਂਕ ਦੀ ਕਰਜ਼ ਦੇਣ ਦੀ ਸਮਰੱਥਾ ਨੂੰ ਵਿਆਪਕ ਤੌਰ ਤੇ ਨਾ ਵਧਾ ਕੇ ਇਕ ਗਲਤੀ ਕਰ ਲਈ ਹੈ। ਅਜਿਹਾ ਕਰਨ ਨਾਲ ਇਸ ਨੇ ਪ੍ਰਭਾਵੀ ਤਰੀਕੇ ਨਾਲ ਵਿਸ਼ਵ ਬਚਤਾਂ ਦੀ ਭਰਮਾਰ ਨਾਲ ਸਿੱਝਣ ਦੇ ਸਮਰੱਥ ਹੋ ਜਾਣਾ ਸੀ ਤਾਂ ਜੋ ਵਿਕਾਸਸ਼ੀਲ ਦੇਸ਼ਾਂ ਵਿਚ ਉੱਚ ਵਿਕਾਸ ਦਰ ਨੂੰ ਬਣਾਈ ਰੱਖਿਆ ਜਾ ਸਕੇ। ਇਸ ਸਦਕਾ ਵਿਸ਼ਵ ਆਰਥਿਕਤਾ ਦੇ ਇੰਜਣ ਨੂੰ ਗਤੀ ਮਿਲਣੀ ਸੀ ਅਤੇ ਇਸ ਦੀ ਵਿਕਾਸ ਦੀ ਉਡਾਣ ਨੇ ਮੁੜ ਤੋਂ ਪਰਵਾਜ਼ ਭਰਨੀ ਸੀ, ਜੋ ਵਿਸ਼ਵ ਵਿੱਤੀ ਸੰਕਟ ਦੇ ਚਲਦਿਆਂ ਆਧੁਨਿਕ ਆਰਥਿਕਤਾਵਾਂ ਵਿਚ ਮੰਗ ਦੀ ਕਮੀ ਕਾਰਨ ਡੁੱਬਣ ਦੀ ਹਾਲਤ ਵਿਚ ਆਈ ਹੋਈ ਹੈ। ਇਸ ਕਰਕੇ, ਜੀ-20 ਦੇ ਝਟਕੇ ਕਾਰਨ ਭਾਵੇਂ ਵਿਸ਼ਵ ਬੈਂਕ ਵਿਚ ਬੁਨਿਆਦੀ ਢਾਂਚੇ ਦੀ ਮੁੜ-ਸਥਾਪਨਾ ਦਾ ਸਵਾਗਤਯੋਗ ਕਦਮ ਉਠਾਇਆ ਗਿਆ ਹੈ, ਪਰ ਇਸ ਮੁੜ-ਸਥਾਪਨਾ ਨੂੰ ਲਾਗੂ ਕਰਨ ਲਈ ਇਸ ਨੂੰ ਸਰੋਤ ਪ੍ਰਦਾਨ ਨਹੀਂ ਕੀਤੇ ਗਏ।

## ਬ੍ਰੈਟਨ ਵੁੱਡਜ਼ ਸੰਸਥਾਨਾਂ ਦੇ ਸੰਬੰਧ ਵਿਚ ਵਿਕਾਸਸ਼ੀਲ ਦੇਸ਼ ਅੱਜ ਕਿੱਥੇ ਖੜ੍ਹੇ ਹਨ?

ਵਿਸ਼ਵ ਬੈਂਕ ਦੀ ਗੱਲ ਕਰੀਏ ਤਾਂ ਅਨੇਕ ਵਿਕਾਸਸ਼ੀਲ ਦੇਸ਼, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਿਲ ਹੈ, ਸਭ ਤੋਂ ਵੱਡੇ ਕਰਜ਼ਾ ਲੈਣ ਵਾਲੇ ਬਣੇ ਰਹਿਣਗੇ ਜਿਸ ਦਾ ਕਾਰਨ ਉਨ੍ਹਾਂ ਦੀਆਂ ਵੱਡੀਆਂ ਵਿਕਾਸਮੁਖੀ ਖ਼ਾਸ ਕਰਕੇ ਬੁਨਿਆਦੀ ਢਾਂਚੇ ਦੀਆਂ ਲੋੜਾਂ ਹਨ। ਪਰ ਇਹ ਸਪੱਸ਼ਟ ਨਹੀਂ ਕਿ ਵੱਡੇ ਵਿਦੇਸ਼ੀ ਮੁਦਰਾ ਭੰਡਾਰ ਵਾਲੇ ਈ ਐੱਮ ਈ ਐੱਸ ਨੂੰ ਆਈ ਐੱਫ ਆਈ ਐੱਸ ਤੋਂ ਉਧਾਰ ਮੰਗਣ ਦੀ ਲੋੜ ਪਵੇਗੀ ਜੋ ਜ਼ਿਆਦਾਤਰ ਘਰੇਲੂ ਮੁਦਰਾ ਵਿਚ ਖਰਚ ਹੈ ਅਤੇ ਜੋ ਉਨ੍ਹਾਂ ਦੇ ਵਿਦੇਸ਼ੀ ਕਰਜ਼ੇ ਵਿਚ ਸ਼ਾਮਿਲ ਹੋ ਰਿਹਾ ਹੈ। ਸਿੱਟੇ ਵਜੋਂ ਉਹ ਬਾਹਰੀ ਜੋਖ਼ਮਾਂ ਦੇ ਖ਼ਤਰੇ ਵਿਚ ਆ ਜਾਂਦੇ ਹਨ। ਵਿਕਾਸਸ਼ੀਲ ਦੇਸ਼ਾਂ ਵਿਚ ਪੂੰਜੀ ਦੀ ਆਮਦ ਬੁਨਿਆਦੀ ਕਿਸਮ ਦੀ ਹੈ ਭਾਵੇਂ ਕਿ ਜ਼ਿਆਦਾਤਰ ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ ਭੌਤਿਕ ਬੁਨਿਆਦੀ ਢਾਂਚੇ ਅਤੇ ਸਮਾਜਿਕ ਸੇਵਾਵਾਂ ਲਈ ਲੋੜੀਂਦੇ ਜਨਤਕ ਨਿਵੇਸ਼ ਤੋਂ ਸੱਖਣੀਆਂ ਚਲੀਆਂ ਆ ਰਹੀਆਂ ਹਨ। ਪਰ, ਉਹ ਘਰੇਲੂ ਕਰਜ਼ੇ ਲੈ ਕੇ ਆਪਣੇ ਵਿਕਾਸ ਦੇ ਟੀਚੇ ਪ੍ਰਾਪਤ ਕਰ ਸਕਦੀਆਂ ਹਨ। ਹਾਲੇ ਵੀ ਆਈ ਐੱਫ ਆਈ ਐੱਸ ਲਈ ਅੰਤਰ-ਸਰਹੱਦੀ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਦੇ ਤਾਲਮੇਲ ਅਤੇ ਕੁੱਝ ਵਿੱਤ ਮੁਹੱਈਆ ਕਰਵਾਉਣ ਵਿਚ ਅਹਿਮ ਭੂਮਿਕਾ ਹੋ ਸਕਦੀ ਹੈ ਜੋ ਇਕ ਦੂਸਰੇ ਨੂੰ ਸਹਿਯੋਗ ਅਤੇ ਫ਼ਿਕਰਮੰਦ ਨਿਵੇਸ਼ਕਾਂ ਦਾ ਭਰੋਸਾ ਬਹਾਲ ਕਰਨ ਵਿਚ ਮਦਦਗਾਰ ਸਾਬਤ ਹੋ ਸਕਦੇ ਹਨ।

ਪਰ ਜਿਵੇਂ ਕਿ ਅਸੀਂ ਜਾਣਦੇ ਹਾਂ, ਕੌੜਾ ਸੱਚ ਇਹ ਹੈ ਕਿ ਘਰੇਲੂ ਸਰੋਤਾਂ ਦੇ ਸੰਬੰਧ ਵਿਚ ਵਿਸ਼ਵ ਬੈਂਕ ਤੋਂ ਕਰਜ਼ੇ ਲੈਣ ਦਾ ਪੱਧਰ ਮੁੱਖ ਈ ਐੱਮ ਈ ਵਿਚ ਸੀਮਤ ਜਿਹਾ ਹੀ ਰਹਿਣ ਦੀ ਉਮੀਦ ਹੈ। ਅਜਿਹਾ ਇਸ ਕਰਕੇ ਕਿਉਂਕਿ ਜੀ-20 ਨੇ ਅੰਤਰਰਾਸ਼ਟਰੀ ਵਿੱਤ ਫ਼ੰਡ ਦੇ ਪੱਧਰ 'ਤੇ ਵਿਸ਼ਵ ਬੈਂਕ ਦੇ ਸਰੋਤ ਵਧਾਉਣ ਵਿਚ ਕੋਈ ਖ਼ਾਸ ਦਿਲਚਸਪੀ ਨਹੀਂ ਦਿਖਾਈ। ਉਹ ਇਸ ਵਿਚਾਰ ਦੇ ਹਨ ਕਿ ਇਹ ਸਰੋਤ ਜ਼ਿਆਦਾਤਰ ਵੱਡੇ ਉੱਭਰਦੇ ਬਾਜ਼ਾਰਾਂ ਵੱਲ ਚਲੇ ਜਾਣਗੇ ਜੋ ਤੇਜ਼ੀ ਨਾਲ ਵਿਕਸਤ ਹੋ ਰਹੇ ਹਨ, ਰਵਾਇਤੀ ਦਾਨੀਆਂ ਦੇ ਮੁਕਾਬਲੇ ਪੂੰਜੀ ਦੇ ਮਾਮਲੇ ਵਿਚ ਜ਼ਿਆਦਾ ਸਮਰੱਥ ਹਨ ਤੇ ਉਨ੍ਹਾਂ ਕੋਲ ਢੁੱਕਵੇਂ ਭੰਡਾਰ ਹਨ। ਦੂਜੇ ਪਾਸੇ, ਈ ਐੱਮ ਈ ਐੱਸ, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਿਲ ਹੈ, ਬੈਂਕ ਦੀਆਂ ਸਰੋਤਾਂ ਨੂੰ ਇਕੱਤਰ ਕਰਨ ਦੀਆਂ ਕੋਸ਼ਿਸ਼ਾਂ ਵਿਚ ਜ਼ਿਆਦਾ ਭਾਗੀਦਾਰੀ ਕਰਦੇ ਨਜ਼ਰ ਨਹੀਂ ਆਉਂਦੇ ਕਿਉਂਕਿ ਉਨ੍ਹਾਂ ਦੀਆਂ ਆਪਣੀਆਂ ਵੱਡੀਆਂ ਵਿਕਾਸ ਦੀਆਂ ਲੋੜਾਂ ਹਨ। ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਲਈ ਘਰੇਲੂ ਧਿਰਾਂ ਨੂੰ ਇਹ ਮਨਾਉਣਾ ਔਖਾ ਹੋਵੇਗਾ ਕਿ ਵਿਸ਼ਵ ਬੈਂਕ ਨਾਲ ਵੱਡੇ ਇਕਰਾਰ ਕਿਉਂ ਕੀਤੇ ਜਾ ਰਹੇ ਹਨ ਜਦ ਕਿ ਆਧੁਨਿਕ ਦੇਸ਼ਾਂ ਦੇ ਬਰਾਬਰ ਆਪਣਾ ਭੌਤਿਕ ਅਤੇ ਸਮਾਜਿਕ ਢਾਂਚਾ ਲਿਆਉਣ ਖਾਤਰ ਵੱਡੇ ਨਿਵੇਸ਼ ਦੀ ਲੋੜ ਹੈ।

ਇਹੀ ਦਲੀਲ ਉਨ੍ਹਾਂ ਦਾ ਅੰਤਰਰਾਸ਼ਟਰੀ ਵਿੱਤੀ ਫ਼ੰਡ ਸਰੋਤਾਂ ਲਈ ਭਾਗੀਦਾਰੀ ਵਾਸਤੇ ਵੀ ਲਾਗੂ ਹੁੰਦੀ ਹੈ, ਖ਼ਾਸ ਕਰਕੇ ਉਦੋਂ ਜਦੋਂ ਇਹ ਸਰੋਤ ਯੂਰਪੀਅਨ ਖੇਤਰ ਦੇ ਦੇਸ਼ਾਂ ਦਾ ਬੇੜਾ ਪਾਰ ਕਰਨ ਲਈ ਵਰਤੇ ਜਾ ਰਹੇ ਹਨ ਜਿਨ੍ਹਾਂ ਦੀ ਪ੍ਰਤਿ ਵਿਅਕਤੀ ਆਮਦਨ ਤੇਜ਼ੀ ਨਾਲ ਉੱਨਤ ਹੋ ਰਹੇ ਬਾਜ਼ਾਰਾਂ ਨਾਲੋਂ ਕਿਤੇ ਜ਼ਿਆਦਾ ਹੈ। ਭਾਰਤ ਨੇ ਵਿਦੇਸ਼ੀ ਮੁਦਰਾ ਦੇ ਵੱਡੇ ਭੰਡਾਰ ਜਮ੍ਹਾਂ ਕੀਤੇ ਹਨ ਜਿਨ੍ਹਾਂ ਨੇ ਵਿਸ਼ਵ ਵਿੱਤੀ ਸੰਕਟ ਦੀ ਸਿਖਰ ਸਮੇਂ ਇਸ ਨੂੰ ਬਚਾਈ ਰੱਖਿਆ ਭਾਵੇਂ ਕਿ ਇਸ

ਬਾਹਰੀ ਝਟਕੇ ਦੀ ਤੀਬਰਤਾ 1990ਵਿਆਂ ਦੀ ਸ਼ੁਰੂਆਤ ਨਾਲੋਂ ਜ਼ਿਆਦਾ ਸੀ ਜਦੋਂ ਭੁਗਤਾਨ ਦੇ ਸੰਤੁਲਨ ਦਾ ਵੱਡਾ ਸੰਕਟ ਖੜ੍ਹਾ ਹੋ ਗਿਆ ਸੀ। ਲੰਮੇਂ ਸਮੇਂ ਵਿਚ, ਭਾਰਤ ਅੰਦਰ ਸ਼ੁੱਧ ਪੂੰਜੀ ਦੀ ਆਮਦ ਚਲੰਤ ਖਾਤੇ ਦੇ ਘਾਟੇ ਨਾਲੋਂ ਵਧਣ ਦੀ ਉਮੀਦ ਹੈ (ਤੇਲ ਦੀਆਂ ਕੀਮਤਾਂ ਅਹਿਮ ਸੰਤੁਲਨ ਕਾਰਕ ਹਨ ਜੋ ਘਾਟੇ ਅਤੇ ਸੰਤੁਲਨ ਦਰਮਿਆਨ ਤੱਕੜੀ ਦਾ ਕੰਮ ਕਰਦੀਆਂ ਹਨ। ਭਾਰਤ ਪੂੰਜੀ ਦੀ ਆਮਦ ਦਾ ਇਕ ਵੱਡਾ ਪ੍ਰਾਪਤਕਾਰ ਹੋਣ ਦੀ ਉਮੀਦ ਕਰ ਸਕਦਾ ਹੈ ਜਿਵੇਂ ਕਿ ਬੀਤੇ ਵਿਚ ਇਹ ਰਿਹਾ ਹੈ। ਸੰਖੇਪ ਮੁੱਦਾ ਇਹ ਹੈ ਕਿ ਭਵਿੱਖ ਵਿਚ ਇਸ ਦੇ ਵਿਆਪਕ ਭੰਡਾਰਾਂ ਦੇ ਚਲਦਿਆਂ ਨਿਰੋਲ ਮੰਗਣ ਵਾਲੇ ਦੀ ਬਜਾਇ ਭਾਰਤ ਅੰਤਰਰਾਸ਼ਟਰੀ ਵਿੱਤ ਫ਼ੰਡ ਦੇ ਸਰੋਤਾਂ ਵਿਚ ਨਿਰੋਲ ਹਿੱਸੇਦਾਰ ਬਣਨ ਦੀ ਉਮੀਦ ਹੈ। ਪਿਛਲੇ ਕੁਝ ਸਾਲਾਂ ਦੌਰਾਨ ਅਨੇਕ ਉੱਭਰ ਰਹੀਆਂ ਆਰਥਿਕਤਾਵਾਂ ਵਾਂਗ ਭਾਰਤ ਨੇ ਵੀ ਅੰਤਰਰਾਸ਼ਟਰੀ ਵਿੱਤ ਫ਼ੰਡ ਦੇ ਸਰੋਤਾਂ ਵਿਚ ਵੱਡਾ ਹਿੱਸਾ ਪਾਉਣ ਦਾ ਪ੍ਰਣ ਲਿਆ ਹੈ।

***ਰਣਨੀਤਕ ਤੌਰ ਤੇ, ਜ਼ਿਆਦਾ ਵੱਡੇ ਵਿਕਾਸਸ਼ੀਲ ਦੇਸ਼ਾਂ, ਭਾਰਤ ਸਮੇਤ, ਤੋਂ ਉਮੀਦ ਕੀਤੀ ਜਾਂਦੀ ਹੈ ਕਿ ਦੋ ਬੀ ਡਬਲਯੂ ਆਈ ਐੱਸ ਵਿਚ ਉਹ ਦੋ ਵੱਖਰੇ ਸਟੈਂਡ ਲੈਣਗੇ। ਸ਼ਾਸਨ ਦੇ ਮੁੱਦੇ, ਜਿਵੇਂ ਕਿ ਵੋਟ ਦੀ ਤਾਕਤ ਅਤੇ ਵਰਿਸ਼ਟ ਕਾਰਜਪਾਲਿਕ ਸਥਾਨਾਂ ਵਿਚ ਬਰਾਬਰੀ ਬੇਸ਼ੱਕ ਸਾਰੇ ਵਿਕਾਸਸ਼ੀਲ ਦੇਸ਼ਾਂ ਲਈ ਅਤਿ ਮਹੱਤਵਪੂਰਨ ਹਨ, ਪਰ ਉਨ੍ਹਾਂ ਦੇ ਸ਼ਾਸਨ ਸੰਬੰਧੀ ਤੌਖ਼ਲੇ ਇਕ ਸੰਗਠਨ ਅੰਦਰ ਹੋਰ ਵੀ ਪੱਕੇ ਪੈਰੀਂ ਹਨ ਜਿਥੇ ਉਹ ਪ੍ਰਮੁੱਖ ਹਿੱਸੇਦਾਰੀ ਕਰਨ ਵਾਲੇ ਦੇਸ਼ ਹੋ ਸਕਦੇ ਹਨ, ਬਜਾਇ ਕਿ ਜਿਥੇ ਉਹ ਸਭ ਤੋਂ ਵੱਡੇ ਮੰਗ ਵਾਲੇ ਹੋਣ। ਬਰਾਬਰੀ ਅਤੇ ਈ ਐੱਮ ਐੱਸ ਨੂੰ ਵਿਸ਼ਵਾਸ ਦੇਣ ਲਈ ਅੰਤਰਰਾਸ਼ਟਰੀ ਵਿੱਤ ਫ਼ੰਡ ਨੂੰ ਅਹਿਮ ਸ਼ਾਸਨ ਸੁਧਾਰ ਕਰਨ ਦੀ ਲੋੜ ਹੈ ਤਾਂ ਕਿ ਮਾਲਕੀ ਦੀ ਵਧੇਰੇ ਸੋਝੀ ਰਾਹੀਂ ਹੋਰ ਸਰੋਤਾਂ ਦੀ ਭਾਗੀਦਾਰੀ ਕੀਤੀ ਜਾ ਸਕੇ।***

ਵਿਸ਼ਵ ਬੈਂਕ ਦੇ ਮਾਮਲੇ ਵਿਚ ਜ਼ਿਆਦਾਤਰ ਵਿਕਾਸਸ਼ੀਲ ਦੇਸ਼ ਨਵੇਂ ਪ੍ਰਾਜੈਕਟਾਂ ਦੀ ਮਨਜ਼ੂਰੀ, ਵੰਡ ਅਤੇ ਪ੍ਰਾਜੈਕਟ ਪ੍ਰਬੰਧਨ ਲਈ ਦੇਸ਼ ਮੁਖੀ ਜਾਂ ਦੁਵੱਲਾ ਧਿਆਨ ਰੱਖਣ ਦੀ ਨੀਤੀ 'ਤੇ ਹੀ ਚੱਲਣਗੇ। ਪਰ ਅੰਤਰਰਾਸ਼ਟਰੀ ਵਿੱਤ ਫ਼ੰਡ ਦੇ ਮਾਮਲੇ ਵਿਚ ਉਨ੍ਹਾਂ ਨੂੰ ਹੋਰ ਜ਼ਿਆਦਾ ਬਹੁਧਿਰੀ ਸੋਚ ਲੈ ਕੇ ਚੱਲਣਾ ਪਵੇਗਾ ਕਿਉਂਕਿ ਉਨ੍ਹਾਂ ਦੇ ਤੌਖ਼ਲੇ ਸਰੋਤ ਜੁਟਾਉਣ ਵਾਲੇ ਯੰਤਰਾਂ ਵੱਲ ਸੇਧਿਤ ਹੋ ਜਾਣਗੇ, ਜਿਥੇ ਇਹ ਸਰੋਤ ਲਾਏ ਜਾਣੇ ਹਨ, ਉਨ੍ਹਾਂ ਦੀ ਨਿਪੁੰਨਤਾ ਅਤੇ ਸੁਰੱਖਿਆ, ਵਿਸ਼ਵ ਚੌਕਸੀ ਅਤੇ ਸ਼ਾਸਨ ਲਈ। ਹਾਲੇ ਤਕ ਬੀ ਡਬਲਯੂ ਆਈ ਐੱਸ ਦੇ ਨੀਤੀ ਸਲਾਹ ਢਾਂਚੇ ਅਤੇ ਚੌਕਸੀ ਦਾ ਕੇਂਦਰ ਬਿੰਦੂ ਵਿਕਾਸਸ਼ੀਲ ਦੇਸ਼ ਹੀ ਹਨ ਕਿਉਂਕਿ ਉਹ ਪ੍ਰਮੁੱਖ ਉਧਾਰ ਲੈਣ ਵਾਲੇ ਹਨ। ਪਰ ਇਹ ਹੋ ਸਕਦਾ ਹੈ ਅੰਤਰਰਾਸ਼ਟਰੀ ਵਿੱਤ ਫ਼ੰਡ ਦੇ ਮਾਮਲੇ ਵਿਚ ਬਦਲ ਜਾਵੇ ਕਿਉਂਕਿ ਯੂਰਪੀਨ ਦੇਸ਼ਾਂ ਦਾ ਅੰਤਰਰਾਸ਼ਟਰੀ ਵਿੱਤੀ ਫ਼ੰਡ ਦੇ ਕਰਜ਼ੇ ਵਾਲੇ ਵਿਭਾਗ 'ਤੇ ਗਲਬਾ ਹੈ। ਰੁਕਿਆ ਹੋਇਆ ਵਿਕਾਸ, ਭੁਗਤਾਨ ਦੇ ਸੰਤੁਲਨ ਦੀਆਂ ਸਮੱਸਿਆਵਾਂ, ਵਿੱਤੀ ਘਾਟੇ ਅਤੇ ਨਾ ਜਾਰੀ ਰਹਿਣਯੋਗ ਕਰਜ਼ੇ ਦਾ ਵਾਧਾ – ਵਿਕਾਸਸ਼ੀਲ ਦੇਸ਼ਾਂ ਦੇ ਰਵਾਇਤੀ ਮੁੱਦੇ ਇਨ੍ਹਾਂ 'ਤੇ ਵਿਕਸਤ ਆਰਥਿਕਤਾਵਾਂ ਵਿਚ ਵੀ ਰੱਖਣ ਦੀ ਲੋੜ ਪੈ ਸਕਦੀ ਹੈ। ਉਹ ਦੇਸ਼ ਵੀ ਹੁਣ ਵਿਕਾਸਸ਼ੀਲ ਦੇਸ਼ਾਂ ਜਿਵੇਂ ਢਾਂਚਾਗਤ ਤਬਦੀਲੀ ਅਤੇ ਸੁਧਾਰਾਂ ਦੀ ਲੋੜ ਮਹਿਸੂਸ ਕਰਦੇ ਹਨ। ਪਰ ਇਹ ਮੁੜ–ਗਠਨ ਉਦੋਂ ਤਕ ਸੰਭਵ ਨਹੀਂ ਜਦੋਂ ਤਕ ਬੀ ਡਬਲਯੂ ਆਈ ਐੱਸ ਦਾ ਸ਼ਾਸਨ ਦਾ ਸ਼ਾਸਨ ਢਾਂਚਾ, ਜਿਸ 'ਤੇ ਵਰਤਮਾਨ ਵਿਚ ਵਿਕਸਤ ਆਰਥਿਕਤਾਵਾਂ ਦਾ ਦਬਦਬਾ ਹੈ, ਵੱਡੇ ਹਿੱਸੇਦਾਰੀ ਦੇ ਸੁਧਾਰਾਂ ਦੀ ਬਦੌਲਤ ਬਰਾਬਰੀ ਵਾਲੇ ਨਹੀਂ ਬਣ ਜਾਂਦੇ। ਭਾਰਤ ਸਮੇਤ *ਬ੍ਰਿਕਸ* ਨੇ ਜੀ–20 ਵਿਚ ਇਨ੍ਹਾਂ ਰਣਨੀਤਕ ਮੁੱਦਿਆਂ ਨੂੰ ਉਠਾਉਣਾ ਸ਼ੁਰੂ ਕਰ ਦਿਤਾ ਹੈ। ਸਹਿਮਤੀ ਪੁੱਜਣ ਦਾ ਇਕ ਰਸਤਾ ਇਹ ਹੈ ਕਿ ਇਨ੍ਹਾਂ ਸੰਸਥਾਵਾਂ ਦੇ ਸ਼ਾਸਨ ਦਾ ਦਰਪਨ ਜੀ–20 ਨੂੰ ਪ੍ਰਵਾਨ ਹੋਵੇ। ਪਰ ਈ ਐੱਮ ਈ ਐੱਸ ਨੂੰ ਵੀ ਚੌਕਸੀ, ਅਗਾਊਂ ਚਿਤਾਵਨੀ ਅਤੇ ਵਿਸ਼ਵ ਵਿਕਾਸ ਟੀਚਿਆਂ ਨਾਲ ਜ਼ਿਆਦਾ ਵਾਬਸਤਾ ਹੋਣਾ ਪਵੇਗਾ ਬਜਾਇ ਕਿ ਵਰਤਮਾਨ ਵਿਚ ਜੋ ਹੋ ਰਿਹਾ ਹੈ। ਕਿਉਂਕਿ ਇਸ ਸਭ ਕੁਝ ਦਾ ਅਸਰ ਫ਼ੰਡਾਂ ਦੇ ਸਰੋਤਾਂ ਦੀ ਲੋੜ ਅਤੇ ਤੈਨਾਤੀ 'ਤੇ ਪਵੇਗਾ ਜਿਸ ਦੇ ਉਹ ਵੱਡੇ ਭਾਗੀਦਾਰ ਬਣ ਰਹੇ ਹਨ। ਵਿਕਸਤ ਅਤੇ ਵਿਕਾਸਸ਼ੀਲ, ਦੋਵੇਂ ਦੇਸ਼ਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਸੰਖੇਪ ਵਿਚ, ਬ੍ਰੈਟਨ ਵੁੱਡਜ਼ ਸੰਸਥਾਨ ਸਿਥਲ ਹੋਏ ਪਏ ਹਨ ਕਿਉਂਕਿ ਉਨ੍ਹਾਂ ਦੇ ਸ਼ਾਸਨ ਦਾ ਢਾਂਚਾ ਆਪਣੇ ਆਪ ਨੂੰ ਵਿਸ਼ਵ ਰਾਜਨੀਤਕ ਆਰਥਿਕਤਾ ਦੇ ਅਨੁਕੂਲ ਨਹੀਂ ਢਾਲ ਸਕਿਆ। ਜਦੋਂ ਯੂਰਪੀਨ ਪ੍ਰਾਜੈਕਟ ਮੁਕੰਮਲ ਹੋ ਗਏ ਤਾਂ ਉਨ੍ਹਾਂ ਦੇ ਸਰੋਤ ਵਧਣੇ ਬੰਦ ਹੋ ਗਏ। *ਬ੍ਰਿਕਸ* ਦੀ ਵੋਟਿੰਗ ਭਾਗੀਦਾਰੀ, ਉੱਭਰਦੀ ਹੋਈ ਆਰਥਿਕ ਸ਼ਕਤੀ, ਹੁਣ ਵਿਸ਼ਵ ਕੁੱਲ ਘਰੇਲੂ ਉਤਪਾਦ ਵਿਚ ਬਾਜ਼ਾਰੀ ਕੀਮਤਾਂ ਤੇ ਆਪਣੇ ਹਿੱਸੇ ਤੋਂ ਲਗਭਗ ਅੱਧੀ ਹੈ, ਅਤੇ ਖਰੀਦ ਸ਼ਕਤੀ ਦਾ ਇਕ ਤਿਹਾਈ ਤੋਂ ਵੱਧ। ਓ ਈ ਸੀ ਡੀ (ਆਰਥਿਕ ਸਹਿਯੋਗ ਅਤੇ ਵਿਕਾਸ ਵਾਸਤੇ ਸੰਗਠਨ) ਵਾਲੇ ਦੇਸ਼ਾਂ ਦੀ ਉੱਭਰਦੇ ਬਾਜ਼ਾਰਾਂ ਨਾਲ ਮਾਲਕੀ ਸਾਂਝੀ ਕਰਨ ਤੋਂ ਇਨਕਾਰ ਉਨ੍ਹਾਂ ਵਲੋਂ ਵਧਦੇ ਹੋਏ ਵਿੱਤੀ ਬੋਝ, ਪੁਰਾਣਾਪਨ ਅਤੇ ਘਟਦੀ ਵਿਕਾਸ ਦਰ ਦੇ ਮਾਮਲੇ ਵਿਚ ਸਰੋਤਾਂ ਦਾ ਫੈਲਾਅ ਕਰਨ ਦੀ ਅਣਇੱਛਾ ਇਕੋ ਜਿਹੀ ਹੈ।

ਜਦੋਂ ਕਿ ਬ੍ਰੈਟਨ ਵੁੱਡਜ਼ ਜੋੜੀ ਸਾਹਮਣੇ ਆ ਰਹੀ ਹੈ, ਉੱਭਰ ਰਹੇ ਬਾਜ਼ਾਰ ਆਪਣੀਆਂ ਵਾਧੂ ਬਚਤਾਂ ਦੀ ਵਿਚੋਲਗਿਰੀ ਲਈ ਵਿਕਲਪਿਕ ਸੰਸਥਾਵਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਵੇਂ ਕਿ *ਚਿਆਂਗ ਮਈ ਪਹਿਲਕਦਮੀ* ਅਤੇ ਪੂਰਬੀ ਏਸ਼ੀਆ ਵਿਚ ਏਸ਼ਿਆਈ ਬੁਨਿਆਦੀ ਢਾਂਚੇ ਫ਼ੰਡ, ਨਵਾਂ ਵਿਕਾਸ ਬੈਂਕ ਅਤੇ *ਬ੍ਰਿਕਸ* ਦੇ ਅਚਨਚੇਤ ਰਾਖਵੇਂ ਪ੍ਰਬੰਧ।

***ਇਹ ਅੰਤਰਰਾਸ਼ਟਰੀ ਵਿੱਤੀ ਫ਼ੰਡ (ਚਿਆਂਗ ਮਈ ਅਤੇ ਅਚਨਚੇਤ ਰਾਖਵਾਂ ਸਮਝੌਤਾ) ਅਤੇ ਵਿਸ਼ਵ ਬੈਂਕ (ਨਵਾਂ ਵਿਕਾਸ ਬੈਂਕ ਤੇ ਏਸ਼ਿਆਈ ਬੁਨਿਆਦੀ ਢਾਂਚਾ ਬੈਂਕ) ਦੋਵਾਂ ਦੀ ਨਕਲ ਹੋਣਗੇ। ਕੀ ਉੱਭਰ ਰਹੀਆਂ ਆਰਥਿਕ ਸ਼ਕਤੀਆਂ ਅਮਰੀਕਾ ਅਤੇ ਯੂਰਪ ਵਲੋਂ ਜੰਗ ਤੋਂ ਬਾਅਦ ਦੇ ਸਮੇਂ ਦੀ ਤਰਜ਼ 'ਤੇ ਸਾਂਝ ਵਧਾਉਣ ਲਈ ਭੂਗੋਲਿਕ-ਰਾਜਨੀਤਕ ਸਹਿਯੋਗ ਕਰ ਸਕਣਗੀਆਂ, ਇਹ ਵੇਖਣਾ ਹਾਲੇ ਬਾਕੀ ਹੈ।***

*(ਲੇਖਕ ਆਈ ਏ ਐੱਸ ਅਧਿਕਾਰੀ ਹੈ।)*

*e-mail :www.aloksheel.com*

# ਭਾਰਤੀ ਸੰਘਵਾਦ ਦਾ ਬਦਲਦਾ ਚਿਹਰਾ

ਅਮਨਪ੍ਰੀਤ ਸਿੰਘ ਗਿੱਲ

ਵਿਸ਼ਵ ਵਿਚ ਰਾਜ ਦੀ ਸੰਘਾਤਮਕ ਪ੍ਰਣਾਲੀ ਦਾ ਵਿਚਾਰ ਨਾ ਤਾਂ ਜ਼ਿਆਦਾ ਪੁਰਾਣਾ ਹੈ ਤੇ ਨਾ ਹੀ ਜ਼ਿਆਦਾ ਹਰਮਨ-ਪਿਆਰਾ। 1787 ਈ. ਵਿਚ ਅਮਰੀਕਾ ਦੇ 13 ਰਾਜਾਂ ਨੇ ਮਿਲ ਕੇ ਇਸ ਨਵੇਂ ਰਾਜਨੀਤਕ ਪ੍ਰਬੰਧ ਦੀ ਰੂਪ-ਰੇਖਾ ਤਿਆਰ ਕੀਤੀ ਅਤੇ ਸੰਯੁਕਤ ਰਾਜ ਦਾ ਮੁੱਦਾ ਬੱਝਾ। 19ਵੀਂ ਸਦੀ ਵਿਚ ਕੇਵਲ ਦੋ ਰਾਜ ਇਸ ਪ੍ਰਬੰਧ ਨੂੰ ਅਪਣਾਉਣ ਲਈ ਸਾਹਮਣੇ ਆਏ। 1848 ਈ. ਵਿਚ ਸਵਿਟਜ਼ਰਲੈਂਡ ਅਤੇ 1867 ਈ. ਵਿਚ ਕੈਨੇਡਾ ਸੰਘਾਤਮਕ ਰਾਜ ਬਣੇ। 20ਵੀਂ ਸਦੀ ਦੇ ਪਹਿਲੇ ਸਾਲ ਅਸਟ੍ਰੇਲੀਆ (1901), ਇਸ ਦੇ ਮੱਧ ਵਿਚ ਜਰਮਨੀ (1949) ਤੇ ਭਾਰਤ (1950) ਤੇ ਇਸ ਦੇ ਆਖ਼ਰੀ ਦਹਾਕੇ ਵਿਚ ਰੂਸ (1993) ਤੇ ਦੱਖਣੀ ਅਫ਼ਰੀਕਾ (1996) ਨੇ ਸੰਘਾਤਮਕ ਪ੍ਰਣਾਲੀ ਅਪਣਾਈ। ਤਿੰਨ ਸਦੀਆਂ ਥਾਣੀਂ ਲੰਘ ਕੇ ਵੀ ਇੱਕੀਵੀਂ ਸਦੀ ਤਕ ਦੇ ਨਕਸ਼ੇ 'ਤੇ ਸੰਘਾਤਮਕ ਪ੍ਰਣਾਲੀ ਨੂੰ ਅਪਨਾਏ ਹੋਏ ਦੇਸ਼ਾਂ ਦੀ ਗਿਣਤੀ ਦੋ ਦਰਜਨ ਤੋਂ ਉੱਪਰ ਨਹੀਂ ਹੋਈ।

***ਭਾਰਤ ਪਹਿਲਾ ਅਜਿਹਾ ਐਫਰੋ-ਏਸ਼ੀਆਈ ਦੇਸ਼ ਹੈ, ਜਿਸ ਨੇ 1950 ਵਿਚ ਸੰਘਾਤਮਕ ਪ੍ਰਣਾਲੀ ਅਪਣਾਈ। ਸੰਵਿਧਾਨ ਦੀ ਪ੍ਰਸਤਾਵਨਾ ਇਸ ਨੂੰ ਰਾਜਾਂ ਦਾ ਸੰਘ ਐਲਾਨ ਕਰਦੀ ਹੈ। ਭਾਰਤ ਦੇ ਸੰਘਾਤਮਕ ਪ੍ਰਣਾਲੀ ਅਪਣਾਉਣ ਪਿੱਛੇ ਇਕ ਪਾਸੇ 1935 ਦੇ ਗੌਰਮਿੰਟ ਆਫ਼ ਇੰਡੀਆ ਐਕਟ ਦੀ ਪਰੰਪਰਾ ਸੀ, ਦੂਸਰੇ ਪਾਸੇ, ਸੰਵਿਧਾਨ ਸਭਾ ਦੇ ਮੈਂਬਰਾਂ ਸਾਹਮਣੇ ਇਹ ਚੁਨੌਤੀ ਸੀ ਕਿ ਭਾਰਤ ਦੀ ਹਰ ਕਿਸਮ ਦੀ ਵਿਭਿੰਨਤਾ ਨੂੰ ਕਿਸ ਪ੍ਰਣਾਲੀ ਤਹਿਤ ਮਾਨਤਾ ਦਿਤੀ ਜਾਵੇ।***

ਇਸ ਲਈ ਇਕੋ ਸੰਸਦੀ ਪ੍ਰਣਾਲੀ ਨੂੰ ਆਪਣਾਉਣ ਦੇ ਬਾਵਜੂਦ, ਜੋ ਕਿ ਆਮ ਤੌਰ ਤੇ ਇਕਾਤਮਕ ਰਾਜ ਪ੍ਰਬੰਧ ਲਈ ਜ਼ਿਆਦਾ ਸਹਾਈ ਹੁੰਦੀ ਹੈ, ਸੰਘਾਤਮਕ ਪ੍ਰਣਾਲੀ ਅਪਣਾਈ ਗਈ। ਕਿਸੇ ਦੇਸ਼ ਦੇ ਸੰਘਾਤਮਕ ਹੋਣ ਲਈ ਉਸ ਵਿਚ ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ ਦਾ ਹੋਣਾ ਹੀ ਕਾਫ਼ੀ ਨਹੀਂ। ਇਸ ਲਈ ਸਭ ਤੋਂ ਬੁਨਿਆਦੀ ਸ਼ਰਤ ਹੈ, ਸੰਵਿਧਾਨ ਦੀ ਸਰਬਉੱਚਤਾ। ਸੰਘ ਅਤੇ ਰਾਜ ਦੋਨੋਂ ਹੀ ਆਪਣੀਆਂ ਸ਼ਕਤੀਆਂ ਸੰਵਿਧਾਨ ਪਾਸੋਂ ਪ੍ਰਾਪਤ ਕਰਦੇ ਹਨ। ਜਦ ਕਿ ਇਕਾਤਮਕ ਰਾਜ ਵਿਚ ਕੇਂਦਰ ਆਪਣੀਆਂ ਸ਼ਕਤੀਆਂ ਸੰਵਿਧਾਨ ਪਾਸੋਂ ਪ੍ਰਾਪਤ ਕਰਦਾ ਹੈ ਤੇ ਰਾਜ ਆਪਣੀਆਂ ਸ਼ਕਤੀਆਂ ਕੇਂਦਰ ਪਾਸੋਂ (ਜਿਨ੍ਹਾਂ ਨੂੰ ਕੇਂਦਰ ਖਤਮ ਵੀ ਕਰ ਸਕਦਾ ਹੈ) ਇਸ ਅੰਤਰ ਨੂੰ ਨਿਮਨ ਚਿੱਤਰਾਂ ਰਾਹੀਂ ਸਮਝਿਆ ਜਾ ਸਕਦਾ ਹੈ :

***ਚਿੱਤਰ ੳ    ਸੰਘਾਤਮਕ ਪ੍ਰਣਾਲੀ***

***ਸੰਵਿਧਾਨ***

***ਕੇਂਦਰ    ਰਾਜ***

ਇਸ ਚਿੱਤਰ ਅਨੁਸਾਰ ਸੰਘਾਤਮਕ ਪ੍ਰਣਾਲੀ ਵਿਚ ਕੇਂਦਰ ਅਤੇ ਰਾਜ ਦੋਨੋਂ ਸੰਵਿਧਾਨ ਦੇ ਅਧੀਨ ਹਨ। ਰਾਜ ਕੇਂਦਰ ਵਾਂਗ ਹੀ ਆਪਣੀਆਂ ਸ਼ਕਤੀਆਂ ਸੰਵਿਧਾਨ ਪਾਸੋਂ ਪ੍ਰਾਪਤ ਕਰਦੇ ਹਨ। ਕਿਉਂਕਿ ਕੇਂਦਰ ਸ਼ਕਤੀਆਂ ਦਾ ਦਾਤਾ ਨਹੀਂ ਹੈ, ਇਸ ਲਈ ਇਨ੍ਹਾਂ ਨੂੰ ਰਾਜਾਂ ਪਾਸੋਂ ਖੋਹ ਵੀ ਨਹੀਂ ਸਕਦਾ। ਕੇਂਦਰ ਦੁਆਰਾ ਰਾਜਾਂ ਦੀਆਂ ਸ਼ਕਤੀਆਂ ਨੂੰ ਖੋਹਣ ਦਾ ਕੋਈ ਵੀ ਅਮਲ ਨਿਆਂ ਪਾਲਿਕਾ ਦੁਆਰਾ ਨਿਆਂਇਕ ਜਾਇਜ਼ੇ ਦੀ ਸ਼ਕਤੀ ਰਾਹੀਂ ਸੰਵਿਧਾਨ ਦੇ ਉਲਟ ਕਰਾਰ ਦੇ ਕੇ ਰੱਦ ਕੀਤਾ ਜਾਂਦਾ ਹੈ।

ਸੰਘਾਤਮਕ ਦੇ ਉਲਟ ਇਕਾਤਮਕ ਵਿਚ ਰਾਜ ਆਪਣੇ ਅਧਿਕਾਰ ਸੰਵਿਧਾਨ ਪਾਸੋਂ ਨਹੀਂ ਕੇਂਦਰ ਪਾਸੋਂ ਪ੍ਰਾਪਤ ਕਰਦੇ ਹਨ ਜਿਨ੍ਹਾਂ ਨੂੰ ਕੇਂਦਰ ਮਨ-ਮਰਜ਼ੀ ਨਾਲ ਵਾਪਸ ਲੈ ਸਕਦਾ ਹੈ।

***ਚਿੱਤਰ - ਅ    ਇਕਾਤਮਕ ਪ੍ਰਣਾਲੀ***

***ਸੰਵਿਧਾਨ***
↓
***ਕੇਂਦਰ***
↓
***ਰਾਜ***

ਸੰਘਾਤਮਕ ਪ੍ਰਣਾਲੀ ਵਿਚ ਰਾਜਾਂ ਦੇ ਅਧਿਕਾਰਾਂ ਦਾ ਸੋਮਾ ਖ਼ੁਦ ਸੰਵਿਧਾਨ ਹੈ। ਇਸ ਲਈ ਸੰਵਿਧਾਨ ਦਾ ਲਿਖਤੀ ਹੋਣਾ ਲਾਜ਼ਮੀ ਹੈ। ਸੰਵਿਧਾਨ ਦੀ ਸੁਰੱਖਿਆ ਵਾਸਤੇ ਸੁਤੰਤਰ ਨਿਆਂ-ਪਾਲਿਕਾ ਦਾ ਹੋਣਾ ਹੋਰ ਵੀ ਜ਼ਰੂਰੀ ਹੈ। 1994 ਵਿਚ ਐਸ ਆਰ ਬੋਮਈ ਬਨਾਮ ਭਾਰਤ ਸੰਘ ਜਜਮੈਂਟ ਵਿਚ ਸੁਪਰੀਮ ਕੋਰਟ ਨੇ ਫ਼ੈਸਲਾ ਦਿਤਾ ਕਿ 'ਸੰਘਵਾਦ' ਭਾਰਤੀ ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਹਿੱਸਾ ਹੈ। ਲਿਹਾਜ਼ਾ ਇਸ ਨੂੰ ਸੰਸਦ ਵੀ ਖਤਮ ਨਹੀਂ ਕਰ ਸਕਦੀ। ਸੰਵਿਧਾਨ ਦੇ ਬੁਨਿਆਦੀ ਢਾਂਚੇ ਬਾਰੇ ਪਹਿਲਾਂ ਹੀ 1973 ਵਿਚ ਸੁਪਰੀਮ ਕੋਰਟ ਕੇਸ਼ਵਾਨੰਦ ਭਾਰਤੀ ਬਨਾਮ ਕੇਰਲ ਰਾਜ ਵਿਚ ਫ਼ੈਸਲਾ ਦੇ ਚੁੱਕੀ ਸੀ ਕਿ ਇਸ ਨੂੰ ਸੋਧ ਕਰਨ ਦਾ ਹੱਕ ਸੰਸਦ ਕੋਲ ਨਹੀਂ ਹੈ।

ਸੰਵਿਧਾਨ ਨਿਰਮਾਤਾਵਾਂ ਦੁਆਰਾ ਭਾਰਤ ਨੂੰ ਸੰਘਾਤਮਕ ਰਾਜ ਬਣਾਉਣ ਦੇ ਅਮਲ ਦੇ ਬਾਵਜੂਦ ਸੰਵਿਧਾਨ ਵਿਚ ਅਜਿਹਾ ਬਹੁਤ ਕੁਝ ਹੈ ਜਿਸ ਨੇ ਇਸ ਸਵਾਲ ਨੂੰ ਜਨਮ ਦਿਤਾ ਕਿ ਭਾਰਤ ਅਸਲ ਵਿਚ ਸੰਘਾਤਮਕ ਰਾਜ ਹੈ ਵੀ ਜਾਂ ਨਹੀਂ? ਇਸ ਸਵਾਲ ਦੇ ਜਵਾਬ ਵਿਚ ਸੰਵਿਧਾਨਕ ਮਾਹਰ ਪ੍ਰੋਫ਼ੈਸਰ ਕੇ.ਸੀ ਵੀਅਰ ਨੇ ਭਾਰਤੀ ਸੰਘਵਾਦ ਵਾਸਤੇ 'ਕੁਆਸੀ ਫੈਡਰਲ' ਅਰਥਾਤ ਅਰਧ-ਸੰਘਾਤਮਕ ਸ਼ਬਦ ਦਾ ਇਸਤੇਮਾਲ ਕੀਤਾ।

ਸੰਵਿਧਾਨ ਵਿਚ ਕੇਂਦਰ ਅਤੇ ਰਾਜਾਂ ਦੀਆਂ ਵਿਧਾਨਕੀ ਸ਼ਕਤੀਆਂ ਦੀ ਬਕਾਇਦਾ ਵੰਡ ਦਰਜ ਹੈ। ਇਸ ਲਈ ਤਿੰਨ ਸੂਚੀਆਂ ਹਨ, ਸੰਘੀ ਸੂਚੀ, ਰਾਜ ਸੂਚੀ ਅਤੇ ਸਮਵਰਤੀ ਸੂਚੀ। ਸੰਘੀ ਸੂਚੀ ਵਿਚ 100 ਵਿਸ਼ੇ ਹਨ ਤੇ 52 ਵਿਸ਼ਿਆਂ ਵਾਲੀ ਸਮਵਰਤੀ ਸੂਚੀ ਉਪਰ ਵੀ ਕੇਂਦਰ ਦੁਆਰਾ ਕਾਨੂੰਨ ਬਣਾਉਣ ਦੇ ਅਧਿਕਾਰ ਨੂੰ ਪਹਿਲ ਪ੍ਰਾਪਤ ਹੈ। ਰਾਜ ਸੂਚੀ ਵਿਚ 61 ਵਿਸ਼ੇ ਹਨ। ਪਰ ਇਨ੍ਹਾਂ ਵਿਚੋਂ ਕਿਸੇ ਵੀ ਵਿਸ਼ੇ ਉੱਪਰ ਕਈ ਹਾਲਾਤ ਵਿਚ ਰਾਜ ਸਭਾ ਵਿਚ ਕਾਨੂੰਨ ਬਣਾ ਸਕਦੀ ਹੈ। ਰਾਜ ਵਿਧਾਨ ਸਭਾ ਰਾਜ ਸੂਚੀ ਵਿਚ ਸ਼ਾਮਿਲ ਜਿਸ ਵਿਸ਼ੇ ਉੱਪਰ ਕਾਨੂੰਨ ਬਣਾਉਂਦੀ ਹੈ, ਰਾਜਪਾਲ ਉਸ ਬਿੱਲ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਰਾਖਵਾਂ ਰੱਖ ਸਕਦਾ ਹੈ। ਰਾਸ਼ਟਰਪਤੀ ਲਈ ਇਸ ਨੂੰ ਸਹਿਮਤੀ ਦੇਣ ਲਈ ਕੋਈ ਸਮਾਂ ਸੀਮਾ ਨਿਸ਼ਚਿਤ ਨਹੀਂ। ਅਮਰਜੀਤ ਸਿੰਘ ਨਾਰੰਗ ਦੀ ਖੋਜ ਅਨੁਸਾਰ ਪੱਛਮੀ ਬੰਗਾਲ ਦੀ ਵਿਧਾਨ ਸਭਾ ਨੇ 1981 ਵਿਚ 16 ਬਿੱਲ ਪਾਸ ਕੀਤੇ। ਜਿਹੜੇ ਅਗਸਤ 1984 ਤਕ ਪ੍ਰਵਾਨਗੀ ਦੀ ਉਡੀਕ ਵਿਚ ਰਾਸ਼ਟਰਪਤੀ ਦੀ ਮੇਜ਼ ਉੱਪਰ ਪਏ ਰਹੇ। ਸੰਵਿਧਾਨ ਬਕਾਇਆ ਸ਼ਕਤੀਆਂ ਉੱਪਰ ਕਾਨੂੰਨ ਬਣਾਉਣ ਦਾ ਅਧਿਕਾਰ ਵੀ ਕੇਂਦਰ ਨੂੰ ਦਿੰਦਾ ਹੈ। ਕਿਉਂਕਿ ਬਕਾਇਆ ਸ਼ਕਤੀਆਂ ਲਿਖੀਆਂ ਜਾ ਗਿਣੀਆਂ ਨਹੀਂ ਜਾ ਸਕਦੀਆਂ, ਇਸ ਲਈ ਭਵਿੱਖ ਵਿਚ ਨਵੀਆਂ ਸੰਭਾਵਨਾਵਾਂ ਪੈਦਾ ਹੋਣ ਦੀ ਸੂਰਤ ਵਿਚ ਕੇਂਦਰ ਨੂੰ ਅਣਲਿਖਤ ਅਸੀਮਤ ਸ਼ਕਤੀਆਂ ਪ੍ਰਾਪਤ ਹਨ ਜਦ ਕਿ ਰਾਜਾਂ ਨੂੰ ਇਸ ਸੰਭਾਵਨਾ ਵਿਚੋਂ ਬਿਲਕੁਲ ਖਾਰਜ ਕੀਤਾ ਗਿਆ ਹੈ। ਬਕਾਇਆ ਸ਼ਕਤੀਆਂ ਦੀ ਸ਼ਕਲ ਵਿਚ ਸੰਵਿਧਾਨ ਨੇ ਕੇਂਦਰ ਹੱਥ ਇਕ ਖਾਲੀ ਚੈੱਕ ਦਸਤਖ਼ਤ ਕਰਕੇ ਫੜਾ ਦਿਤਾ ਹੈ।

ਕਿਸੇ ਵੀ ਸੰਘਾਤਮਕ ਰਾਜ ਦੀ ਉਪਰਲੇ ਸਦਨ ਤੋਂ ਬਿਨਾਂ ਕਲਪਨਾ ਨਹੀਂ ਕੀਤੀ ਜਾ ਸਕਦੀ। ਹੇਠਲਾ ਸਦਨ ਜਿਥੇ ਲੋਕਾਂ ਦੇ ਹਿੱਤਾਂ ਦੀ ਪ੍ਰਤਿਨਿਧਤਾ ਕਰਦਾ ਹੈ, ਸੰਘੀ ਰਾਜ ਦਾ ਉਪਰਲਾ ਸਦਨ ਉਥੇ ਸੰਘਾਤਮਕ ਇਕਾਈਆਂ ਅਥਵਾ ਰਾਜਾਂ ਦੇ ਹਿੱਤਾਂ ਦੀ ਪ੍ਰਤਿਨਿਧਤਾ ਕਰਦਾ ਹੈ। ਭਾਰਤ ਦੀ ਸੰਸਦ ਦਾ ਉਪਰਲਾ ਸਦਨ ਰਾਜ ਸਭਾ ਵੀ ਰਾਜਾਂ ਦੇ ਪ੍ਰਤਿਨਿਧਾਂ ਦਾ ਸਦਨ ਹੈ। ਇਸ ਵਿਚ ਆਉਣ ਵਾਲੇ ਮੈਂਬਰ ਰਾਜ ਵਿਧਾਨ ਸਭਾਵਾਂ ਦੇ ਚੋਣ-ਮੰਡਲ ਦੁਆਰਾ ਚੁਣੇ ਜਾਂਦੇ ਹਨ। ਸੰਯੁਕਤ ਰਾਜ ਦੀ ਕਾਂਗਰਸ ਦਾ ਉਪਰਲਾ ਸਦਨ ਸੈਨੇਟ ਹੈ। ਜਿਥੇ ਹਰ ਛੋਟੇ-ਵੱਡੇ ਰਾਜ ਨੂੰ ਬਰਾਬਰ ਪ੍ਰਤਿਨਿਧਤਾ ਮਿਲੀ ਹੈ। ਪਰ ਰਾਜ ਸਭਾ ਵਿਚ ਰਾਜਾਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਪ੍ਰਤਿਨਿਧਤਾ ਮਿਲਦੀ ਹੈ। ਨਾਗਾਲੈਂਡ ਅਤੇ ਉੱਤਰ ਪ੍ਰਦੇਸ਼ ਦੀ ਸੰਘੀ ਹੈਸੀਅਤ ਸੰਵਿਧਾਨ ਦੀ ਨਜ਼ਰ ਵਿਚ ਬਰਾਬਰ ਹੈ, ਪਰ ਰਾਜ ਸਭਾ ਵਿਚ ਨਾਗਾਲੈਂਡ ਦਾ ਇਕ ਸੰਸਦ ਮੈਂਬਰ ਹੈ ਜਦ ਕਿ ਉੱਤਰ ਪ੍ਰਦੇਸ਼ ਦੇ 31 ਸੰਸਦ ਮੈਂਬਰ ਹਨ। ਅਜਿਹੀ ਸੂਰਤ ਵਿਚ ਸੰਘੀ ਢਾਂਚੇ ਵਿਚ ਸੰਘੀ ਇਕਾਈ ਦੀ ਪ੍ਰਤਿਨਿਧਤਾ ਦੀ ਸਮਾਨ ਹੈਸੀਅਤ ਦੇ ਵਿਸ਼ੇ ਉੱਪਰ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਅਜਿਹਾ ਹੀ ਨਹੀਂ, ਰਾਜ ਸਭਾ ਦਾ ਰਾਜਾਂ ਦੀ ਪ੍ਰਤਿਨਿਧਤਾ ਦੇ ਸਦਨ ਵਾਲਾ ਚਰਿੱਤਰ ਹੁਣ ਲਗਭਗ ਸਮਾਪਤ ਹੈ। ਪਹਿਲਾਂ ਦੇ ਉਲਟ ਹੁਣ ਰਾਜ ਸਭਾ ਦੇ ਉਮੀਦਵਾਰ ਲਈ ਸੰਬੰਧਿਤ ਰਾਜ ਦੀ ਵੋਟਰ ਸੂਚੀ ਵਿਚ ਨਾਮ ਦਰਜ ਹੋਣਾ ਜ਼ਰੂਰੀ ਹੈ। ਇਸ ਸੂਰਤ ਵਿਚ ਉਮੀਦਵਾਰ ਕਿਸ ਲਿਹਾਜ਼ ਨਾਲ ਰਾਜ ਦੇ ਹਿੱਤ ਦੀ ਪ੍ਰਤਿਨਿਧਤਾ ਕਰੇਗਾ। ਜਦ ਰਾਜ ਨਾਲ ਉਸ ਦਾ ਸੰਬੰਧ ਸਾਬਤ ਕਰਨ ਦਾ ਨਿਊਨਤਮ ਆਧਾਰ ਵੀ ਬਾਕੀ ਨਹੀਂ ਬਚਿਆ। ਹੁਣ ਰਾਜ ਸਭਾ ਵਿਚ ਕੋਈ ਵੀ ਵਿਅਕਤੀ ਚਾਹੇ ਉਸ ਰਾਜ ਦਾ ਵੋਟਰ ਹੈ ਜਾਂ ਨਹੀਂ, ਚੁਣ ਕੇ ਆ ਸਕਦਾ। ਉਸ ਨੂੰ ਨਿਭਾਉਣ ਲਈ ਕੇਵਲ ਕੇਂਦਰ ਜਾਂ ਰਾਜ ਦੇ ਸੱਤਾਧਾਰੀ ਦਲ ਦੁਆਰਾ ਉਸ ਦੇ ਹੱਕ ਵਿਚ ਵੋਟ ਪਾਉਣ ਦਾ ਵਿੱਪ ਜਾਰੀ ਕਰਨਾ ਹੁੰਦਾ ਹੈ। ਅਜਿਹੀ ਸੂਰਤ ਵਿਚ ਰਾਜ ਸਭਾ ਲੋਕ ਸਭਾ ਦੀਆਂ ਆਮ ਚੋਣਾਂ ਵਿਚੋਂ ਹਾਰੇ ਹੋਏ ਉਮੀਦਵਾਰਾਂ ਨੂੰ ਸੱਤਾਧਾਰੀ ਦਲ ਦੁਆਰਾ ਸੰਸਦ ਵਿਚ ਲਿਆਉਣ ਦਾ ਮਾਧਿਅਮ ਬਣ ਕੇ ਰਹਿ ਗਈ ਹੈ ਅਤੇ ਇਸ ਵਿਚ ਰਾਜਾਂ ਦੇ ਹਿੱਤਾਂ ਦੀ ਗੱਲ ਕਿਤੇ ਪਿਛਾਂਹ ਰਹਿ ਗਈ ਹੈ।

***ਭਾਰਤੀ ਸੰਘਵਾਦ ਵਿਚ ਰਾਜਾਂ ਦੀ ਕਮਜ਼ੋਰ ਸਥਿਤੀ ਪਿੱਛੇ ਸਭ ਤੋਂ ਵੱਡਾ ਇਕ ਕਾਰਨ ਇਹ ਵੀ ਹੈ ਕਿ ਭਾਰਤੀ ਸੰਘ ਸੰਯੁਕਤ ਰਾਜ ਅਮਰੀਕਾ ਵਾਂਗ ਅਣਟੁੱਟ ਰਾਜਾਂ ਦਾ ਅਣਟੁੱਟ ਸੰਘ ਨਹੀਂ ਹੈ। ਭਾਰਤੀ ਸੰਘ ਤਾਂ ਅਣਟੁੱਟ ਹੈ ਪਰ ਰਾਜ ਅਣਟੁੱਟ ਨਹੀਂ ਹਨ। ਰਾਜਾਂ ਦੀਆਂ ਹੱਦਾਂ ਵਿਚ ਜਿੰਨੀ ਚਾਹੋ ਤਬਦੀਲੀ ਕੀਤੀ ਜਾ ਸਕਦੀ ਹੈ।***

ਸੰਵਿਧਾਨ ਦੀ ਧਾਰਾ ਤਿੰਨ ਅਨੁਸਾਰ ਸੰਸਦ ਕਾਨੂੰਨ ਬਣਾ ਕੇ ਕਿਸੇ ਰਾਜ ਪਾਸੋਂ ਇਲਾਕਾ ਲੈ ਕੇ ਜਾਂ ਦੋ ਰਾਜਾਂ ਨੂੰ ਜੋੜ ਕੇ ਨਵਾਂ ਰਾਜ ਬਣਾ ਸਕਦੀ ਹੈ, ਕਿਸੇ ਰਾਜ ਦਾ ਇਲਾਕਾ ਘਟਾ ਸਕਦੀ ਹੈ। ਕਿਸੇ ਰਾਜ ਦਾ ਇਲਾਵਾ ਵਧਾ ਸਕਦੀ ਹੈ। ਕਿਸੇ ਵੀ ਰਾਜ ਦੀਆਂ ਹੱਦਾਂ ਬਦਲ ਸਕਦੀ ਹੈ ਤੇ ਕਿਸੇ ਵੀ ਰਾਜ ਦਾ ਨਾਮ ਬਦਲ ਸਕਦੀ ਹੈ। ਅਜਿਹਾ ਕਰਨ ਲਈ ਇਸ ਨੂੰ ਸੰਵਿਧਾਨ ਵਿਚ ਸੋਧ ਕਰਨ ਦੀ ਜ਼ਰੂਰਤ ਵੀ ਨਹੀਂ ਪੈਂਦੀ। ਜੇ ਅਸੀਂ ਸੰਯੁਕਤ ਰਾਜ ਦੇ ਨਕਸ਼ੇ ਵੱਲ ਨਜ਼ਰ ਮਾਰੀਏ ਤਾਂ ਇਸ ਦੇ ਰਾਜਾਂ ਦੀਆਂ ਹੱਦਾਂ ਵਿਚ ਸ਼ੁਰੂਆਤੀ ਸਾਲਾਂ ਤੋਂ ਲੈ ਕੇ ਅੱਜ ਤਕ ਕੋਈ ਅਹਿਮ ਤਬਦੀਲੀ ਨਹੀਂ ਆਈ। ਇਹ ਰਾਜ ਆਪਣੇ ਮੁਢਲੇ ਸਾਲਾਂ ਤੋਂ ਲੈ ਕੇ ਅੱਜ ਤਕ ਜਿਉਂ ਦੇ ਤਿਉਂ ਹਨ, ਉਨ੍ਹਾਂ ਦੇ ਖੇਤਰਫਲ ਵਿਚ ਕੋਈ ਵਾਧਾ ਘਾਟਾ ਨਹੀਂ, ਨਾ ਹੀ ਉਨ੍ਹਾਂ ਦੇ ਨਾਮ ਵਿਚ ਕੋਈ ਤਬਦੀਲੀ ਆਈ ਹੈ। ਇਸ ਦੇ ਉਲਟ ਭਾਰਤੀ ਸੰਘ ਦਾ ਕੋਈ ਵੀ ਅਜਿਹਾ ਰਾਜ ਨਹੀਂ, ਜਿਸ ਦੇ ਖੇਤਰਫਲ ਵਿਚ ਕਟੌਤੀ ਨਾ ਹੋਈ ਹੋਵੇ। ਇਸ ਦੇ ਪਿੱਛੇ ਕਈ ਕਾਰਨ ਜ਼ਿੰਮੇਵਾਰ ਰਹੇ।

***1947 ਵਿਚ ਭਾਰਤ ਦੀ ਵੰਡ ਸਮੇਂ ਪੰਜਾਬ ਤੇ ਬੰਗਾਲ ਦੇ ਰਾਜਾਂ ਦੇ ਖੇਤਰਫਲ ਵਿਚ ਵੱਡੀ ਕਟੌਤੀ ਹੋਈ। ਇਸ ਤੋਂ ਇਲਾਵਾ ਭਾਰਤੀ ਰਿਆਸਤਾਂ ਜਿਨ੍ਹਾਂ ਨੇ ਭਾਰਤੀ ਸੰਘ ਵਿਚ ਸ਼ੁਮਾਰ ਕੀਤਾ, ਦੇ ਅਲਗ-ਅਲਗ ਰਾਜ ਸੰਘ ਬਣੇ। ਅਜਿਹੀ ਇਕ ਇਕਾਈ ਪਟਿਆਲਾ ਐਂਡ ਈਸਟ ਪੰਜਾਬ ਸਟੇਟ ਯੂਨੀਅਨ ਸੀ, ਜੋ 1948 ਵਿਚ ਹੋਂਦ ਵਿਚ ਆਈ ਤੇ 1956 ਵਿਚ ਭੰਗ ਕਰਕੇ ਪੰਜਾਬ ਵਿਚ ਮਿਲਾ ਦਿਤੀ ਗਈ। 1956 ਵਿਚ ਹੀ ਭਾਰਤ ਦੇ ਵੱਡੇ ਰਾਜਾਂ ਦਾ ਭਾਸ਼ਾਈ ਆਧਾਰ 'ਤੇ ਮੁੜ-ਗਠਨ ਕੀਤਾ ਗਿਆ। ਇਸ ਤੋਂ ਪਹਿਲਾਂ 1953 ਵਿਚ ਮਦਰਾਸ ਨੂੰ ਤਮਿਲ ਅਤੇ ਤੇਲਗੂ ਭਾਸ਼ਾਈ ਰਾਜਾਂ ਅਥਵਾ ਆਂਧਰ ਪ੍ਰਦੇਸ਼ ਅਤੇ ਤਮਿਲਨਾਡੂ ਵਿਚ ਵੰਡਿਆ ਜਾ ਚੁੱਕਾ ਸੀ।***

ਵਿੰਡਬਨਾ ਇਹ ਹੈ ਕਿ ਭਾਸ਼ਾਈ ਆਧਾਰ

'ਤੇ ਹੋਂਦ ਵਿਚ ਆਉਣ ਵਾਲਾ ਆਂਧਰ ਪ੍ਰਦੇਸ਼ 2014 ਵਿਚ ਤੀਸਰੀ ਵਾਰ ਵੰਡਿਆ ਗਿਆ। ਨਤੀਜੇ ਵਜੋਂ, ਤੇਲੰਗਾਨਾ ਰਾਜ ਹੋਂਦ ਵਿਚ ਆਇਆ ਜਿਸ ਲਈ ਲੰਮੇ ਸਮੇਂ ਤੋਂ ਸੰਘਰਸ਼ ਚੱਲ ਰਿਹਾ ਸੀ। ਭਾਵੇਂ ਇਸ ਰਾਜ ਦੀ ਮੰਗ ਪਿੱਛੇ ਇਕ ਵੱਡੀ ਲੋਕ ਲਹਿਰ ਸੀ, ਪਰ ਆਂਧਰ ਪ੍ਰਦੇਸ਼ ਦੀ ਸਹਿਮਤੀ ਤੋਂ ਬਿਨਾਂ, ਇਥੋਂ ਦੀ ਵਿਧਾਨ ਸਭਾ ਵਿਚ ਪ੍ਰਸਤਾਵ ਪਾਸ ਕਰਾਏ ਬਿਨਾਂ ਜਿਸ ਤਰੀਕੇ ਨਾਲ ਕੇਂਦਰ ਸਰਕਾਰ ਨੇ ਇਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਤੇ ਹੈਦਰਾਬਾਦ ਜਿਹਾ ਪੁਰਾਤਨ ਸ਼ਹਿਰ ਇਸ ਤੋਂ ਖੋਹ ਕੇ ਤੇਲੰਗਾਨਾ ਨੂੰ ਦੇ ਦਿਤਾ ਗਿਆ, ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸੰਵਿਧਾਨ ਵਿਚ ਰਾਜਾਂ ਨੂੰ ਆਪਣੀ ਇਲਾਕਾਈ ਹੋਂਦ ਬਰਕਰਾਰ ਰੱਖਣ ਦੀ ਨਿਊਨਤਮ ਸੁਰੱਖਿਆ ਵੀ ਨਹੀਂ ਹੈ।

***ਭਾਰਤ ਸੰਘੀ ਢਾਂਚੇ ਦੀਆਂ ਸਮੱਸਿਆਵਾਂ ਕੇਵਲ ਕੇਂਦਰ ਅਤੇ ਰਾਜਾਂ ਦੇ ਸੰਬੰਧਾਂ ਨੂੰ ਲੈ ਕੇ ਨਹੀਂ ਹਨ। ਬਹੁਤ ਸਾਰੇ ਅੰਤਰਰਾਜੀ ਝਗੜੇ ਇਸ ਗੱਲ ਦੇ ਗਵਾਹ ਹਨ ਕਿ ਰਾਜਾਂ ਦੇ ਆਪਸੀ ਸੰਬੰਧ ਵੀ ਮਿੱਤਰਤਾ ਭਰਪੂਰ ਨਹੀਂ। ਕੇਂਦਰ ਦੁਆਰਾ ਇਕ ਜਾਂ ਦੂਸਰੇ ਰਾਜ ਦੇ ਹੱਕ ਵਿਚ ਕਈ ਵਾਰ ਅਜਿਹੇ ਫ਼ੈਸਲੇ ਦੇ ਦਿਤੇ ਜਾਂਦੇ ਹਨ ਜਿਨ੍ਹਾਂ ਦਾ ਆਧਾਰ ਸੱਤਾਧਾਰੀ ਦਲ ਦੇ ਸਿਆਸੀ ਹਿੱਤਾਂ ਨਾਲ ਜੁੜਿਆ ਹੁੰਦਾ ਹੈ। ਯਾਦ ਰਹੇ ਕਿ ਕੇਂਦਰ ਕੋਈ ਅਮੂਰਤ ਸੰਸਥਾ ਨਹੀਂ, ਇਹ ਸੰਸਦ ਅਤੇ ਕੇਂਦਰੀ ਮੰਤਰੀ ਮੰਡਲ ਦਾ ਜੋੜ ਹੈ ਜਿਸ ਵਿਚ ਕੁਦਰਤੀ ਤੌਰ ਤੇ ਸੱਤਾਧਾਰੀ ਦਲ ਦਾ ਬਹੁਮਤ ਹੁੰਦਾ ਹੈ।***

1950 ਤੋਂ 1977 ਤਕ ਕੇਂਦਰ ਵਿਚ ਇੱਕੋ ਪਾਰਟੀ ਦੇ ਲਗਾਤਾਰ ਸ਼ਾਸਨ ਦੌਰਾਨ ਸੱਤਾ ਕੇਂਦਰ ਦੇ ਹੱਥਾਂ ਵਿਚ ਰਹੀ। 1967 ਤਕ ਇਕ ਦੋ-ਰਾਜਾਂ ਨੂੰ ਛੱਡ ਕੇ ਬਾਕੀ ਸਭ ਰਾਜਾਂ ਵਿਚ ਉਸ ਦੀ ਸਰਕਾਰ ਰਹੀ। ਨਤੀਜੇ ਵਜੋਂ, ਕੇਂਦਰ ਅਤੇ ਰਾਜ ਸੰਵਿਧਾਨ ਤੋਂ ਬਰਾਬਰ ਰੂਪ ਵਿਚ ਆਪਣੀਆਂ ਸ਼ਕਤੀਆਂ ਗ੍ਰਹਿਣ ਕਰਨ ਵਾਲੀਆਂ ਸੰਸਥਾਵਾਂ ਨਹੀਂ ਰਹੇ ਸਗੋਂ ਰਾਜਾਂ ਦੀ ਸਥਿਤੀ ਕੇਂਦਰ ਦੀ ਅਧੀਨਗੀ ਵਾਲੀ ਬਣ ਗਈ। ਐੱਮ.ਪੀ. ਸਿੰਘ ਤੇ ਰੇਖਾ ਸਕਸੈਨਾ (2013) ਨੇ ਭਾਰਤੀ ਸੰਘਵਾਦ ਨੂੰ ਸੰਸਦੀ ਕੇਂਦਰੀਵਾਦ ਨਾਲ ਜੁੜਿਆ ਦੱਸਿਆ ਹੈ।

ਸੰਸਦੀ ਪ੍ਰਣਾਲੀ ਵਿਚ ਵਿਧਾਨ ਪਾਲਿਕਾ ਅਤੇ ਕਾਰਜਪਾਲਿਕਾ ਵਿਚ ਗਹਿਰਾ ਸੰਬੰਧ ਹੁੰਦਾ ਹੈ। ਵਿਧਾਨ ਪਾਲਿਕਾ ਵਿਚ ਬਹੁਮਤ ਵਾਲਾ ਦਲ ਮੰਤਰੀ ਮੰਡਲ ਦਾ ਨਿਰਮਾਣ ਕਰਦਾ ਹੈ। ਇਹ ਮੰਤਰੀ ਮੰਡਲ ਵਿਧਾਨ ਪਾਲਿਕਾ ਨੂੰ ਬਹੁਤ ਹੱਦ ਤਕ ਆਪਣੇ ਨਿਯੰਤ੍ਰਣ 'ਚ ਲੈ ਲੈਂਦਾ ਹੈ। ਸਮੇਂ ਦੀ ਸਰਕਾਰ ਨੇ ਸੰਵਿਧਾਨਕ ਸੋਧਾਂ ਰਾਹੀਂ ਵੱਡੀਆਂ ਤਬਦੀਲੀਆਂ ਲਿਆਂਦੀਆਂ, ਇਹ ਮੰਤਰੀ ਮੰਡਲ ਦੀ ਸੰਸਦ ਉਪਰ ਪਕੜ ਤੋਂ ਬਿਨਾਂ ਸੰਭਵ ਨਹੀਂ ਸਨ। ਇਨ੍ਹਾਂ ਕੋਸ਼ਿਸ਼ਾਂ ਨੂੰ ਰੋਕਣ ਤੇ ਸੰਵਿਧਾਨ ਦੀ ਸਰਵਉੱਚਤਾ ਬਰਕਰਾਰ ਰੱਖਣ ਦੀ ਨਿਆਂਪਾਲਿਕਾ ਨੇ ਭਰਪੂਰ ਕੋਸ਼ਿਸ਼ ਕੀਤੀ। ਇਹ ਆਖ ਕੇ ਕਿ ਸੰਵਿਧਾਨ ਦੇ ਬੁਨਿਆਦੀ ਢਾਂਚੇ ਵਿਚ ਸੋਧ ਨਹੀਂ ਕੀਤੀ ਜਾ ਸਕਦੀ, ਨਿਆਂਪਾਲਿਕਾ ਨੇ ਸੰਸਦ ਲਈ ਇਕ ਵੱਡੀ ਲਛਮਣ ਰੇਖਾ ਤਾਂ ਖਿੱਚ ਦਿਤੀ ਪਰ ਇਸ ਰੇਖਾ ਦੇ ਅੰਦਰ ਰਹਿ ਕੇ ਸੰਸਦ ਕਿਵੇਂ ਸੰਵਿਧਾਨ ਨੂੰ ਮਨਮਰਜ਼ੀ ਨਾਲ ਬਦਲਦੀ ਹੈ, ਇਸ ਦੀ ਸੰਭਾਵਨਾ ਤੋਂ ਲਗਭਗ ਆਪਣੇ ਹੱਥ ਖਿੱਚ ਲਏ। ਇਸ ਪ੍ਰਕਾਰ ਭਾਰਤੀ ਸੰਘੀ ਢਾਂਚਾ ਵਾਸਤਵ ਵਿਚ ਇਕ ਇਕਾਈ ਵਜੋਂ ਕੰਮ ਕਰਦਾ ਰਿਹਾ।

ਪੰਡਿਤ ਜਵਾਹਰ ਲਾਲ ਨਹਿਰੂ ਦੁਆਰਾ ਹਰ ਪੰਦਰਾਂ ਦਿਨ ਬਾਅਦ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਚਿੱਠੀਆਂ ਲਿਖ ਕੇ ਹਦਾਇਤਾਂ ਦੇਣ ਦਾ ਅਮਲ ਇਸ ਗੱਲ ਦੀ ਗਵਾਹੀ ਹੈ ਕਿ ਰਾਜਾਂ ਨੂੰ ਸੰਵਿਧਾਨ ਦੇ ਅਧੀਨ ਨਹੀਂ ਸਗੋਂ ਕੇਂਦਰ ਦੇ ਅਧੀਨ ਮੰਨਿਆ ਜਾਂਦਾ ਸੀ। ਪੰਡਿਤ ਮੋਹਨ ਲਾਲ ਨੇ ਆਪਣੀ ਪੁਸਤਕ *ਪੰਜਾਬ ਦਾ ਉਜਾੜਾ* ਵਿਚ ਲਿਖਿਆ ਹੈ ਕਿ ਪੰਡਿਤ ਨਹਿਰੂ ਰਾਜਾਂ ਦੇ ਮੰਤਰੀਆਂ ਨਾਲ ਇਸ ਤਰ੍ਹਾਂ ਪੇਸ਼ ਆਉਂਦੇ ਸਨ ਜਿਵੇਂ ਕੋਈ ਸਕੂਲ ਦੇ ਵਿਦਿਆਰਥੀਆਂ ਨਾਲ ਪੇਸ਼ ਆਉਂਦਾ ਹੈ।

ਭਾਰਤੀ ਸੰਘਵਾਦ ਦੀ ਇਹ ਹਕੀਕਤ ਸਦਾ ਨਹੀਂ ਰਹੀ। 1967 ਦੀਆਂ ਆਮ ਚੋਣਾਂ ਤੋਂ ਬਾਅਦ ਰਾਜਾਂ ਵਿਚ ਇਕ ਪਾਰਟੀ ਦੀ ਸਰਬਉੱਚਤਾ ਨੂੰ ਖੇਤਰੀ ਦਲਾਂ ਵਲੋਂ ਇਕ ਵੱਡੀ ਚੁਨੌਤੀ ਮਿਲੀ। ਇਸ ਤੋਂ ਬਾਅਦ ਪੱਛਮੀ ਬੰਗਾਲ, ਕੇਰਲ, ਤਮਿਲਨਾਡੂ, ਜੰਮੂ-ਕਸ਼ਮੀਰ, ਪੰਜਾਬ, ਆਂਧਰ ਪ੍ਰਦੇਸ਼, ਓਡੀਸ਼ਾ ਆਦਿ ਰਾਜਾਂ ਵਿਚ ਵੱਖ-ਵੱਖ ਖੇਤਰੀ ਦਲਾਂ ਦਾ ਉਭਾਰ ਹੋਇਆ। ਇਨ੍ਹਾਂ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਦੇ ਵੱਖ-ਵੱਖ ਅੰਦੋਲਨ ਚੱਲੇ। 1989 ਦੇ ਸਾਲ ਤੋਂ ਕੇਂਦਰ ਵਿਚ ਵੀ ਇਕ ਦਲ ਦੀ ਸਰਬਉੱਚਤਾ ਦਾ ਪਤਨ ਆਰੰਭ ਹੋਇਆ ਤੇ ਗਠਜੋੜ ਸਰਕਾਰ ਦੇ ਦੌਰ ਦੀ ਸ਼ੁਰੂਆਤ ਹੋਈ। ਗਠਜੋੜ ਪ੍ਰਣਾਲੀ ਵਿਚ ਵੱਖ-ਵੱਖ ਰਾਜਾਂ ਦੇ ਖੇਤਰੀ ਰਾਜਨੀਤਕ ਦਲਾਂ ਨੂੰ ਕੇਂਦਰ ਦੀ ਸੱਤਾ ਵਿਚ ਪਹਿਲੀ ਵਾਰ ਹਿੱਸਾ ਮਿਲਿਆ। ਐੱਮ.ਪੀ. ਸਿੰਘ ਅਤੇ ਰੇਖਾ ਸਕਸੈਨਾ ਅਨੁਸਾਰ 1989 ਦੀਆਂ ਸੰਸਦੀ ਚੋਣਾਂ ਇਕ ਤਰੀਕੇ ਨਾਲ ਸੰਘਵਾਦੀ ਮੋੜ ਸਾਬਤ ਹੋਈਆਂ। ਜਿਸ ਨਾਲ ਭਾਰਤੀ ਸੰਘਵਾਦ ਨੂੰ ਇਕ ਨਵਾਂ ਹੁਲਾਰਾ ਮਿਲਿਆ। ਇਸ ਮੋੜ ਤੋਂ ਬਾਅਦ ਰਾਜਾਂ ਵਿਚ ਰਾਸ਼ਟਰਪਤੀ ਰਾਜ ਦੀਆਂ ਉਦਾਹਰਣਾਂ ਕਾਫ਼ੀ ਹੱਦ ਤਕ ਘਟ ਗਈਆਂ। ਰਾਜਪਾਲ ਦੁਆਰਾ ਰਾਜ ਵਿਧਾਨ ਸਭਾਵਾਂ ਦੇ ਬਿੱਲ ਰਾਸ਼ਟਰਪਤੀ ਲਈ ਰਾਖਵੇਂ ਰੱਖਣ ਦੀ ਪ੍ਰਵਿਰਤੀ ਵਿਚ ਵੀ ਕਮੀ ਆਈ। ਆਰਥਿਕ ਉਦਾਰੀਕਰਨ ਨੇ ਵੀ ਸੰਘਵਾਦ ਦੀ ਪ੍ਰਕਿਰਤੀ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ। ਪਹਿਲਾਂ ਦੇ ਉਲਟ ਹੁਣ ਰਾਜ ਦੇ ਮੁੱਖ ਮੰਤਰੀ ਅੰਤਰਰਾਸ਼ਟਰੀ ਆਰਥਿਕ ਪ੍ਰਣਾਲੀ ਵਿਚ ਸੁਤੰਤਰ ਤੌਰ ਤੇ ਵਿਚਰ ਸਕਦੇ ਹਨ। ਇਸ ਤੋਂ ਬਿਨਾਂ ਵਿਦੇਸ਼ ਨੀਤੀ ਅਤੇ ਅੰਤਰਰਾਸ਼ਟਰੀ ਸੰਧੀਆਂ ਦੇ ਪ੍ਰਸੰਗ ਵਿਚ ਵੀ ਕੇਂਦਰ ਲਈ ਹੁਣ ਸਰਹੱਦੀ ਰਾਜਾਂ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰਨਾ ਔਖਾ ਹੋ ਗਿਆ ਹੈ। ਬੰਗਲਾਦੇਸ਼, ਨੇਪਾਲ, ਸ੍ਰੀਲੰਕਾ ਨਾਲ ਸੰਬੰਧਿਤ ਵਿਦੇਸ਼ ਨੀਤੀ ਦਾ ਕੋਈ ਵੀ ਅਮਲ ਪੱਛਮੀ ਬੰਗਾਲ, ਤਮਿਲਨਾਡੂ ਆਦਿ ਰਾਜਾਂ ਦੇ ਖੇਤਰੀ ਦਲਾਂ ਦੇ ਹਿੱਤਾਂ ਵਿਰੁੱਧ ਜਾ ਕੇ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ। ਨਿਸ਼ਚਿਤ ਰੂਪ ਵਿਚ ਭਾਰਤ ਵਿਚ ਸੰਘਵਾਦ ਦਾ ਇਕ ਅਜਿਹਾ ਦੌਰ ਆਰੰਭ ਹੋ ਚੁੱਕਾ ਹੈ ਜਿਸ ਵਿਚ ਰਾਜਾਂ ਲਈ ਵੱਧ ਅਧਿਕਾਰਾਂ ਦੀ ਸੰਭਾਵਨਾ ਵਧ ਗਈ ਹੈ।

*(ਲੇਖਕ ਪ੍ਰੋਫ਼ੈਸਰ, ਰਾਜਨੀਤੀ ਵਿਭਾਗ, ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਹੈ।)*

*e-mail :amanpreetdu@gmail.com*

# ਡਿਜ਼ੀਟਲ ਭਾਰਤ ਪ੍ਰੋਗਰਾਮ : ਜਨਤਕ ਪ੍ਰਸ਼ਾਸਨ ਸੁਧਾਰ ਪਹਿਲਕਦਮੀ

✍ ਯੋਗੇਸ਼ ਕੇ. ਦਿਵ੍ਵੇਦੀ, ਨ੍ਰਿਪੇਂਦਰ ਪੀ ਰਾਣਾ, ਐਨਟੋਨਿਸ ਸੀ. ਸਿਮਿਨਤਿਰਾਸ ਤੇ ਬਨੀਤਾ ਲਾਲ

ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਨਾਲ ਭਰਪੂਰ ਜਨਤਕ ਪ੍ਰਸ਼ਾਸਨ ਸੁਧਾਰ ਬਾਰੇ ਇਹ ਦਲੀਲ ਦਿਤੀ ਜਾਂਦੀ ਹੈ ਕਿ ਇਸ ਕੋਲ ਆਪਣੇ ਵੱਖ-ਵੱਖ ਹਿੱਸੇ ਪੂੰਜੀਦਾਰਾਂ ਲਈ ਕਈ ਲਾਭ ਅਤੇ ਮੌਕੇ ਮੁਹੱਈਆ ਕਰਵਾਉਣ ਦੀਆਂ ਸੰਭਾਵਨਾਵਾਂ ਰੱਖਦੇ ਹਨ (ਦਿਵੇਦੀ 2013 ਏ ਬੀ)। ਇਨ੍ਹਾਂ ਫ਼ਾਇਦਿਆਂ ਦੀਆਂ ਉਦਾਹਰਣਾਂ ਵਿਚ ਕਾਰਜ ਕੁਸ਼ਲਤਾ, ਸੰਵੇਦਨਸ਼ੀਲਤਾ, ਪ੍ਰਭਾਵ, ਪਾਰਦਰਸ਼ਿਤਾ, ਘੱਟ ਨੌਕਰਸ਼ਾਹੀ, ਬੇਹਤਰ ਸੰਚਾਰ ਅਤੇ ਮਿਲਵਰਤਨ ਦੇ ਪ੍ਰਸੰਗ ਵਿਚ ਜਨਤਕ ਅਦਾਰਿਆਂ ਦਾ ਰੂਪਾਂਤਰਣ ਸ਼ਾਮਿਲ ਹੈ। ਕਿਸੇ ਵੀ ਸਮੇਂ ਅਤੇ ਕਿਤੇ ਵੀ ਨਾਗਰਿਕ-ਮੁਖੀ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਨਾਲ ਭਰਪੂਰ ਸਰਕਾਰੀ ਸੇਵਾਵਾਂ ਦੀ ਸਪੁਰਦਗੀ ਅਤੇ ਪਹੁੰਚ ਸੁਲੱਭ ਕਰ ਸਕਦੀ ਹੈ (ਦਿਵੇਦੀ 2013 ਏ ਬੀ)।

ਭਾਵੇਂ ਭਾਰਤ ਨੇ 1990ਵਿਆਂ ਦੇ ਅਖ਼ੀਰ ਵਿਚ ਈ-ਪ੍ਰਸ਼ਾਸਨ ਦੇ ਰੂਪ ਵਿਚ ਅਜਿਹੇ ਸੁਧਾਰ ਦੀ ਪਹਿਲ-ਕਦਮੀ ਕੀਤੀ ਸੀ ਅਤੇ ਜਿਸ ਨੂੰ 2006 ਦੀ ਰਾਸ਼ਟਰੀ ਈ-ਪ੍ਰਸ਼ਾਸਨ ਯੋਜਨਾ ਨਾਲ ਅੱਗੋਂ ਹੋਰ ਹੁਲਾਰਾ ਮਿਲਿਆ, ਈ-ਪ੍ਰਸ਼ਾਸਨ ਵਿਕਾਸ ਸੂਚਕ-ਅੰਕ (ਯੂ ਐੱਨ ਈ – ਜੀਓਵੀ ਸਰਵੇਖਣ, 2014) ਦੇ ਆਧਾਰ 'ਤੇ ਸਾਡਾ ਦੇਸ਼ ਦੁਨੀਆਂ ਦੇ 117 ਦੇਸ਼ਾਂ ਤੋਂ ਪਿੱਛੇ ਹੈ। ਦਿਵੇਦੀ ਵਲੋਂ 'ਯੋਜਨਾ' ਵਿਚ ਦਿਤੇ ਇਕ ਪਹਿਲੇ ਲੇਖ ਵਿਚ ਭਾਰਤ ਦੇ ਸੂਚਨਾ ਨਾਲ ਭਰਪੂਰ ਸੰਤੁਲਿਤ ਸਮਾਜ ਅਤੇ ਗਿਆਨ-ਆਰਥਿਕਤਾ ਦੇ ਟੀਚੇ ਹਾਸਿਲ ਕਰਨ ਦੇ ਰਾਹ ਵਿਚ ਰੁਕਾਵਟਾਂ ਦੇ ਕਾਰਨਾਂ ਦੀ ਸ਼ਨਾਖ਼ਤ ਕੀਤੀ ਗਈ ਸੀ ਜਿਨ੍ਹਾਂ ਵਿਚ ਕੁਝ ਕਾਰਨ ਕੇਂਦਰ, ਰਾਜ ਅਤੇ ਜ਼ਿਲ੍ਹਾ ਪੱਧਰਾਂ 'ਤੇ ਆਈ ਸੀ ਟੀ ਆਧਾਰਿਤ ਸਿਲਸਿਲਿਆਂ ਦਾ ਵਿਖੰਡਨ, ਸਿਲਸਿਲਾਬਧ ਸੰਗਠਨ ਦੀ ਕਮੀ, ਅੰਤਲੀਆਂ ਰੁਕਾਵਟਾਂ, ਸਥਾਨਿਕ ਰੂਪ ਵਿਚ ਸਥਿਤ, ਆਮ ਸੇਵਾ ਕੇਂਦਰਾਂ (ਸੀ ਐੱਸ ਸੀ ਐੱਸ) ਦੀ ਘੱਟ ਗਿਣਤੀ ਈ-ਪ੍ਰਸ਼ਾਸਨ ਸੇਵਾਵਾਂ ਦੀ ਵਰਤੋਂ, ਪਹੁੰਚ ਅਤੇ ਜਾਗਰੂਕਤਾ ਦੀ ਕਮੀ, ਮਾੜੀ ਡਿਜ਼ਿਟਲ ਸਾਖਰਤਾ, ਖੇਤਰੀ ਭਾਸ਼ਾਵਾਂ ਵਿਚ ਈ-ਸੇਵਾਵਾਂ ਦੀ ਉਪਲਬਧਤਾ ਦੀ ਘਾਟ, ਭਰੋਸੇ ਦੀ ਘਾਟ ਅਤੇ ਸੁਰੱਖਿਆ ਅਤੇ ਨਿੱਜੀ ਸਰੋਕਾਰ ਆਦਿ ਸ਼ਾਮਿਲ ਹਨ (ਦਿਵੇਦੀ 2012, 2013 ਬੀ, ਰਾਣਾ 2013)।

ਇਸ ਸਮੇਤ ਉਸ ਲੇਖ ਵਿਚ ਮੌਜੂਦਾ ਪ੍ਰਣਾਲੀਆਂ ਦੀ ਨਿਰਖ-ਪਰਖ ਦੀ ਲੋੜ, ਨਵੀਆਂ ਉੱਭਰ ਰਹੀਆਂ ਪ੍ਰਣਾਲੀਆਂ ਨੂੰ ਸੇਧ ਦੇ ਕੇ ਸੰਗਠਿਤ ਕਰਨ, ਸੇਵਾ ਸਪੁਰਦਗੀ ਲਈ ਮੋਬਾਇਲ ਮੰਚ ਦੀ ਵਰਤੋਂ, ਆਵਾਜ਼-ਆਧਾਰਿਤ ਮੋਬਾਇਲ ਪ੍ਰੋਗਰਾਮਾਂ ਨੂੰ ਵਿਕਸਤ ਕਰਨ, ਨਾਗਰਿਕਾਂ ਨੂੰ ਚੋਖੀਆਂ ਆਈ ਸੀ ਈ ਮੁਹਾਰਤਾਂ ਨਾਲ ਭਰਪੂਰ ਕਰਨ ਲਈ ਵਿਆਪਕ ਸਿਖਲਾਈ ਦਾ ਪ੍ਰਬੰਧ, ਸਾਰੇ ਦਿਹਾਤੀ ਸਮੁਦਾਇਆਂ ਵਿਚ ਪਹੁੰਚ ਸਕਣ-ਯੋਗ ਫ਼ਾਸਲਿਆਂ 'ਤੇ ਆਮ ਸੇਵਾ ਕੇਂਦਰਾਂ (ਸੀ ਐੱਸ ਸੀ ਐੱਸ) ਦੀ ਸਥਾਪਨਾ, ਖੇਤਰੀ ਭਾਸ਼ਾਵਾਂ ਵਿਚ ਈ-ਸੇਵਾਵਾਂ ਦਾ ਪ੍ਰਬੰਧ ਅਤੇ ਭਾਰਤੀ ਪ੍ਰਸੰਗ ਵਿਚ ਪ੍ਰਭਾਵੀ ਆਈ ਸੀ ਵੀ ਆਧਾਰਿਤ ਜਨਤਕ ਪ੍ਰਸ਼ਾਸਨ ਸੁਧਾਰ ਲਈ ਇਲੈਕਟ੍ਰਾਨਿਕ ਖੇਤਰ ਵਿਚ ਭਰੋਸੇ ਅਤੇ ਸੁਰੱਖਿਆ ਦੇ ਨਜ਼ਰੀਏ ਨੂੰ ਕਾਇਮ ਕਰਨ ਦੀ ਲੋੜ ਦੀ ਗੱਲ ਕਹੀ ਗਈ ਸੀ (ਦਿਵੇਦੀ 2013 ਬੀ)

ਪਿੱਛੇ ਜਿਹੇ ਹੀ, ਭਾਰਤ ਸਰਕਾਰ ਨੇ ਇਕ ਨਵੀਂ ਸ਼ਾਨਦਾਰ ਪਹਿਲ ਦਾ ਐਲਾਨ ਕੀਤਾ ਜਿਸ ਵਿਚ ਉਕਤ ਲੇਖ ਵਿਚ ਚੁੱਕੇ ਲਗਭਗ ਸਾਰੇ ਨੁਕਤਿਆਂ ਨੂੰ ਦਰਸਾਇਆ ਗਿਆ ਹੈ। ਇਸ ਲੇਖ ਦਾ ਉਦੇਸ਼ 'ਡਿਜ਼ਿਟਲ ਭਾਰਤ' ਨਾਂ ਦੀ ਇਸ ਮਿਸਾਲੀ ਪਹਿਲ-ਕਦਮੀ ਦਾ ਜਾਇਜ਼ਾ ਲੈਣਾ ਹੈ ਜਿਸ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਿਆਂ ਯਕੀਨਨ ਭਾਰਤ ਦੇ ਸਮਾਜਿਕ, ਆਰਥਿਕ ਵਿਕਾਸ ਅਤੇ ਜਨਤਕ ਪ੍ਰਸ਼ਾਸਨ ਸੁਧਾਰ ਉਪਰ ਬਹੁਤ ਮਹੱਤਵਪੂਰਨ ਅਤੇ ਉਸਾਰੂ ਪ੍ਰਭਾਵ ਪਵੇਗਾ।

## ਡਿਜ਼ਿਟਲ ਭਾਰਤ ਦੀ ਰੂਪ-ਰੇਖਾ

ਸੰਗਠਿਤ ਮੰਤਰਾਲਿਆਂ ਦੀ ਪਹਿਲ-ਕਦਮੀ ਵਾਲਾ ਇਹ ਪ੍ਰੋਗਰਾਮ ਭਾਰਤ ਨੂੰ ਡਿਜ਼ਿਟਲ ਪ੍ਰਣਾਲੀ ਨਾਲ ਭਰਪੂਰ ਕਰਨ ਅਤੇ ਅਖ਼ਤਿਆਰ ਹਾਸਿਲ ਸੂਚਨਾ ਵਾਲਾ ਸਮਾਜ ਅਤੇ ਗਿਆਨ-ਆਰਥਿਕਤਾ ਬਣਾਉਣ ਦਾ ਟੀਚਾ ਰਖਦਾ ਹੈ। ਰਾਸ਼ਟਰੀ ਈ-ਪ੍ਰਸ਼ਾਸਨ ਯੋਜਨਾ ਦਾ ਵੱਡਾ ਅਵਤਾਰ ਪ੍ਰਤੀਤ ਹੁੰਦੇ ਇਸ ਪ੍ਰੋਗਰਾਮ ਨੂੰ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਵਿਭਾਗ ਵਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਸਫਲਤਾਪੂਰਵਕ ਢੰਗ ਨਾਲ ਲਾਗੂ ਕਰਨ ਲਈ ਇਕ ਖਰਬ ਤੋਂ ਵੱਧ ਦੀ ਰਕਮ ਰਾਖਵੀਂ ਕੀਤੀ ਗਈ ਹੈ (ਡੀ ਆਈ ਪ੍ਰੈਜ਼ੈਂਟੇਸ਼ਨ, 2014, ਪੀ ਆਈ, 2014) ਡਿਜ਼ਿਟਲ ਭਾਰਤ ਪ੍ਰੋਗਰਾਮ ਨੂੰ 20 ਅਗਸਤ 2014 ਨੂੰ ਕੈਬਨਿਟ ਦੀ ਮਨਜ਼ੂਰੀ ਮਿਲੀ ਅਤੇ ਇਸ ਨੂੰ 2018 ਤਕ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ, ਜਿਸ ਦਾ ਮੁੱਖ ਉਦੇਸ਼ ਸਰਕਾਰੀ ਅਮਲਾਂ ਨੂੰ ਗ਼ੈਰ-ਰਵਾਇਤੀ ਢੰਗ ਨਾਲ ਮੁੜ-ਵਿਉਂਤਣਾ ਅਤੇ ਡਿਜ਼ਿਟਲ ਬਣਾਉਣਾ ਅਤੇ ਸਰਕਾਰੀ ਸੇਵਾਵਾਂ ਨੂੰ ਇਲੈਕਟ੍ਰਾਨਿਕ ਢੰਗ ਨਾਲ ਪਹੁੰਚ-ਯੋਗ ਬਣਾਉਣਾ ਅਤੇ ਨਾਲ ਦੀ ਨਾਲ ਨਵੇਂ ਰੁਜ਼ਗਾਰ ਪੈਦਾ ਕਰਨ ਲਈ ਯੋਗਦਾਨ ਪਾਉਣਾ ਹੈ (ਸੀ ਡੀ ਆਈ, ਪ੍ਰੈਜ਼ੈਂਟੇਸ਼ਨ, 2014, ਪੀ ਆਈ ਬੀ, 2014)।

'ਬੁਨਿਆਦੀ ਢਾਂਚੇ ਦੀ ਇਕ ਸਹੂਲਤ ਵਜੋਂ ਹਰ ਨਾਗਰਿਕ ਤਕ ਪਹੁੰਚ' ਇਸ ਪ੍ਰੋਗਰਾਮ ਦਾ ਪਹਿਲਾ ਮੁੱਖ ਟੀਚਾ ਹੈ ਜਿਸ ਵਿਚ ਨਾਗਰਿਕਾਂ ਨੂੰ

ਡਿਜ਼ਿਟਲ ਢੰਗ ਨਾਲ ਅਖ਼ਤਿਆਰਾਂ ਨਾਲ ਭਰਪੂਰ ਕਰਨ ਦੇ ਦ੍ਰਿਸ਼ਟੀਕੋਨ ਤੋਂ ਸਾਰੀਆਂ ਪੇਂਡੂ ਪੰਚਾਇਤਾਂ ਵਿਚ ਤੇਜ਼ ਰਫ਼ਤਾਰੀ, ਇੰਟਰਨੈੱਟ ਪਹੁੰਚ ਉਪਲਬਧ ਕਰਾਉਣਾ, ਨਾਗਰਿਕਾਂ ਤਕ ਅਹਿਮ ਡਿਜ਼ਿਟਲ ਨਵੇਕਲੀ, ਪੂਰੇ ਜੀਵਨ ਲਈ ਆਨਲਾਈਨ ਅਤੇ ਤਸਦੀਕ ਕੀਤੇ ਜਾਣ ਯੋਗ ਸ਼ਨਾਖ਼ਤ ਦਾ ਪ੍ਰਬੰਧ ਕਰਨਾ, ਸਮਾਜਿਕ ਆਰਥਿਕ ਸ਼ਕਤੀਕਰਨ ਲਈ ਨਾਗਰਿਕਾਂ ਨੂੰ ਮੋਬਾਇਲ ਫ਼ੋਨਾਂ ਅਤੇ ਬੈਂਕ ਖਾਤਿਆਂ ਦੁਆਰਾ ਡਿਜ਼ਿਟਲ ਅਤੇ ਆਰਥਿਕ ਸਮਰੱਥਾਵਾਂ ਨਾਲ ਭਰਪੂਰ ਕਰਨਾ, ਸਥਾਨਕ ਰੂਪ ਵਿਚ ਸਥਿਤ ਬਹੁ-ਕਾਰਜੀ ਆਮ ਸੇਵਾ ਕੇਂਦਰਾਂ ਦੀ ਸਥਾਪਨਾ ਜੋ ਨਾਗਰਿਕਾਂ ਨੂੰ ਸੇਵਾਵਾਂ ਦੀ ਪੂਰਤੀ ਲਈ ਅਸਰਦਾਰ ਢੰਗ ਨਾਲ ਕੰਮ ਕਰਨ, ਜਨਤਕ ਖੇਤਰ ਉਪਰ ਸਾਂਝੀ ਕਰਨ ਯੋਗ ਨਿੱਜੀ ਹਲਕਾ ਅਤੇ ਦੇਸ਼ ਵਿਚ ਇਕ ਚੰਗੇਰੇ ਅਤੇ ਸੁਰੱਖਿਅਤ ਸਾਈਬਰ-ਹਲਕੇ ਦੀ ਸਥਾਪਨਾ ਜੋ ਇਲੈਕਟ੍ਰਾਨਿਕ ਸੇਵਾਵਾਂ ਦੀ ਵਿਆਪਕ ਪ੍ਰਵਾਨਗੀ ਅਤੇ ਵਰਤੋਂ ਨੂੰ ਸੁਗਮ ਬਣਾਏਗਾ (ਡੀ ਆਈ ਪ੍ਰੈਜ਼ੈਂਟੇਸ਼ਨ, 2014; ਪੀ ਆਈ ਬੀ, 2014)।


ਪ੍ਰੋਗਰਾਮ ਦਾ ਦੂਜਾ ਮੁੱਖ ਨੁਕਤਾ 'ਮੰਗ ਮੁਤਾਬਕ ਪ੍ਰਸ਼ਾਸਨ ਅਤੇ ਸੇਵਾਵਾਂ ਹੈ ਜਿਸ ਵਿਚ ਵੱਖ-ਵੱਖ ਹਿੱਸੇ ਪੂੰਜੀਕਾਰਾਂ ਦੀ ਵੱਖ-ਵੱਖ ਵਿਭਾਗਾਂ ਦੇ ਸੀਮਾ ਖੇਤਰਾਂ ਨੂੰ ਉਲੰਘ ਕੇ ਸਾਰੀਆਂ ਸਰਕਾਰੀ ਸੇਵਾਵਾਂ ਤਕ ਸੌਖੀ ਅਤੇ ਇਕ ਖਿੜਕੀ ਪਹੁੰਚ ਯਕੀਨੀ ਬਣਾਉਣਾ ਹੈ। ਅਜਿਹੀਆਂ ਸਰਕਾਰੀ ਸੇਵਾਵਾਂ ਆਨ ਲਾਈਨ ਅਤੇ ਮੋਬਾਇਲ ਫ਼ੋਨ ਮੰਚਾਂ ਦੀ ਵਰਤੋਂ ਰਾਹੀਂ ਅਸਲ ਸਮੇਂ ਹੱਦ ਹੇਠ ਉਪਲਬਧ ਕਰਾਉਣੀਆਂ ਚਾਹੀਦੀਆਂ ਹਨ। ਸੂਚਨਾ ਤਕ ਸੌਖੀ ਪਹੁੰਚ ਲਈ ਹਰ ਨਾਗਰਿਕ ਨੂੰ ਹਾਸਿਲ ਵੱਖ-ਵੱਖ ਹੱਕਾਂ ਨੂੰ 'ਕਲਾਉਡ' 'ਤੇ ਉਪਲਬਧ ਕਰਾਇਆ ਜਾਵੇ। ਇਸ ਤੋਂ ਇਲਾਵਾ, ਡਿਜ਼ਿਟਲ ਪ੍ਰਕਿਰਿਆ ਅਮਲ ਰਾਹੀਂ ਰੂਪਾਂਤਰਿਤ ਸੇਵਾਵਾਂ ਦੀ ਮਦਦ ਨਾਲ ਬਿਨਾਂ ਕਿਸੇ ਬੋਝ ਦੇ ਵਪਾਰ ਕਰਨ ਦੀ ਸਹੂਲਤ ਹੋਵੇ ਜਿਸ ਰਾਹੀਂ ਇਲੈਕਟ੍ਰਾਨਿਕ ਅਤੇ ਬਿਨਾਂ ਨਗਦੀ 'ਤੇ ਆਰਥਿਕ ਲੈਣ-ਦੇਣ ਸੰਭਵ ਹੋ ਸਕੇ। ਅਖੀਰ ਵਿਚ ਫ਼ੈਸਲੇ ਲੈਣ ਵਿਚ ਮਦਦ ਅਤੇ ਵਿਕਾਸ ਲਈ ਸੰਗਠਿਤ ਇਲੈਕਟ੍ਰਾਨਿਕ ਪ੍ਰਣਾਲੀ ਦੀ ਵਰਤੋਂ ਕੀਤੀ ਜਾਵੇ (ਡੀ ਆਈ ਪ੍ਰੈਜ਼ੈਂਟੇਸ਼ਨ, 2014, ਪੀ ਆਈ ਬੀ, 2014)।

ਤੀਜਾ ਮੁੱਖ ਖੇਤਰ ਨਾਗਰਿਕਾਂ ਨੂੰ ਡਿਜ਼ਿਟਲ ਰੂਪ ਵਿਚ ਸਸ਼ਕਤ ਬਣਾਉਣਾ ਹੈ ਜਿਸ ਤਹਿਤ ਭਾਰਤੀ ਨਾਗਰਿਕਾਂ ਦਰਮਿਆਨ ਡਿਜ਼ਿਟਲ ਸਾਖਰਤਾ ਫ਼ੈਲਾਉਣਾ, ਡਿਜ਼ਿਟਲ ਵਸੀਲਿਆਂ ਨੂੰ ਵਿਆਪਕ ਰੂਪ ਵਿਚ ਸੁਲਭ ਕਰਨਾ ਡਿਜ਼ਿਟਲ ਵਸੀਲਿਆਂ ਅਤੇ ਸੇਵਾਵਾਂ ਨੂੰ ਖੇਤਰੀ ਭਾਸ਼ਾਵਾਂ ਵਿਚ ਉਪਲਬਧ ਕਰਾ ਕੇ ਵਿਆਪਕ ਪ੍ਰਵਾਨਗੀ ਅਤੇ ਵਰਤੋਂ ਲਈ ਉਤਸ਼ਾਹਿਤ ਕਰਨਾ ਹੈ। ਸਹਿਭਾਗਤਾ ਭਰਪੂਰ ਸ਼ਾਸਨ ਦਾ ਸਭਿਆਚਾਰ ਵਿਕਸਤ ਕਰਨ ਲਈ ਸਾਂਝੇ ਡਿਜ਼ਿਟਲ ਮੰਚਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਕਿਸੇ ਵੀ ਨਾਗਰਿਕ ਦੇ ਅਖ਼ਤਿਆਰਾਂ ਨੂੰ 'ਕਲਾਉਡ' ਰਾਹੀਂ ਦਰਸਾਇਆ ਜਾਣਾ ਚਾਹੀਦਾ ਹੈ (ਡੀ ਆਈ ਪ੍ਰੈਜ਼ੈਂਟੇਸ਼ਨ, 2014, ਪੀ ਆਈ ਬੀ, 2014)।

ਡਿਜ਼ਿਟਲ ਭਾਰਤ ਪ੍ਰੋਗਰਾਮ ਵਿਚ ਉਪਰ ਦੱਸੇ ਤਿੰਨ ਮੁੱਖ ਖੇਤਰਾਂ ਦੀ ਪ੍ਰਾਪਤੀ ਲਈ 9 ਨੁਕਤੇ ਦੱਸੇ ਗਏ ਹਨ ਜੋ ਕਿ (1) ਬ੍ਰਾਡਬੈਂਡ ਸ਼ਾਹਰਾਹ, (2) ਮੋਬਾਇਲ ਸੰਪਰਕ ਤਕ ਸਰਬ-ਵਿਆਪੀ ਪਹੁੰਚ (3) ਜਨਤਕ ਇੰਟਰਨੈੱਟ ਪਹੁੰਚ ਪ੍ਰੋਗਰਾਮ (4), ਈ-ਸ਼ਾਸਨ : ਤਕਨਾਲੋਜੀ ਰਾਹੀਂ ਸਰਕਾਰੀ ਕਾਰਜ ਵਿਚ ਸੁਧਾਰ ਲਿਆਉਣੇ (5) ਈ-ਕ੍ਰਾਂਤੀ ਸੇਵਾਵਾਂ ਦੀ ਇਲੈਕਟ੍ਰਾਨਿਕ ਡਲਿਵਰੀ (6) ਸਰਬ-ਸੂਚਨਾ ਪ੍ਰੋਗਰਾਮ (7) ਇਲੈਕਟ੍ਰਾਨਿਕਸ ਨਿਰਮਾਣ (8) ਨੌਕਰੀਆਂ ਲਈ ਸੂਚਨਾ ਤਕਨਾਲੋਜੀ ਤੇ (9) ਆਰੰਭਿਕ ਨਤੀਜਿਆਂ ਬਾਰੇ ਪ੍ਰੋਗਰਾਮ (ਡੀ ਆਈ ਪ੍ਰੈਜ਼ੈਂਟੇਸ਼ਨ, 2014, ਪੀ ਆਈ ਬੀ, 2014)।

ਬ੍ਰਾਡਬੈਂਡ ਸ਼ਾਹਰਾਹ ਇਕ ਥੰਮ੍ਹ ਵਜੋਂ ਕੰਮ ਕਰਦਿਆਂ ਸਾਰੇ ਪੇਂਡੂ ਅਤੇ ਸ਼ਹਿਰੀ ਹਲਕਿਆਂ ਨੂੰ ਬ੍ਰਾਡਬੈਂਡ ਦੇ ਦਾਇਰੇ ਵਿਚ ਲਿਆਉਣ ਅਤੇ ਰਾਸ਼ਟਰੀ ਸੂਚਨਾ ਬੁਨਿਆਦੀ ਢਾਂਚੇ ਨੂੰ ਸੰਗਠਿਤ ਕਰਨ ਦਾ ਕੰਮ ਕਰਨਗੇ। ਦੂਜਾ ਥੰਮ੍ਹ ਸਰਬ-ਵਿਆਪੀ ਮੋਬਾਇਲ ਸੰਪਰਕ ਲਈ ਬੁਨਿਆਦੀ ਢਾਂਚਾ ਸਥਾਪਤ ਕਰਨ 'ਤੇ ਕੇਂਦਰਿਤ ਹੈ। ਤੀਜੇ ਨੁਕਤੇ ਵਿਚ ਮਾਰਚ 2017 ਤਕ ਸਥਾਨਕ ਰੂਪ ਵਿਚ ਕੇਂਦਰਿਤ ਆਮ ਸੇਵਾ ਕੇਂਦਰਾਂ ਨੂੰ ਚੋਖੀ ਗਿਣਤੀ ਵਿਚ (2,50,000 ਪਿੰਡਾਂ ਲਈ) ਕਾਇਮ ਕਰਨਾ ਅਤੇ ਡੇਢ ਲੱਖ ਡਾਕਖ਼ਾਨਿਆਂ ਨੂੰ ਆਉਂਦੇ ਦੋ ਵਰ੍ਹਿਆਂ ਵਿਚ ਬਹੁ-ਸੇਵਾ ਯੋਗ ਬਣਾਉਣ ਦੀ ਗੱਲ ਕਹੀ ਗਈ ਹੈ। ਚੌਥਾ ਨੁਕਤਾ ਤਕਨਾਲੋਜੀ ਰਾਹੀਂ ਸੁਧਾਰ ਲਿਆਉਣ ਅਤੇ ਵਪਾਰ-ਅਮਲ ਦੀ ਮੁੜ-ਵਿਉਂਤਕਾਰੀ ਹੈ ਜਿਸ ਤਹਿਤ ਫਾਰਮਾਂ ਨੂੰ ਸਾਦਾ ਕਰਨਾ, ਆਨ ਲਾਈਨ ਅਰਜ਼ੀਆਂ ਅਤੇ ਉਨ੍ਹਾਂ ਦੀ ਸਥਿਤੀ ਬਾਰੇ ਸੂਚਨਾ ਸੰਭਵ ਕਰਨਾ, ਮੰਚਾਂ ਅਤੇ ਸੇਵਾਵਾਂ ਨੂੰ ਸੰਗਠਿਤ ਕਰਨਾ, ਕੰਮ ਦੇ ਵਹਾਅ ਨੂੰ ਸਵੈ-ਚਾਲਿਤ ਜਨਤਕ ਸ਼ਿਕਾਇਤ ਹੱਲ-ਪ੍ਰਣਾਲੀ ਕਾਇਮ ਕਰਨਾ (ਡੀ ਆਈ ਪ੍ਰੈਜ਼ੈਂਟੇਸ਼ਨ, 2014, ਪੀ ਆਈ ਬੀ, 2014)।

ਪੰਜਵਾਂ ਥੰਮ੍ਹ ਸਰਕਾਰੀ ਸੇਵਾਵਾਂ ਤਕ ਪਹੁੰਚ ਲਈ ਨਾਗਰਿਕਾਂ ਨੂੰ ਦਿੱਤੀਆਂ ਸੇਧਾਂ ਬਾਰੇ ਹੈ



ਚਿੱਤਰ-1 : ਡਿਜ਼ਿਟਲ ਭਾਰਤ ਪ੍ਰੋਗਰਾਮ : ਤਿੰਨ ਮੁੱਖ ਖੇਤਰ ਅਤੇ ਨੌਂ ਥੰਮ੍ਹ

ਜਿਸ ਰਾਹੀਂ ਈ-ਕ੍ਰਾਂਤੀ ਦੀ ਵਰਤੋਂ ਕਰਦਿਆਂ ਸੇਵਾਵਾਂ ਦੀ ਇਲੈਕਟ੍ਰਾਨਿਕ ਡਲਿਵਰੀ ਕੀਤੀ ਜਾਵੇ। ਇਸ ਨੂੰ ਅੱਗੋਂ ਵੱਖ-ਵੱਖ ਸ਼੍ਰੇਣੀਆਂ ਜਿਵੇਂ ਕਿ ਈ-ਸਿੱਖਿਆ, ਈ-ਸਿਹਤ, ਜੀ ਆਈ ਐੱਸ ਆਧਾਰਿਤ ਫ਼ੈਸਲਿਆਂ ਰਾਹੀਂ ਯੋਜਨਾਬੰਦੀ ਲਈ ਤਕਨਾਲੋਜੀ, ਕਿਸਾਨਾਂ ਲਈ ਤਕਨਾਲੋਜੀ ਜਿਸ ਰਾਹੀਂ ਉਹ ਆਨ ਲਾਈਨ ਸੇਵਾਵਾਂ ਦੀ ਵਰਤੋਂ ਕਰ ਸਕਣ, ਸੁਰੱਖਿਆ ਲਈ ਤਕਨਾਲੋਜੀ, ਮੋਬਾਇਲ ਬੈਂਕਿੰਗ ਅਤੇ ਲਘੂ ਏ ਟੀ ਐੱਮ ਪ੍ਰੋਗਰਾਮ ਰਾਹੀਂ ਆਰਥਿਕ ਸੁਮੇਲ, ਈ-ਅਦਾਲਤ, ਈ-ਪੁਲਿਸ, ਈ-ਜੇਲ੍ਹਾਂ ਤੇ ਈ-ਮੁਕੱਦਮੇਬਾਜ਼ੀ। ਛੇਵਾਂ ਨੁਕਤਾ ਸਭਨਾਂ ਲਈ ਸੂਚਨਾ ਬਾਰੇ ਹੈ ਜਿਥੇ ਸਰਕਾਰ ਵਚਨਬਧਤਾ ਕਰਦੀ ਹੈ ਕਿ ਉਹ ਸੂਚਨਾ ਅਤੇ ਦਸਤਾਵੇਜ਼ਾਂ ਨੂੰ ਆਨ ਲਾਈਨ ਉਪਲਬਧ ਕਰਵਾਏਗੀ ਅਤੇ ਨਾਲ ਦੀ ਨਾਲ ਨਾਗਰਿਕਾਂ ਨੂੰ ਵੱਖ-ਵੱਖ ਮਹੱਤਵਪੂਰਨ ਸੂਚਨਾਵਾਂ ਸਮੇਂ-ਸਮੇਂ 'ਤੇ ਦੇਣ ਲਈ ਸਮਾਜਿਕ ਮੀਡੀਏ ਨਾਲ ਬਹੁਤ ਸਰਗਰਮ ਸਾਂਝ ਪਾਵੇਗੀ। (ਇਸ ਉਦੇਸ਼ ਲਈ *ਮਾਈ ਗਰਵਰਨੈਂਸ ਇਨ ਪੋਰਟਲ* ਪਹਿਲਾਂ ਹੀ ਆਰੰਭੀ ਜਾ ਚੁੱਕੀ ਹੈ) ਅਤੇ ਵੱਖ-ਵੱਖ ਮੌਕਿਆਂ 'ਤੇ ਨਾਗਰਿਕਾਂ ਨੂੰ ਆਨ ਲਾਈਨ ਸੰਦੇਸ਼ ਭੇਜੇ ਜਾਣਗੇ।

ਪ੍ਰੋਗਰਾਮ ਦਾ ਸੱਤਵਾਂ ਨੁਕਤਾ ਇਲੈਕਟ੍ਰਾਨਿਕ ਨਿਰਮਾਣ ਦੀ ਗੱਲ ਕਰਦਾ ਹੈ ਜਿਥੇ ਸਰਕਾਰ ਦਾ ਟੀਚਾ ਸਾਰੇ ਇਲੈਕਟ੍ਰਾਨਿਕ ਸਾਜ਼-ਸਾਮਾਨ ਨੂੰ ਆਪਣੇ ਦੇਸ਼ ਵਿਚ ਹੀ ਤਿਆਰ ਕਰ ਕੇ ਸੰਨ 2020 ਤਕ ਸਿਫ਼ਰ ਦਰਾਮਦ ਦਾ ਪੱਧਰ ਹਾਸਿਲ ਕਰਨਾ ਹੈ ਪਰ ਮੌਜੂਦਾ ਬੁਨਿਆਦੀ ਢਾਂਚੇ ਅਜਿਹੇ ਟੀਚੇ ਨੂੰ ਹਾਸਿਲ ਕਰਨ ਦੇ ਸਮਰੱਥ ਨਹੀਂ ਹਨ ਅਤੇ ਇਸੇ ਕਰਕੇ ਕਈ ਨਵੇਂ ਪ੍ਰੋਗਰਾਮ ਉਲੀਕੇ ਜਾ ਰਹੇ ਹਨ ਤਾਂ ਜੋ ਇਸ ਵਿਸ਼ਾਲ ਉਦੇਸ਼ ਦੀ ਪੂਰਤੀ ਹੋ ਸਕੇ।

ਅੱਠਵਾਂ ਸਭ ਤੋਂ ਮਹੱਤਵਪੂਰਨ ਨੁਕਤਾ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਆਧਾਰਿਤ ਨੌਕਰੀਆਂ ਕਾਇਮ ਕਰਨਾ ਹੈ। ਇਸ ਉਦੇਸ਼ ਲਈ ਸਰਕਾਰ ਛੋਟੇ ਕਸਬਿਆਂ ਅਤੇ ਪਿੰਡਾਂ ਵਿਚ ਲੋਕਾਂ ਨੂੰ ਸੂਚਨਾ ਤਕਨਾਲੋਜੀ ਖੇਤਰ ਵਿਚ ਸਿਖਲਾਈ ਦੇਣ ਦੀ ਯੋਜਨਾ ਬਣਾ ਰਹੀ ਹੈ ਅਤੇ ਉੱਤਰ-ਪੂਰਬੀ ਰਾਜਾਂ ਵਿਚ ਸੂਚਨਾ ਤਕਨਾਲੋਜੀ ਸੇਵਾਵਾਂ ਦਿੰਦਿਆਂ ਲਗਾਤਾਰ ਵਪਾਰ ਲਈ ਸੇਵਾ ਸਪੁਰਦਗੀ ਏਜੰਟਾਂ ਨੂੰ ਸਿਖਲਾਈ ਦੇਣ ਦੇ ਉਦੇਸ਼ ਨਾਲ ਸੂਚਨਾ ਤਕਨਾਲੋਜੀ ਪੱਖੀ ਸੇਵਾਵਾਂ ਕਾਇਮ ਕਰਨ ਜਾ ਰਹੀ ਹੈ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਦੂਰ-ਸੰਚਾਰ ਸੇਵਾ ਮੁਹੱਈਆਕਾਰ ਪੇਂਡੂ ਕਾਰਜ-ਸ਼ਕਤੀ ਨੂੰ ਆਪਣੀ ਮਦਦ ਕਰਨ ਲਈ ਤਿਆਰ ਕਰਨ ਦੇ ਉਦੇਸ਼ ਨਾਲ ਸਿਖਲਾਈ ਦੇਣ। ਨੌਵਾਂ ਅਤੇ ਅਖ਼ੀਰਲਾ ਨੁਕਤਾ ਆਰੰਭਿਕ ਨਤੀਜਿਆਂ ਬਾਰੇ ਪ੍ਰੋਗਰਾਮ ਪਹਿਲਾਂ ਹੀ ਕਾਰਜਸ਼ੀਲ ਹੋ ਚੁੱਕਾ ਹੈ ਜਿਸ ਦਾ ਉਦੇਸ਼ ਸੰਦੇਸ਼ਾਂ ਲਈ ਸੂਚਨਾ ਤਕਨਾਲੋਜੀ ਮੰਚ ਉਪਲਬਧ ਕਰਨਾ ਹੈ। ਈ-ਵਧਾਈ ਪੱਤਰ ਇਲੈਕਟ੍ਰਾਨਿਕ ਤਰੀਕੇ ਨਾਲ ਉਪਲਬਧ ਹਨ ਅਤੇ ਸਰਕਾਰੀ ਦਫ਼ਤਰਾਂ ਵਿਚ ਬਾਇਓਮੈਟ੍ਰਿਕ ਹਾਜ਼ਰੀ ਦਾ ਪ੍ਰਬੰਧ ਚੱਲ ਰਿਹਾ ਹੈ। ਇਸ ਪ੍ਰੋਗਰਾਮ ਦੇ ਮੁਢਲੇ ਪੜਾਵਾਂ ਨੂੰ ਪ੍ਰਾਪਤ ਕਰਨ ਲਿਆ ਗਿਆ ਹੈ (ਡੀ ਆਈ ਪ੍ਰੈਜ਼ੈਂਟੇਸ਼ਨ, 2014, ਪੀ ਆਈ ਬੀ, 2014)।

## ਜਾਇਜ਼ਾ ਅਤੇ ਸਿਫ਼ਾਰਸ਼ਾਂ

ਅਸੀਂ ਸਮਝ-ਜਾਣ ਕੇ ਡਿਜ਼ਿਟਲ ਭਾਰਤ ਪ੍ਰੋਗਰਾਮ ਨੂੰ 'ਮਿਸਾਲੀ' ਅਤੇ 'ਮੀਲ-ਪੱਥਰ' ਦੱਸਿਆ ਹੈ ਕਿਉਂਕਿ ਸਾਨੂੰ ਲਗਦਾ ਹੈ ਕਿ ਇਹ ਮੂਲ ਸੁਭਾਅ ਤੋਂ ਵਿਆਪਕਤਾ ਅਤੇ ਸੰਯੁਕਤੀ ਵਾਲਾ ਹੋਣ ਦੇ ਨਾਲ-ਨਾਲ ਲੰਮੇ ਸਮੇਂ ਤਕ ਚੱਲ ਸਕਣ ਯੋਗ ਦ੍ਰਿਸ਼ਟੀਕੋਣ 'ਤੇ ਆਧਾਰਿਤ ਹੈ। ਵਿਆਪਕ ਤੋਂ ਸਾਡਾ ਭਾਵ ਇਸ ਸੰਗਠਿਤ ਅਤੇ ਨਿਰਵਿਘਨ ਇਲੈਕਟ੍ਰਾਨਿਕ ਸੇਵਾਵਾਂ ਅਤੇ ਨਾਗਰਿਕਾਂ ਦੀ ਡਿਜ਼ਿਟਲ ਸਾਖਰਤਾ ਵਰਗੇ ਸਾਡੇ ਲਾਜ਼ਮੀ ਅਤੇ ਅੰਤਰ-ਸੰਬੰਧਿਤ ਪੱਖਾਂ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ ਜਿਵੇਂ ਕਿ ਚਿੱਤਰ-1 ਦਰਸਾਉਂਦਾ ਹੈ ਕਿ ਨਾਗਰਿਕਾਂ ਦੇ ਅਸਲ ਡਿਜ਼ਿਟਲ ਸ਼ਕਤੀਕਰਨ ਲਈ ਬੁਨਿਆਦੀ ਢਾਂਚਾ ਅਤੇ ਅਸਰਦਾਰ ਇਲੈਕਟ੍ਰਾਨਿਕ ਸੇਵਾਵਾਂ ਵਾਲਾ ਸ਼ਾਸਨ ਦੋਵੇਂ ਜ਼ਰੂਰੀ ਹਨ ਕਿਉਂਕਿ ਇਨ੍ਹਾਂ ਵਿਚੋਂ ਕਿਸੇ ਇਕ ਦੀ ਵੀ ਕਮੀ ਡਿਜ਼ਿਟਲ ਭਾਰਤ ਬਣਾਉਣ ਦੇ ਰਾਹ ਵਿਚ ਰੁਕਾਵਟ ਬਣੇਗੀ। ਇਸ ਤੋਂ ਵੀ ਮਹੱਤਵਪੂਰਨ ਡਿਜ਼ਿਟਲ ਸਾਖਰਤਾ ਦੇ ਖੇਤਰ ਵਿਚ ਧਿਆਨ ਕੇਂਦਰਿਤ ਕਰਨਾ ਹੈ ਕਿਉਂਕਿ ਬੁਨਿਆਦੀ ਢਾਂਚਾ ਅਤੇ ਈ-ਸੇਵਾਵਾਂ ਆਪਣੇ ਆਪ ਵਿਚ ਕੋਈ ਮਤਲਬ ਨਹੀਂ ਰੱਖਦੀਆਂ ਜੇ ਆਖ਼ਰੀ ਵਰਤੋਂਕਾਰ ਉਪਲਬਧ ਸਹੂਲਤਾਂ ਬਾਰੇ ਜਾਗਰੂਕ ਹੀ ਨਹੀਂ ਹੈ ਅਤੇ ਉਹ ਸੂਚਨਾ ਅਤੇ ਦੂਰਸੰਚਾਰ ਤਕਨਾਲੋਜੀ ਆਧਾਰਿਤ ਸਿਲਸਿਲਿਆਂ ਦੀ ਵਰਤੋਂ ਕਰਨ ਲਈ ਲੋੜੀਂਦੀ ਮੁਹਾਰਤ ਤੋਂ ਵਾਂਝਾ ਹੈ। ਡਿਜ਼ਿਟਲ ਭਾਰਤ ਪ੍ਰੋਗਰਾਮ ਨੂੰ ਸੰਯੁਕਤੀ ਵਾਲਾ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਹ ਸ਼ਹਿਰੀ ਇਲਾਕਿਆਂ ਦੇ ਨਾਲ-ਨਾਲ ਪੇਂਡੂ ਵਸੋਂ ਦੇ ਇਸ ਪੱਖ ਵਿਚ ਵਿਕਾਸ ਵੱਲ ਬਰਾਬਰ ਸਗੋਂ ਵਧੇਰੇ ਧਿਆਨ ਦਿੰਦਾ ਹੈ। ਜੇ ਇਸ ਪ੍ਰੋਗਰਾਮ ਨੂੰ ਕਿਆਸੇ ਢੰਗ ਨਾਲ ਸਫਲਤਾਪੂਰਵਕ ਲਾਗੂ ਕਰ ਦਿਤਾ ਗਿਆ ਤਾਂ ਇਹ ਇੰਟਰਨੈੱਟ ਸੰਪਰਕ (ਬ੍ਰਾਡਬੈਂਡ, ਮੋਬਾਇਲ ਅਤੇ ਜਨਤਕ ਇੰਟਰਨੈੱਟ ਪਹੁੰਚ ਕੇਂਦਰ) ਦੇ ਪ੍ਰਭਾਵ ਨਾਲ ਸ਼ਹਿਰੀ ਪੇਂਡੂ ਵਸੋਂ ਦਰਮਿਆਨ ਡਿਜ਼ਿਟਲ ਪਾੜਾ ਘਟਾਉਣ ਅਤੇ ਇਕ ਸੰਯੁਕਤ ਅਤੇ ਸਾਵੇਂ ਸੂਚਨਾ ਸਮਾਜ ਅਤੇ ਗਿਆਨ ਆਰਥਿਕਤਾ ਕਾਇਮ ਕਰਨ ਵਿਚ ਵੱਡੀ ਮਦਦ ਕਰੇਗਾ।

ਇਸ ਪ੍ਰੋਗਰਾਮ ਨੂੰ 'ਮੀਲ ਪੱਥਰ' ਇਸ ਵਿਚਲੀਆਂ ਸੰਭਾਵਨਾਵਾਂ, ਬਜਟ ਅਤੇ ਮੁਕੰਮਲ ਕਰਨ ਲਈ ਦਿਤੀ ਚੁਨੌਤੀਪੂਰਨ ਸਮੇਂ ਹੱਦ ਆਦਿ ਇਸ ਦੇ ਰੂਪਾਂਤਰਣਕਾਰੀ ਸੁਭਾਅ ਅਤੇ ਮੁਹਾਰਤ ਵਿਕਾਸ ਅਤੇ ਵੱਡੇ ਪੱਧਰ 'ਤੇ ਰੁਜ਼ਗਾਰ ਪੈਦਾ ਕਰਨ ਕਾਰਨ ਕਿਹਾ ਗਿਆ ਹੈ। ਕੋਈ ਵੀ ਪਹਿਲੀ ਭਾਰਤੀ ਡਿਜ਼ਿਟਲ ਪਹਿਲ-ਕਦਮੀ ਇਸ ਪ੍ਰੋਗਰਾਮ ਦਾ ਮੁਕਾਬਲਾ ਨਹੀਂ ਕਰਦੀ ਜਿਸ ਦਾ ਪਤਾ ਗੂਗਲ ਅਤੇ ਮਾਇਕਰੋਸਾਫ਼ਟ ਜਿਹੀਆਂ ਵਿਸ਼ਵ ਪੱਧਰ ਦੀਆਂ ਵੱਡੀਆਂ ਸੂਚਨਾ ਤਕਨਾਲੋਜੀ ਕੰਪਨੀਆਂ ਦੀ ਦਿਖਾਈ ਦਿਲਚਸਪੀ ਹੈ। ਇਲੈਕਟ੍ਰਾਨਿਕ ਵਣਜ ਅਤੇ ਡਿਜ਼ਿਟਲ ਮੰਡੀਕਰਨ ਦੇ ਵਿਆਪਕ ਰੂਪ ਵਿਚ ਉਭਰਨ ਨਾਲ ਪੇਂਡੂ ਹਲਕਿਆਂ ਦੀ ਪ੍ਰਚੂਨ ਖਪਤਕਾਰੀ ਦੇ ਢੰਗ ਤਰੀਕਿਆਂ ਉਪਰ ਵੱਡਾ ਅਸਰ ਪੈਣ ਵਜੋਂ ਵੀ ਇਸ ਪ੍ਰੋਗਰਾਮ ਨੂੰ ਵੱਡਾ ਮੀਲ-ਪੱਥਰ ਕਰਾਰ ਦਿਤਾ ਜਾ ਸਕਦਾ ਹੈ।

ਇਸ ਪ੍ਰੋਗਰਾਮ ਵਿਚ ਦਰਸਾਏ ਫ਼ਾਇਦਿਆਂ ਦਾ ਪਤਾ ਇਸ ਨੂੰ ਅੰਸ਼ਕ ਜਾਂ ਪੂਰਨ ਰੂਪ ਵਿਚ ਮੁਕੰਮਲ ਕੀਤਿਆਂ ਹੀ ਲੱਗ ਸਕਦਾ ਹੈ। ਮੌਜੂਦਾ ਸਮੇਂ ਵਿਚ ਇਕ ਸਥਿਰ ਅਤੇ ਮਜ਼ਬੂਤ ਸਰਕਾਰ ਦੇ ਕੇਂਦਰ ਵਿਚ ਹੋਣ ਸਦਕਾ ਇਸ ਪ੍ਰੋਗਰਾਮ ਦੇ ਵੱਡੇ ਹਿੱਸੇ (ਤਕਨੀਕੀ ਅਤੇ ਬੁਨਿਆਦੀ ਢਾਂਚਾ) ਦੇ ਵਿਉਂਤੇ ਢੰਗ ਨਾਲ ਪੂਰੇ ਹੋ ਜਾਣ ਦੀ ਸੰਭਾਵਨਾ ਲਗਦੀ ਹੈ ਕਿਉਂਕਿ ਇਨ੍ਹਾਂ ਵਿਚੋਂ ਕਈ ਤੱਤ ਪਹਿਲਾਂ ਹੀ ਆਰੰਭ ਕੀਤੇ ਗਏ ਹਨ ਤੇ ਲਾਗੂ ਕੀਤੇ ਗਏ ਹਨ। ਜਿਵੇਂ ਕਿ ਕਰਮਚਾਰੀਆਂ ਦੀ ਬਾਇਓਮੈਟ੍ਰਿਕ ਹਾਜ਼ਰੀ ਦਾ ਅਮਲ ਪੜਾਅਵਾਰ ਢੰਗ ਨਾਲ ਜਾਰੀ ਹੈ ਪਰ ਡਿਜ਼ਿਟਲ ਸਾਖਰਤਾ ਅਤੇ ਮਨੁੱਖੀ ਵਿਕਾਸ ਜਿਹੇ ਪੱਖ ਵਧੇਰੇ ਸਮਾਂ ਲੈ

ਸਕਦੇ ਹਨ ਕਿਉਂਕਿ ਸਭਨਾਂ ਤਕ ਪਹੁੰਚ ਬਣਾਉਣੀ, ਮੁਹਾਰਤ ਅਤੇ ਜਾਗਰੂਕਤਾ ਪ੍ਰਦਾਨ ਕਰਨੀ ਅਤੇ ਦ੍ਰਿਸ਼ਟੀਕੋਣ ਵਿਚ ਬਦਲਾਅ ਲਿਆਉਣਾ ਇਕ ਵਿਸ਼ਾਲ ਅਤੇ ਗੁੰਝਲਦਾਰ ਕਾਰਜ ਹੈ। ਅਸੀਂ ਡਿਜ਼ਿਟਲ ਸਾਖਰਤਾ, ਵਿਸ਼ੇਸ਼ ਕਰਕੇ ਪੇਂਡੂ ਵਸੋਂ ਦਰਮਿਆਨ ਡਿਜ਼ਿਟਲ ਸਿਲਸਿਲੇਬਧ ਅਤੇ ਟੀਚਾ ਆਧਾਰਿਤ ਨੀਤੀ ਅਪਣਾਉਣ ਦੀ ਸਿਫ਼ਾਰਿਸ਼ ਕਰਦੇ ਹਾਂ।

ਭਾਵੇਂ ਵਿਸ਼ੇਸ਼ ਅਤੇ ਸੀਮਾਬਧ ਸਮੇਂ ਵਿਚ ਪੂਰਨ ਡਿਜ਼ਿਟਲ ਸਾਖਰਤਾ ਹਾਸਿਲ ਕਰਨ ਲਈ ਕੋਈ ਜਾਦੂ ਦੀ ਛੜੀ ਨਹੀਂ ਹੈ ਪਰ ਮੰਡੀਕਰਨ ਆਧਾਰਿਤ ਵਿਭਾਜਨ ਅਤੇ ਟੀਚਾਗਤ ਰਣਨੀਤੀ ਬਹੁਤ ਕਾਰਗਰ ਸਾਬਿਤ ਹੋ ਸਕਦੀ ਹੈ। ਚਿੱਤਰ–2 ਮੰਡੀਕਰਨ ਆਧਾਰਿਤ ਨਾਗਰਿਕ ਰੁਝੇਵੇਂ ਢਾਂਚਾ ਡਿਜ਼ਿਟਲ ਸਾਖਰਤਾ ਨੂੰ ਪ੍ਰਭਾਵਕਾਰੀ ਢੰਗ ਨਾਲ ਅੱਗੇ ਵਧਾਉਣ ਵਿਚ ਮਦਦ ਕਰ ਸਕਦਾ ਹੈ। ਪਾਠਕ ਇਸ ਨੀਤੀ ਬਾਰੇ ਵਧੇਰੇ ਜਾਣਕਾਰੀ ਲਈ (ਸਿਮਿਨਟਿਰਸ 2014) ਵਾਲੇ ਲੇਖ ਨੂੰ ਪੜ੍ਹ ਸਕਦੇ ਹਨ।

ਡਿਜ਼ਿਟਲ ਭਾਰਤ ਪ੍ਰੋਗਰਾਮ ਵਿਚ ਬ੍ਰਾਡਬੈਂਡ, ਮੋਬਾਇਲ, ਜਨਤਕ ਇੰਟਰਨੈੱਟ ਪਹੁੰਚ ਕੇਂਦਰ ਸਮੇਤ ਵੱਖ–ਵੱਖ ਰੁਝਾਨ ਸ਼ਾਮਿਲ ਕੀਤੇ ਗਏ ਹਨ ਤਾਂ ਕਿ ਇੰਟਰਨੈੱਟ ਸੰਪਰਕ ਸਰਗਰਮ ਹੋਵੇ ਅਤੇ ਲੋਕ ਸਰਕਾਰੀ ਸੇਵਾਵਾਂ ਲਈ ਆਮ ਸੇਵਾ ਕਰਾਉਣ ਲਈ ਅਜਿਹੇ ਹਰ ਕੇਂਦਰ ਵਿਚ ਚੋਖੀ ਸਮਰੱਥਾ ਵਾਲੇ ਸੂਰਜੀ ਪੈਨਲ ਲਾਏ ਜਾਣ। ਅਜਿਹਾ ਕਰਨ ਨਾਲ ਨਾ ਕੇਵਲ ਡਿਜ਼ਿਟਲ ਭਾਰਤ ਪ੍ਰੋਗਰਾਮ ਏਜੰਡੇ ਦੇ ਲਗਾਤਾਰ ਚੱਲ ਸਕਣ ਵਿਚ ਮਦਦ ਮਿਲੇਗੀ ਸਗੋਂ ਇਸ ਨਾਲ ਵਿਕਲਪੀ ਬਿਜਲੀ ਸਰੋਤਾਂ ਬਾਰੇ ਜਾਗਰੂਕਤਾ ਫੈਲਾਉਣ ਅਤੇ ਉਸਾਰੂ ਜਨਤਕ ਨਜ਼ਰੀਆ ਵਿਕਸਤ ਕਰਨ ਵਿਚ ਵੀ ਮਦਦ ਮਿਲੇਗੀ।

ਡਿਜ਼ਿਟਲ ਭਾਰਤ ਪ੍ਰੋਗਰਾਮ ਵਿਚ ਐੱਮ ਓ ਓ ਸੀ (ਮੈਸਿਵ ਆਨ ਲਾਈਨ ਓਪਨ ਕੋਰਸ) ਜੇਹੇ ਨਵੀਨ ਤਜਰਬੇ ਦਾ ਵੀ ਪ੍ਰਬੰਧ ਹੈ ਜਿਸ ਦਾ ਪ੍ਰੀਖਣ ਅਤੇ ਵਿਆਪਕ ਪ੍ਰਵਾਨਗੀ ਅਜੇ ਹੋਣੀ ਬਾਕੀ ਹੈ ਕਿਉਂਕਿ ਵਿਆਪਕ ਪ੍ਰਵਾਨਗੀ ਲੋਕਾਂ ਦੀ ਮਾਨਸਿਕਤਾ ਵਿਚ ਬਦਲਾਅ ਦੀ ਮੰਗ ਕਰਦੀ ਹੈ, ਇਹ ਜ਼ਰੂਰੀ ਹੈ ਕਿ ਅਜਿਹੇ ਪ੍ਰੋਗਰਾਮ ਵਿਕਸਤ ਕਰਨ ਦੌਰਾਨ ਵਰਤੋਂਕਾਰ ਨੂੰ ਨਾਲ ਸ਼ਾਮਿਲ ਕੀਤਾ ਜਾਵੇ। ਇਸ ਤੋਂ ਇਲਾਵਾ, ਅਜਿਹੀ ਪਹਿਲ–ਕਦਮੀ ਨੂੰ ਵਿਆਪਕ ਪੱਧਰ 'ਤੇ ਲਾਗੂ ਕਰਨ ਤੋਂ ਪਹਿਲਾਂ ਮਾਨਵ–ਜਾਤੀ ਖੋਜ ਸਮੇਤ ਕੁਝ ਮੁਢਲੇ ਪ੍ਰੋਗਰਾਮ ਚਲਾਏ ਜਾਣ।


ਰਾਜਾਂ ਵਲੋਂ ਚਲਾਏ ਜਾਂਦੇ ਸਕੂਲਾਂ, ਵਿਸ਼ੇਸ਼ ਕਰਕੇ ਪਛੜੇ ਭਾਰਤੀ ਰਾਜਾਂ ਦੀ ਸਥਿਤੀ ਚੰਗੀ ਨਹੀਂ ਹੈ। ਅਧਿਆਪਕ ਚੰਗੀ ਸਿਖਲਾਈ ਪ੍ਰਾਪਤ ਨਹੀਂ ਹਨ ਅਤੇ ਡਿਜ਼ਿਟਲ ਤਕਨਾਲੋਜੀਆਂ ਦੀ ਸਹੀ ਮੁਹਾਰਤ ਨਹੀਂ ਰਖਦੇ। ਅਜਿਹੀ ਸਥਿਤੀ ਵਿਚ ਸਕੂਲਾਂ ਨੂੰ ਸਿਰਫ਼ ਬ੍ਰਾਡਬੈਂਡ ਨਾਲ ਜੋੜ ਦੇਣਾ ਹੀ ਕਾਫ਼ੀ ਨਹੀਂ ਹੈ ਸਗੋਂ ਅਧਿਆਪਕਾਂ ਨੂੰ ਡਿਜ਼ਿਟਲ ਤਕਨਾਲੋਜੀ ਦੀ ਵਰਤੋਂ ਦੀ ਸਿਖਲਾਈ ਮਿਲੇ ਤਾਂ ਜੋ ਚੰਗੀ ਸਿੱਖਿਆ ਦਿਤੀ ਜਾ ਸਕੇ ਅਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਇਸ ਅਮਲ ਵਿਚ ਜੋੜਿਆ ਜਾ ਸਕੇ। ਇਸ ਪ੍ਰਸੰਗ ਵਿਚ ਬ੍ਰਾਡਬੈਂਡ ਦੇ ਫੈਲਾਅ ਦੇ ਵਿਸ਼ਵ ਆਗੂ ਦੱਖਣੀ ਕੋਰੀਆ ਵਲੋਂ ਕੀਤੇ ਮਾਣਕੀਕਰਨ ਅਧਿਐਨ ਦਾ ਹਵਾਲਾ ਦੇਣਾ ਬਣਦਾ ਹੈ। ਦੱਖਣੀ ਕੋਰੀਆ ਵਿਚ ਬ੍ਰਾਡਬੈਂਡ ਨੂੰ ਵਿਆਪਕ ਰੂਪ ਵਿਚ ਫੈਲਾਉਣ ਲਈ ਉਤਸ਼ਾਹਿਤ ਕਰਨ ਵਿਚ ਉਥੋਂ ਦੇ ਸਕੂਲਾਂ ਦੀ ਮਹੱਤਵਪੂਰਨ ਭੂਮਿਕਾ ਹੈ। ਦੱਖਣੀ ਕੋਰੀਆ ਨੂੰ ਹਾਲ ਹੀ ਵਿਚ ਵਿਸ਼ਵ ਈ–ਸਰਕਾਰ ਵਿਕਾਸ ਸੂਚਕ ਅੰਕ ਬਾਰੇ ਸੰਯੁਕਤ ਰਾਸ਼ਟਰ ਵਲੋਂ ਕੀਤੇ ਅਧਿਐਨ ਵਿਚ ਅੱਵਲ ਨੰਬਰ 'ਤੇ ਰੱਖਿਆ ਗਿਆ ਹੈ। ਬ੍ਰਾਡਬੈਂਡ ਸੰਪਰਕ ਈ–ਕਿਤਾਬਾਂ ਦੀ ਉਪਲਬਧਤਾ ਅਤੇ ਵਰਤੋਂ ਸੂਚਨਾ ਅਤੇ ਦੂਰਸੰਚਾਰ ਤਕਨਾਲੋਜੀ ਮੁਹਾਰਤਾਂ ਨੂੰ ਸਕੂਲ ਪੱਧਰ 'ਤੇ ਮੁਹੱਈਆ ਕਰਾਉਣ ਦਾ ਵੱਡਾ ਲਾਭ ਹੋਵੇਗਾ ਕਿਉਂਕਿ ਅਜਿਹਾ ਕਰਨ ਨਾਲ ਭਾਰਤੀ ਬੱਚੇ ਡਿਜ਼ਿਟਲ ਸਾਖਰਤਾ ਨਾਲ ਭਰਪੂਰ ਨਾਗਰਿਕ ਹੋਣ ਦਾ ਮੌਕਾ ਲੈਣਗੇ ਅਤੇ ਜਿਸ ਨਾਲ ਅਗਲੇ 20 ਸਾਲਾਂ ਦੇ ਅੰਦਰ–ਅੰਦਰ ਡਿਜ਼ਿਟਲ ਪਾੜਾ ਖਤਮ ਕਰਨ ਵਿਚ ਮਦਦ ਮਿਲੇਗੀ।

ਉਪਲਬਧ ਸੂਚਨਾ ਦੇ ਆਧਾਰ 'ਤੇ ਡੀ ਆਈ ਪੀ ਵਲੋਂ ਵੱਖ–ਵੱਖ ਤੱਤਾਂ ਦੇ ਪੂਰਾ ਹੋਣ 'ਤੇ ਉਨ੍ਹਾਂ ਦੇ ਜਾਇਜ਼ੇ ਦੇ ਪੱਖ ਵੱਲ ਪੂਰਾ ਧਿਆਨ ਨਹੀਂ ਦਿਤਾ ਗਿਆ। ਦਿਵੇਦੀ (2013, ਬੀ, ਪੰਨਾ–23) ਦਾ ਮੱਤ ਹੈ ਇਹ ਜਾਇਜ਼ਾ ਲਿਆ ਜਾਣਾ ਲਾਜ਼ਮੀ ਹੈ ਕਿ ਕੀ ਸੰਭਾਵੀ ਟੀਚਾ ਹਾਸਲ ਕੀਤਾ ਜਾ ਰਿਹਾ ਹੈ ਅਤੇ ਕੀ ਅਜਿਹੇ ਕੁਝ ਸਬਕ ਵੀ ਹਨ ਜੋ ਕਿ ਭਵਿੱਖ ਦੀਆਂ ਇਲੈਕਟ੍ਰਾਨਿਕ ਸੇਵਾਵਾਂ ਦੇ ਵਿਕਾਸ ਵੇਲੇ ਧਿਆਨ ਵਿਚ ਰੱਖੇ ਜਾਣ? ਢੁਕਵੇਂ ਜਾਇਜ਼ੇ ਦੀ ਗ਼ੈਰ–ਮੌਜੂਦਗੀ ਵਿਚ ਇਕੋ ਤਰ੍ਹਾਂ ਦੀਆਂ ਗਲਤੀਆਂ ਦੁਹਰਾਈਆਂ ਜਾ ਸਕਦੀਆਂ ਹਨ। ਭਾਰਤ ਵਰਗੇ ਹਰ ਪੱਧਰ 'ਤੇ ਭ੍ਰਿਸ਼ਟਾਚਾਰ ਦੇ ਸ਼ਿਕਾਰ ਦੇਸ਼ ਵਿਚ ਵੱਖ–ਵੱਖ ਸਕੀਮਾਂ ਦੀ ਤੀਜੀ ਧਿਰ ਤੋਂ ਨਿਗਰਾਨੀ ਬਹੁਤ ਜ਼ਰੂਰੀ ਹੈ ਤਾਂ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਸਕੇ ਕਿ ਡਿਜ਼ਿਟਲ ਭਾਰਤ ਪ੍ਰੋਗਰਾਮ ਸਹੀ ਦਿਸ਼ਾ ਵੱਲ ਵਧ ਰਿਹਾ ਹੈ। ਤੀਜੀ ਧਿਰ ਤੋਂ ਇਥੇ ਭਾਵ ਭਾਰਤ ਅਤੇ ਵਿਦੇਸ਼ਾਂ ਦੇ ਉੱਚ ਵਿੱਦਿਅਕ ਅਦਾਰਿਆਂ ਦੇ ਖੋਜੀ ਵਿਦਵਾਨ ਤੇ ਅਧਿਆਪਕ ਹਨ ਜੋ ਤਕਨੀਕੀ ਮੁਹਾਰਤ ਅਤੇ ਸਿਲਸਿਲੇਬਧ ਢੰਗ ਨਾਲ ਇਹ ਕੰਮ ਕਰ ਸਕਦੇ ਹਨ। ਮੌਜੂਦਾ ਰੂਪ 'ਚ ਇਸ ਪ੍ਰੋਗਰਾਮ ਵਿਚ ਇਸ ਨੁਕਤੇ ਵੱਲ ਕੋਈ ਸੰਕੇਤ ਨਹੀਂ ਦਿਤਾ ਗਿਆ।

ਡੀ ਆਈ ਪੀ ਤਹਿਤ ਤਕਨਾਲੋਜੀ, ਵਪਾਰ ਅਤੇ ਪ੍ਰਬੰਧਨ, ਸਮਾਜਿਕ ਵਿਗਿਆਨ ਜਿਹੇ ਵੱਖ–ਵੱਖ ਵਿਸ਼ਿਆਂ ਦੇ ਸੀਨੀਅਰ ਖੋਜ–ਕਰਤਾਵਾਂ ਨੂੰ ਨਵੇਕਲਾ ਅਤੇ ਸੁਖਾਵਾਂ ਮਾਹੌਲ ਦੇ ਕੇ ਅੰਤਰ–

ਬਾਕੀ ਸਫ਼ਾ 32 ਉੱਤੇ

**ਚਿੱਤਰ–2**



# ਚੰਗੇ ਪ੍ਰਸ਼ਾਸਨ ਲਈ ਮੌਜੂਦਾ ਸੂਚਨਾ ਤਕਨਾਲੋਜੀ

ਐੱਮ ਰਾਜੇਂਦਰਨ

ਵਿਸ਼ਵ ਦੀਆਂ ਸਮੁੱਚੀਆਂ ਸਰਕਾਰਾਂ ਨੂੰ ਆਪਣੇ ਨਾਗਰਿਕਾਂ ਨਾਲ ਸੰਪਰਕ ਬਣਾਉਣਾ ਲਾਜ਼ਮੀ ਹੈ। ਕੁਸ਼ਲ ਅਤੇ ਪ੍ਰਭਾਵੀ ਸੰਚਾਰ ਕਿਸੇ ਵੀ ਸਰਕਾਰ ਲਈ ਚੰਗੇ ਸ਼ਾਸਨ ਨੂੰ ਪ੍ਰਾਪਤ ਕਰਨ ਲਈ ਵਾਹਨ ਦੇ ਤੌਰ ਤੇ ਇਕ ਕੁੰਜੀ ਹੈ ਅਤੇ ਰਹੇਗੀ। ਪਹਿਲਾਂ ਸਰਕਾਰਾਂ ਲੋਕਾਂ ਤਕ ਸੂਚਨਾ ਪਹੁੰਚਾਉਣ ਲਈ ਢੋਲਾਂ ਦੀ ਵਰਤੋਂ ਕਰਦੀਆਂ ਸਨ ਤੇ ਉਨ੍ਹਾਂ ਦੀ ਥਾਂ ਹੁਣ ਇੰਟਰਨੈੱਟ ਅਤੇ ਡਾਟਾ ਨੇ ਲੈ ਲਈ ਹੈ। ਇੰਟਰਨੈੱਟ ਅਤੇ ਸੂਚਨਾ ਤਕਨਾਲੋਜੀ ਦੀ ਤਾਕਤ ਨੇ ਮਿੱਥੇ ਸਮੂਹ ਨੂੰ ਜਾਣਕਾਰੀ ਪਹੁੰਚਾਉਣ ਲਈ ਸੰਚਾਰ ਦੀ ਗਤੀ ਨੂੰ ਤੇਜ਼ ਕਰਨ ਵਿਚ ਮਦਦ ਕੀਤੀ ਹੈ।

ਸੂਚਨਾ ਤਕਨਾਲੋਜੀ ਨੂੰ ਯਕੀਨੀ ਬਣਾਇਆ ਗਿਆ ਹੈ ਤਾਂ ਕਿ ਸਰਕਾਰ ਵਲੋਂ ਲਏ ਗਏ ਨੀਤੀ ਫ਼ੈਸਲਿਆਂ ਨੂੰ ਦੇਸ਼ ਦੇ ਹਰ ਕੋਨੇ ਵਿਚ ਜਲਦੀ ਨਾਲ ਫ਼ੈਲਾਇਆ ਅਤੇ ਲਾਗੂ ਕੀਤਾ ਜਾਵੇ। ਇਸ ਲਈ ਪਾਰਦਰਸ਼ਿਤਾ ਜਵਾਬਦੇਹੀ ਨੂੰ ਵੀ ਯਕੀਨੀ ਬਣਾਇਆ ਹੈ ਤਾਂ ਕਿ ਨਾਗਰਿਕਾਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਪ੍ਰਤਿ ਸਰਕਾਰ ਛੇਤੀ ਅਤੇ ਪ੍ਰਭਾਵੀ ਜਵਾਬ ਯਕੀਨੀ ਬਣਾ ਸਕੇ। ਸ਼ਾਸਨ ਦੇ ਸੁਧਾਰ ਵਿਚ ਸੂਚਨਾ ਤਕਨਾਲੋਜੀ ਦੀ ਭੂਮਿਕਾ ਦਾ ਮੁੱਲਿੰਕਣ, ਤਾਕਤ, ਕਮਜ਼ੋਰੀ, ਮੌਕੇ ਅਤੇ ਲਾਭ ਉੱਤੇ ਰੋਸ਼ਨੀ ਪਾਉਣਾ ਚੰਗੇ ਸ਼ਾਸਨ ਤੋਂ ਨਾਗਰਿਕਾਂ ਦੀ ਖ਼ੁਸ਼ੀ ਇਹ ਵੀ ਇਸ਼ਾਰਾ ਕਰਦੀ ਹੈ ਕਿ ਭਾਰਤ ਅਜਿਹਾ ਦੇਸ਼ ਹੈ ਜਿਸ ਨੇ ਚੰਗਾ ਸ਼ਾਸਨ ਹਾਸਲ ਕਰਨ ਵਿਚ ਸੂਚਨਾ ਤਕਨਾਲੋਜੀ ਦੀ ਸ਼ਕਤੀ ਤੋਂ ਅਜੇ ਤਕ ਪੂਰਾ ਲਾਭ ਨਹੀਂ ਲਿਆ ਹੈ। ਸਫਲਤਾ ਦੇ ਸਿਰਫ਼ ਟਾਪੂ ਦਿਖਾਈ ਦੇ ਰਹੇ ਹਨ।

ਸਫਲਤਾ ਦੀਆਂ ਕਹਾਣੀਆਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਉਨ੍ਹਾਂ ਵਿਚੋਂ ਹਰੇਕ ਦੀ ਭਾਰੀ ਸਮਰੱਥਾ ਹੈ। ਚੰਗੇ ਪ੍ਰਸ਼ਾਸਨ ਨੂੰ ਰਾਜ ਅਤੇ ਦੇਸ਼ ਭਰ ਵਿਚ ਵੱਡੇ ਪੈਮਾਨੇ ਉਤੇ ਲਾਗੂ ਕੀਤਾ ਜਾ ਰਿਹਾ ਹੈ।

ਛੱਤੀਸਗੜ੍ਹ ਸਰਕਾਰ ਦੀ ਉਦਾਹਰਣ ਲੈਂਦਿਆਂ ਜਿਸ ਨੇ ਜਨਤਕ ਵੰਡ ਪ੍ਰਣਾਲੀ ਵਿਚ ਸੁਧਾਰ ਕਰਨ ਲਈ ਆਈ ਸੀ ਟੀ ਆਧਾਰਿਤ ਮੋਡੀਊਲ ਵਰਤਿਆ ਹੈ। ਉਸ ਨੇ ਪਾਰਦਰਸ਼ੀ ਅਤੇ ਜਵਾਬ-ਦੇਹੀ ਵਾਲੀ ਡਿਲੀਵਰੀ ਪ੍ਰਣਾਲੀ ਨੂੰ ਵੀ ਯਕੀਨੀ ਬਣਾਇਆ ਹੈ। ਜਨਤਕ ਵੰਡ ਪ੍ਰਣਾਲੀ ਵਿਚ ਚੂਨੇ ਨੂੰ ਪੂਰਾ ਕਰਨ ਲਈ 2007 ਵਿਚ ਸੂਚਨਾ ਤਕਨਾਲੋਜੀ ਦਾ ਹੱਲ ਲਾਗੂ ਕੀਤਾ ਗਿਆ ਹੈ। ਸਕੀਮ ਦੇ ਹਰ ਪੱਧਰ ਉਤੇ ਕਾਰਵਾਈ, ਉਤਪਾਦ ਦੀ ਖਰੀਦ ਤੋਂ, ਰਾਜ ਗੋਦਾਮ ਤੋਂ ਢੋ-ਢੁਆਈ, ਵਾਜਬ ਕੀਮਤਾਂ ਵਾਲੀਆਂ ਦੁਕਾਨਾਂ ਤਕ ਕੰਪਿਊਟਰੀਕਰਨ ਕੀਤਾ ਗਿਆ ਹੈ।

ਰੀਅਲ ਟਾਈਮ ਵਿਚ ਵੈੱਬ ਉਤੇ ਅਪਲੋਡ ਕੀਤੀਆਂ ਰਿਪੋਰਟਾਂ ਰਾਹੀਂ ਹਰ ਪੱਧਰ ਉਤੇ ਓਪਰੇਸ਼ਨਾਂ ਦੀ ਲਗਾਤਾਰ ਨਿਗਰਾਨੀ ਹੁੰਦੀ ਹੈ। ਵੈੱਬ ਪ੍ਰਬੰਧਨ ਕਾਰਵਾਈ ਵਿਚ ਸੁਧਾਰ ਕਰਨ ਲਈ ਜਵਾਬਦੇਹੀ ਦੀ ਅਗਵਾਈ ਕਰਦਾ ਹੈ।

ਆਨਲਾਈਨ ਪਲੇਟਫਾਰਮ ਵੱਡੀ ਕੁਸ਼ਲਤਾ ਨਾਲ ਪਦਾਰਥ ਵਰਤਣ ਵਿਚ ਮਦਦ ਕਰਦਾ ਹੈ। ਜੋ ਕਿ ਫ਼ੈਸਲੇ ਲੈਣ ਵਾਲਿਆਂ ਲਈ ਵਸਤੂ ਸਟਾਕ ਦਾ ਇਕ ਖਾਤਾ ਮੁਹੱਈਆ ਕਰਦਾ ਹੈ।

ਛੱਤੀਸਗੜ੍ਹ ਵਿਚ ਜਨਤਕ ਵੰਡ ਪ੍ਰਣਾਲੀ ਦੀ ਇਕ ਵਿਲੱਖਣ ਵਿਸ਼ੇਸ਼ਤਾ ਨਵੀਨਕਾਰੀ ਨਾਗਰਿਕ ਇੰਟਰਫੇਸ ਪੋਰਟਲ ਹੈ ਜਿਸ ਰਾਹੀਂ ਨਾਗਰਿਕ ਆਪਣੀ ਸ਼ਿਕਾਇਤ ਦਰਜ ਕਰਾਉਂਦੇ ਹਨ ਅਤੇ ਜਨਤਕ ਵੰਡ ਪ੍ਰਣਾਲੀ ਦੇ ਪਦਾਰਥਾਂ ਦੇ ਅੰਦੋਲਨ ਨੂੰ ਟਰੈਕ ਕਰ ਸਕਦੇ ਹਨ।

ਛੱਤੀਸਗੜ੍ਹ ਵਿਚ ਵਰਤਿਆ ਜਾਣ ਵਾਲਾ ਸੂਚਨਾ ਸੰਚਾਰ ਤਕਨਾਲੋਜੀ ਹੱਲ ਬਹੁਤ ਹੀ ਵਧੀਆ ਨਤੀਜੇ ਦਿਖਾ ਰਿਹਾ ਹੈ। ਓਡੀਸ਼ਾ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਨੇ ਵੀ ਇਸ ਤਰ੍ਹਾਂ ਦੀ ਪ੍ਰਕਿਰਿਆ ਦੀ ਭੂਮਿਕਾ ਵਿਚ ਦਿਲਚਸਪੀ ਦਿਖਾਈ ਹੈ।

ਕਰਨਾਟਕ ਰਾਜ ਸਰਕਾਰ ਨੇ ਭੂਮੀ ਰਿਕਾਰਡ ਪ੍ਰਾਪਤ ਕਰਨ ਵਿਚ ਭ੍ਰਿਸ਼ਟਾਚਾਰ ਨੂੰ ਸਫਲਤਾ ਪੂਰਵਕ ਖਤਮ ਕੀਤਾ ਹੈ। ਕਰਨਾਟਕ ਸਰਕਾਰ ਵਲੋਂ ਭੂਮੀ ਰਿਕਾਰਡ ਦਾ ਕੰਪਿਊਟਰੀਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। 1999 ਵਿਚ ਸ਼ੁਰੂ ਕੀਤੇ ਗਏ ਪ੍ਰੋਜੈਕਟ 'ਤੇ ਕੰਮ ਨਾਲ ਸਾਲ 2001 ਵਿਚ ਨਾਗਰਿਕਾਂ ਨੂੰ ਪਹਿਲੀ ਵਾਰ ਆਨ ਲਾਈਨ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਅਤੇ 2006 ਵਿਚ ਪ੍ਰੋਜੈਕਟ ਭੂਮੀ ਦੇ ਦੂਜੇ ਸੰਬੰਧਿਤਾਂ ਨੇ ਨਾ ਸਿਰਫ਼ ਸੇਵਾਵਾਂ ਹੀ ਪ੍ਰਾਪਤ ਕੀਤੀਆਂ ਸਗੋਂ ਅਹਿਮ ਤਰੱਕੀ ਵੀ ਕੀਤੀ ਹੈ। ਮੌਜੂਦਾ ਸਮੇਂ ਵਿਚ ਭੂਮੀ ਪ੍ਰੋਗਰਾਮ ਹੇਠ ਢਾਈ ਕਰੋੜ ਜਾਇਦਾਦ ਰਿਕਾਰਡ ਹਰ ਸਾਲ ਨਾਗਰਿਕਾਂ ਨੂੰ ਜਾਰੀ ਕੀਤਾ ਜਾ ਰਿਹਾ ਹੈ।

ਰਿਕਾਰਡ ਦਾ ਹੱਕ ਹੁਣ ਕਿਸਾਨਾਂ ਦੇ ਦਰਵਾਜ਼ਿਆਂ ਉਤੇ ਉਪਲਬਧ ਕਰਵਾਉਣ ਲਈ 800 ਟੈਲੀ ਕੇਂਦਰ ਹਨ। ਇਸ ਤੋਂ ਇਲਾਵਾ ਤਹਿਸੀਲ ਪੱਧਰ ਉਤੇ ਕਈ ਕੇਂਦਰ ਹਨ। ਕਾਰਜ ਨੂੰ ਹੁਣ ਉਪ ਤਾਲੁਕਾ ਪੱਧਰ ਇਕਾਈ ਤੋਂ ਇਕ ਇਕਾਈ ਦੇ ਤੌਰ ਤੇ ਪਿੰਡ ਲਈ ਵਿਕਸਤ ਕੀਤਾ ਗਿਆ ਹੈ।

ਇਸੇ ਤਰ੍ਹਾਂ, ਗੁਜਰਾਤ ਸਰਕਾਰ ਦੀ ਈ-ਧਾਰਾ ਭੌਂ-ਰਿਕਾਰਡ ਦੀ ਕੰਪਿਊਟਰੀਕਰਨ ਪ੍ਰਣਾਲੀ ਨੂੰ ਬਹੁਤ ਸਫਲਤਾ ਪ੍ਰਾਪਤ ਹੋਈ ਹੈ। ਗੁਜਰਾਤ ਰਾਜ ਵਲੋਂ 26 ਜ਼ਿਲ੍ਹਿਆਂ ਦੇ ਸਾਰੇ 225 ਤਾਲੁਕਾ ਨੂੰ ਨੈੱਟਵਰਕ ਨਾਲ ਜੋੜਿਆ ਗਿਆ ਹੈ। ਪਿਛਲੇ ਅਨੁਮਾਨਾਂ ਅਨੁਸਾਰ ਈ-ਧਾਰਾ ਭੌਂ-ਰਿਕਾਰਡ 1 ਕਰੋੜ 58 ਲੱਖ ਤੋਂ ਵਧ ਕੇ 3 ਕਰੋੜ ਤੋਂ ਵੱਧ

ਹਰੇਕ ਸਾਲ ਜਾਰੀ ਕੀਤਾ ਜਾਂਦਾ ਹੈ।

2007-08 ਵਿਚ ਗ੍ਰਾਮ ਪੰਚਾਇਤਾਂ ਉਤੇ ਈ-ਗ੍ਰਾਮ ਕੇਂਦਰਾਂ ਤੋਂ ਭੌਂ-ਰਿਕਾਰਡ ਉਪਲਬਧ ਕਰਾਉਣਾ ਸ਼ੁਰੂ ਕੀਤਾ ਗਿਆ ਤਾਂ ਕਿ ਲੋਕਾਂ ਨੂੰ ਤਾਲੁਕਾ ਨਾ ਜਾਣਾ ਪਵੇ। ਸਾਰੇ 227 ਭੌਂ-ਰਿਕਾਰਡ ਡਾਟਾਬੇਸ ਨੂੰ ਕੇਂਦਰੀਕਰਨ ਰਾਹੀਂ 2010 ਵਿਚ ਅਮਲ ਵਿਚ ਲਿਆਂਦਾ ਗਿਆ। ਭੌਂ-ਰਿਕਾਰਡ ਹੁਣ ਕਿਤਿਓਂ ਵੀ ਪ੍ਰਦਾਨ ਕੀਤਾ ਜਾ ਸਕਦਾ ਹੈ। 2011 ਵਿਚ ਸਾਰੇ ਲੈਣ-ਦੇਣ ਨੂੰ ਇਕ ਕੇਂਦਰੀ ਸਰਵਰ ਤੋਂ ਸਾਰੇ 227 ਈ-ਧਾਰਾ ਕੇਂਦਰਾਂ ਤੋਂ ਲਿਆਂਦੇ ਗਏ ਡਾਟਾ ਨੂੰ ਕੇਂਦਰੀਕਰਨ ਕੀਤਾ ਗਿਆ ਸੀ। ਇਸ ਨਾਲ ਸਾਰੇ ਡਾਟਾ 'ਤੇ ਕੇਂਦਰੀ ਨਿਯੰਤ੍ਰਣ ਵਧਿਆ। ਪ੍ਰੋਜੈਕਟ ਨੂੰ ਈ-ਜ਼ਾਮਨੀ ਪ੍ਰਣਾਲੀ ਤੋਂ ਭੌਂ-ਰਿਕਾਰਡ ਕਾਪੀਆਂ ਜਾਰੀ ਕਰਨ ਦੀ ਫੀਸ ਤੋਂ 2 ਕਰੋੜ ਰੁਪਏ ਪ੍ਰਤਿ ਮਹੀਨਾ ਵਿੱਤੀ ਸਵੈ ਟਿਕਾਊ ਵੀ ਹਾਸਲ ਹੋਈ।

ਉਪਰ ਦਿਤੇ ਗਏ ਤਿੰਨੋਂ ਮਾਮਲੇ ਦਰਸਾਉਂਦੇ ਹਨ ਕਿ ਆਈ ਟੀ ਦੀ ਮਦਦ ਨਾਲ ਕਿਸ ਤਰ੍ਹਾਂ ਚੰਗਾ ਸ਼ਾਸਨ ਪ੍ਰਾਪਤ ਕੀਤਾ ਜਾ ਸਕਦਾ ਹੈ। ਕਈ ਸਰਕਾਰੀ ਸੇਵਾਵਾਂ ਜੋ ਭ੍ਰਿਸ਼ਟਾਚਾਰ ਦੇ ਚਲਦਿਆਂ ਲੋਕਾਂ ਦੀ ਪਹੁੰਚ ਤੋਂ ਬਾਹਰ ਸਨ ਅੱਜ ਸੂਚਨਾ ਤਕਨਾਲੋਜੀ ਦੀ ਮਦਦ ਨਾਲ ਸਹੀ ਸੰਚਾਲਿਤ ਹਨ, ਜਿਸ ਵਿਚ ਪਾਸਪੋਰਟ ਤੋਂ ਡ੍ਰਾਇਵਿੰਗ ਲਾਇਸੰਸ ਤਕ ਮੁੱਖ ਪ੍ਰੋਜੈਕਟ ਸ਼ਾਮਿਲ ਸਨ। ਰੇਲਵੇ ਟਿਕਟ ਦੀ ਬੁਕਿੰਗ ਕਰਾਉਣ ਲਈ ਸੂਚਨਾ ਤਕਨਾਲੋਜੀ ਦੇ ਇਸਤੇਮਾਲ ਨਾਲ ਟਿਕਟ ਰਿਜ਼ਰਵੇਸ਼ਨ ਵਿਚ ਪਾਰਦਰਸ਼ਤਾ ਆਈ ਹੈ। ਇਸ ਨਾਲ ਮੁਸਾਫ਼ਰਾਂ ਨੂੰ ਆਰਾਮ ਮਿਲਿਆ ਹੈ।

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵਲੋਂ 15 ਅਗਸਤ ਨੂੰ ਲਾਲ ਕਿਲੇ ਤੋਂ ਦਿਤੇ ਗਏ ਭਾਸ਼ਣ ਵਿਚ ਕਿਹਾ ਗਿਆ ਸੀ ਕਿ ਈ-ਗਵਰਨੈਂਸ ਦਾ ਮਤਲਬ ਸੌਖਾਲਾ ਸ਼ਾਸਨ, ਪ੍ਰਭਾਵੀ ਸ਼ਾਸਨ ਅਤੇ ਵਿੱਤੀ ਸ਼ਾਸਨ ਹੈ। ਚੰਗੇ ਸ਼ਾਸਨ ਲਈ ਈ-ਗਵਰਨੈਂਸ ਮਾਰਗ ਹੈ।

ਚੰਗਾ ਸ਼ਾਸਨ ਕਿਸੇ ਰਾਜਨੀਤਕ ਦਲ, ਜਾਂ ਰਾਜ ਨੇਤਾ ਜਾਂ ਕਿਸੇ ਇਕ ਰਾਜ ਦਾ ਵਿਸ਼ੇਸ਼ ਏਜੰਡਾ ਨਹੀਂ ਹੈ। ਇਕੋ ਤਰੀਕਾ ਹੈ ਸ਼ਾਸਨ ਪ੍ਰਦਾਨ ਕਰਨ ਲਈ ਹਰ ਵਿਅਕਤੀ ਜ਼ਿੰਮੇਵਾਰ ਹੋਵੇਗਾ। ਲੋਕਾਂ ਨੂੰ ਭਰੋਸਾ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਨੁਮਾਇੰਦਾ ਚੁਣਿਆ ਹੈ। ਉਹ ਯੋਗਤਾ ਨਾਲ ਨੀਤੀਆਂ ਤਿਆਰ ਕਰਨ ਅਤੇ ਲਾਗੂ ਕਰਨ। ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਜੋ ਬਦਲਾਅ ਅਸੀਂ ਦੇਖਣਾ ਚਾਹੁੰਦੇ ਹਾਂ ਉਸ ਲਈ ਸਾਨੂੰ ਖੁਦ ਵਿਚ ਬਦਲਾਅ ਲਿਆਉਣਾ ਹੋਵੇਗਾ। ਇਹ ਉਨ੍ਹਾਂ ਸਾਰੇ ਲੋਕਾਂ ਲਈ ਸੁਨੇਹਾ ਹੈ ਜੋ ਚੰਗੇ ਸ਼ਾਸਨ ਨੂੰ ਹਾਸਲ ਕਰਨ ਲਈ ਚਾਹਵਾਨ ਹਨ।

ਸੂਚਨਾ ਤਕਨਾਲੋਜੀ ਨੀਤੀ ਨਿਰਮਾਤਾਵਾਂ ਅਤੇ ਉਨ੍ਹਾਂ ਦਾ ਸੰਚਾਲਨ ਕਰਨ ਵਾਲਿਆਂ ਲਈ ਅੱਜ ਦੇ ਯੁਗ ਦਾ ਇਕ ਸ਼ਕਤੀਸ਼ਾਲੀ ਉਪਕਰਣ ਹੈ। ਇਸ ਦਾ ਇਸਤੇਮਾਲ ਸ਼ਾਸਨ ਲਈ ਕਰਨ ਦੇ ਬਹੁਤ ਮੌਕੇ ਹਨ, ਨਾਲ ਹੀ ਇਸ ਨੂੰ ਖੋਹਣ ਦਾ ਖ਼ਤਰਾ ਵੀ। ਮੋਬਾਇਲ ਡਿਵਾਸਿਸ, ਬ੍ਰਾਡਬੈਂਡ ਨਵੀਆਂ ਅਪਰੇਟਿੰਗ ਪ੍ਰਣਾਲੀਆਂ ਅਤੇ ਦੇਸੀ ਉਪਕਰਨਾਂ ਦੀ ਵਧਦੀ ਗਿਣਤੀ ਵਿਚ ਇਹ ਇਕ ਰੌਚਕ ਯਾਤਰਾ ਹੋਵੇਗੀ। ਉਨ੍ਹਾਂ ਵਿਚ ਹਰੇਕ ਚੰਗਾ ਸ਼ਾਸਨ ਹਾਸਲ ਕਰਨ ਲਈ ਇਕ ਮੰਚ ਹੈ।

(ਪੀ.ਆਈ.ਬੀ., ਜਲੰਧਰ)

***ਸਫ਼ਾ 30 ਦੀ ਬਾਕੀ***

ਵਿਸ਼ਾ ਖੋਜ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ ਜਿਸ ਨਾਲ ਡੀ ਆਈ ਪੀ ਦੇ ਸਫਲ ਢੰਗ ਨਾਲ ਪੂਰਾ ਹੋਣ ਵਿਚ ਯੋਗਦਾਨ ਮਿਲਣ ਦੇ ਨਾਲ-ਨਾਲ ਅੰਤਰ-ਵਿਸ਼ਾ ਖੋਜ ਕਾਰਜਸ਼ਕਤੀ ਅਤੇ ਖੋਜ ਸਭਿਆਚਾਰ ਦੇ ਵਿਕਸਤ ਹੋਣ ਵਿਚ ਮਦਦ ਮਿਲੇਗੀ ਅਤੇ ਅਕਾਦਮਿਕ ਖੇਤਰ ਦੇ ਲੋਕ ਹੋਰ ਜਨਤਕ ਅਤੇ ਨਿੱਜੀ ਖੇਤਰ ਅਦਾਰਿਆਂ ਨਾਲ ਨੇੜਲੇ ਸੰਪਰਕ ਵਿਚ ਆਉਣਗੇ। ਇੰਝ, ਸਾਡਾ ਵਿਸ਼ਵਾਸ ਹੈ ਕਿ ਅਕਾਦਮਿਕ ਸ਼ਮੂਲੀਅਤ ਅਤੇ ਜਾਇਜ਼ਾ ਡੀ ਆਈ ਪੀ ਦਾ ਲਾਜ਼ਮੀ ਤੱਤ ਹੈ ਜੋ ਕਿ ਇਸ ਵੇਲੇ ਗ਼ੈਰ-ਮੌਜੂਦ ਹੈ।

ਹੁਣ ਅਸੀਂ ਭਾਰਤ ਦੀ ਰੂਪਾਂਤਰਣ ਯਾਤਰਾ ਉਪਰ ਅੰਤਿਮ ਵਿਚਾਰ ਪੇਸ਼ ਕਰਦੇ ਹਾਂ ਜਿਸ ਰਾਹੀਂ ਅੱਜ ਦਾ ਭਾਰਤ 2022 ਤਕ ਡਿਜ਼ਿਟਲ ਭਾਰਤ ਹੋਣ ਦੀ ਇੱਛਾ ਰੱਖਦਾ ਹੈ। ਭਾਰਤ ਸਰਕਾਰ ਵਲੋਂ ਤਿਆਰ ਕੀਤੇ ਗਏ ਇਸ ਪ੍ਰੋਗਰਾਮ ਦਾ ਰਾਹ ਸੌਖਾ ਨਜ਼ਰ ਆਉਂਦਾ ਹੈ ਪਰ ਇਹ ਬਿਲਕੁਲ ਸਿੱਧ-ਪੱਧਰਾ ਵੀ ਨਹੀਂ ਹੈ ਅਤੇ ਰੁਕਾਵਟਾਂ ਦਾ ਉਪਰ ਹਵਾਲਾ ਦਿਤਾ ਗਿਆ ਹੈ। ਰਾਸ਼ਟਰੀ ਸੂਚਨਾ ਕੇਂਦਰ ਡਿਜ਼ਿਟਲ ਭਾਰਤ ਅਮਲ ਦੇ ਰਾਹ ਵਿਚ ਆਉਣ ਵਾਲੀਆਂ ਇਨ੍ਹਾਂ ਔਕੜਾਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੈ। ਇਸ ਲਈ ਰਾਸ਼ਟਰੀ ਸੂਚਨਾ ਕੇਂਦਰ ਦਾ ਡਿਜ਼ਿਟਲ ਭਾਰਤ ਬਣਾਉਣ ਦੇ ਪੱਖ ਤੋਂ ਰੂਪਾਂਤਰਣ ਕੀਤਾ ਜਾਵੇ। ਇਹ ਜ਼ਰੂਰੀ ਹੈ ਕਿ ਡਿਜ਼ਿਟਲ ਭਾਰਤ ਯਾਤਰਾ ਦੌਰਾਨ ਨਾਗਰਿਕਾਂ ਨੂੰ ਲਗਾਤਾਰ ਸੰਪਰਕ ਵਿਚ ਰੱਖਿਆ ਜਾਵੇ, ਸਿਖਲਾਈ ਦਿਤੀ ਜਾਵੇ ਅਤੇ ਮੁਹਾਰਤਾਂ ਨਾਲ ਭਰਪੂਰ ਕੀਤਾ ਜਾਵੇ ਤਾਂ ਜੋ ਉਹ ਰੂਪਾਂਤਰਿਤ ਡਿਜ਼ਿਟਲ ਭਾਰਤ ਦੇ ਅਮਲ ਦੀ ਪ੍ਰਸ਼ੰਸਾ ਕਰਨ ਅਤੇ ਇਸ ਲਈ ਤਿਆਰ ਹੋਣ।

ਡਿਜ਼ਿਟਲ ਭਾਰਤ ਪ੍ਰੋਗਰਾਮ ਅਤੇ ਇਸ ਦੇ ਅਮਲੀਕਰਨ ਦੇ ਹਰ ਪੜਾਅ ਨਾਲ ਜੁੜੇ ਵੱਖ-ਵੱਖ ਪੱਖਾਂ ਵਿਚ ਵਿਕਾਸ ਲਾਗੂ ਕੀਤਾ ਜਾਣਾ ਅਤੇ ਪ੍ਰਵਾਨਗੀ ਸ਼ਾਮਿਲ ਹੈ, ਦੀ ਪੜਚੋਲ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਇਹ ਪ੍ਰੋਗਰਾਮ ਸਚਮੁਚ ਇਨਕਲਾਬੀ ਪਹਿਲ-ਕਦਮੀ ਹੈ।

ਤਕਰੀਬਨ ਪੂਰੀ ਵਸੋਂ ਨੂੰ ਸਿੱਖਿਅਤ ਕਰਨ ਅਤੇ ਡਿਜ਼ਿਟਲ ਮੁਹਾਰਤ ਉਪਲਬਧ ਕਰਾਉਣ ਨਾਲ ਨਾ ਕੇਵਲ ਡਿਜ਼ਿਟਲ ਸਗੋਂ ਸਮੁੱਚੀ ਸਮਾਜਿਕ ਸ਼ਮੂਲੀਅਤ ਦੀ ਵੀ ਸੰਭਾਵਨਾ ਬਣੇਗੀ ਜੋ ਕਿ ਕਿਸੇ ਵੀ ਰਾਸ਼ਟਰ ਦਾ ਟੀਚਾ ਹੁੰਦਾ ਹੈ। ਇੰਝ ਡੀ ਆਈ ਪੀ ਪੂਰੇ ਦੇਸ਼ ਦੇ ਪ੍ਰਸੰਗ ਵਿਚ ਵੱਡਾ ਮੌਕਾ ਉਪਲਬਧ ਕਰਾ ਰਿਹਾ ਹੈ। ਇਸ ਸੁਪਨੇ ਨੂੰ ਹਕੀਕਤ ਵਿਚ ਬਦਲੇ ਜਾਣ ਲਈ ਭਾਰਤੀ ਨਾਗਰਿਕਾਂ ਦੇ ਸਭਿਆਚਾਰਕ ਰੂਪਾਂਤਰਣ ਅਤੇ ਆਦਤਾਂ ਵਿਚ ਬਦਲਾਅ ਦੀ ਲੋੜ ਹੈ ਜੋ ਕਿ ਡਿਜ਼ਿਟਲ ਭਾਰਤ ਪ੍ਰੋਗਰਾਮ ਤਿਆਰ ਕਰਨ ਵਾਲਿਆਂ ਸਨਮੁੱਖ ਵੱਡੀ ਵੰਗਾਰ ਹੈ।

ਅਸੀਂ ਇਹ ਭਰੋਸੇ ਨਾਲ ਕਹਿ ਸਕਦੇ ਹਾਂ ਕਿ ਜੇ ਇਹ ਪ੍ਰੋਗਰਾਮ ਤੈਅ ਕੀਤੇ ਨਤੀਜੇ ਹਾਸਿਲ ਕਰਨ ਵਿਚ ਸਫਲ ਹੋ ਜਾਵੇ ਤਾਂ ਨਵੀਂ ਆਰਥਿਕਤਾ ਵਿਚ ਭਾਰਤ ਰਾਸ਼ਟਰੀ ਵਿਕਾਸ ਨੂੰ ਲਗਾਤਾਰ ਉਪਰ ਚੁੱਕਣ ਅਤੇ ਸਫਲ ਹੋਣ ਦੀ ਸਥਿਤੀ ਵਿਚ ਹੋਵੇਗਾ ਜੋ ਕਿ ਭਾਰਤ ਦੀ ਵਿਸ਼ਵ-ਮੁਕਾਬਲੇਬਾਜ਼ੀ ਵਿਚ ਆਪਣੀ ਸਥਿਤੀ ਬੇਹਤਰ ਕਰਨ ਲਈ ਜ਼ਰੂਰੀ ਹੈ। ਜਿਵੇਂ ਕਿ ਸ਼ਾਨਦਾਰ ਡਿਜ਼ਿਟਲ ਭਾਰਤ ਪ੍ਰੋਗਰਾਮ ਦਰਸਾਉਂਦਾ ਹੈ ਕਿ ਭਾਰਤ ਦਾ ਭਵਿੱਖ ਚੰਗੇਰਾ ਹੈ।

*(ਲੇਖਕ ਕ੍ਰਮਵਾਰ ਪ੍ਰੋਫ਼ੈਸਰ, ਡਿਜ਼ੀਟਲ ਐਂਡ ਸੋਸ਼ਲ ਮੀਡੀਆ, ਲੈਕਚਰਾਰ, ਸਕੂਲ ਆਫ਼ ਮੈਨੇਜਮੈਂਟ, ਪ੍ਰੋਫ਼ੈਸਰ, ਮਾਰਕਿਟਿੰਗ ਸਕੂਲ ਆਫ਼ ਮੈਨੇਜਮੈਂਟ, ਸਵੈਨਸੀ ਯੂਨੀਵਰਸਿਟੀ, ਯੂ.ਕੇ. ਅਤੇ ਸੀਨੀਅਰ ਲੈਕਚਰਾਰ, ਨੋਟਿੰਗਘਮ ਬਿਜ਼ਨਸ ਸਕੂਲ, ਟਰੈਂਟ ਯੂਨੀਵਰਸਿਟੀ ਯੂ.ਕੇ. ਹਨ।)*

*e-mail :y.k.dwivedi@swansea.ac.uk*

# ਆਬਕਾਰੀ ਨੀਤੀ ਦੇ ਉਦੇਸ਼ ਅਤੇ ਮਹੱਤਤਾ

ਸਰਬਜੀਤ ਸਿੰਘ ਛੀਨਾ

ਨਸ਼ੇ ਦੀਆਂ ਵਸਤੂਆਂ 'ਤੇ ਲਗਾਇਆ ਜਾਂਦਾ ਕਰ, ਵੇਖਣ ਵਿਚ ਪੈਸਾ ਕਮਾਉਣ ਦੀ ਕਾਰਵਾਈ ਲਗਦਾ ਹੈ ਅਤੇ ਇਸ ਦੀ ਇਹ ਕਹਿ ਕੇ ਆਲੋਚਨਾ ਕੀਤੀ ਜਾਂਦੀ ਹੈ ਕਿ ਨਸ਼ਿਆਂ ਨੂੰ ਪੂਰੀ ਤਰ੍ਹਾਂ ਬੰਦ ਕਰਨਾ ਚਾਹੀਦਾ ਹੈ ਅਤੇ ਨਸ਼ਿਆਂ 'ਤੇ ਕਰ ਲਗਾ ਕੇ ਆਮਦਨ ਇਕੱਠੀ ਕਰਨੀ ਸਮਾਜ ਦੇ ਹਿੱਤ ਦੀ ਗੱਲ ਨਹੀਂ। ਪਰ ਜਦੋਂ ਇਸ ਵਿਵਸਥਾ ਦੀ ਘੋਖ ਕੀਤੀ ਜਾਵੇ ਤਾਂ ਇਸ ਦੀ ਅਸਲ ਤੇ ਨਵੇਕਲੀ ਤਸਵੀਰ ਸਾਹਮਣੇ ਆਉਂਦੀ ਹੈ। ਭਾਰਤ ਵਿਚ ਆਬਕਾਰੀ ਰਾਜਾਂ ਦਾ ਵਿਸ਼ਾ ਹੈ, ਕੇਂਦਰੀ ਸਰਕਾਰ ਇਸ ਸੰਬੰਧੀ ਸਿਰਫ਼ ਦਿਸ਼ਾ ਨਿਰਦੇਸ਼ ਹੀ ਜਾਰੀ ਕਰ ਸਕਦੀ ਹੈ। ਰਾਜਾਂ ਦੀ ਆਬਕਾਰੀ ਨੀਤੀ, ਆਬਕਾਰੀ ਦੀਆਂ ਦਰਾਂ ਅਤੇ ਠੇਕਿਆਂ ਦੀ ਵਿਵਸਥਾ ਬਾਰੇ ਇਸ ਵਿਚ ਜ਼ਿਆਦਾ ਦਖ਼ਲ ਨਹੀਂ ਦੇ ਸਕਦੀ। ਭਾਵੇਂ ਕਿ ਰਾਜਾਂ ਦੀਆਂ ਆਬਕਾਰੀ ਨੀਤੀਆਂ ਵਿਚ ਜ਼ਿਆਦਾ ਫ਼ਰਕ ਨਹੀਂ। ਕਈ ਵਾਰ ਕਈ ਰਾਜਾਂ ਨੇ ਪੂਰਨ ਨਸ਼ਾਬੰਦੀ ਕੀਤੀ ਸੀ ਪਰ ਬਾਅਦ ਵਿਚ ਫਿਰ ਚਾਲੂ ਕਰ ਦਿਤੀ, ਇੰਝ ਉਨ੍ਹਾਂ ਕਾਰਨਾਂ ਦੇ ਜਾਣਨ ਦੀ ਵੀ ਲੋੜ ਹੈ ਕਿ ਪਹਿਲਾਂ ਨਸ਼ਾਬੰਦੀ ਕਰਨ ਅਤੇ ਬਾਅਦ ਵਿਚ ਆਬਕਾਰੀ ਦੇ ਤਹਿਤ ਨਸ਼ਿਆਂ ਦੀ ਖੁੱਲ੍ਹ ਦੇਣ ਦੀ ਕੀ ਲੋੜ ਸੀ? ਕਈ ਰਾਜਾਂ ਵਿਚ ਕੁਝ ਕੁ ਸ਼ਹਿਰਾਂ ਨੂੰ ਨਸ਼ਾ ਮੁਕਤ ਕੀਤਾ ਹੋਇਆ ਹੈ ਜਾਂ ਕੁਝ ਖੇਤਰਾਂ ਵਿਚ ਨਸ਼ੇ ਦੀ ਵਰਤੋਂ ਕਰਨ ਦੀ ਮਨਾਹੀ ਕੀਤੀ ਗਈ ਹੈ।

ਆਬਕਾਰੀ ਨੀਤੀ ਦੇ ਮੁੱਖ ਉਦੇਸ਼ ਹਨ, ਨਸ਼ਿਆਂ ਨੂੰ ਘੱਟੋ-ਘੱਟ ਕਰਨਾ ਅਤੇ ਆਮਦਨ ਨੂੰ ਵੱਧ ਤੋਂ ਵੱਧ ਕਰਨਾ। ਭਾਵੇਂ ਕਿ ਨਸ਼ਿਆਂ ਦੀ ਵਰਤੋਂ ਪੁਰਾਤਨ ਸਮਿਆਂ ਤੋਂ ਹੀ ਚਲ ਰਹੀ ਹੈ ਪਰ ਇਹ ਨਹੀਂ ਹੋ ਸਕਦਾ ਕਿ ਹਰ ਕਿਸਮ ਦਾ ਨਸ਼ਾ ਜਾਰੀ ਰਖਣ ਅਤੇ ਉਸ ਦੀ ਹਰ ਤਰ੍ਹਾਂ ਦੀ ਕਿਸਮ ਦੀ ਵਰਤੋਂ ਦੀ ਖੁੱਲ੍ਹ ਹੋਵੇ ਕਿਉਂਕਿ ਇਹ ਕਿਸੇ ਵੀ ਸਮਾਜ ਦੇ ਹਿਤ ਦੀ ਗੱਲ ਨਹੀਂ। ਇਸ ਲਈ ਸਰਕਾਰ ਵਲੋਂ ਇਸ 'ਤੇ ਕਾਬੂ ਪਾਉਣ ਲਈ ਆਬਕਾਰੀ ਵਿਭਾਗ ਨੂੰ ਗਤੀਸ਼ੀਲ ਕੀਤਾ ਜਾਂਦਾ ਹੈ ਜਿਸ ਵਿਚ ਸਿਰਫ਼ ਆਬਕਾਰੀ ਕਰ ਹੀ ਨਹੀਂ ਆਉਂਦੇ ਸਗੋਂ ਇਸ ਦੇ ਨਾਲ ਹੋਰ ਵਿਵਸਥਾ ਵੀ ਕੀਤੀ ਗਈ ਹੈ। ਨਸ਼ਿਆਂ ਦੀਆਂ ਕਿਸਮਾਂ, ਨਸ਼ਿਆਂ ਦੀ ਘਣਤਾ, ਉਨ੍ਹਾਂ ਦੀ ਵਰਤੋਂ ਦੀ ਜਗ੍ਹਾ ਅਤੇ ਸਮਾਂ, ਕੀਮਤ 'ਤੇ ਕਾਬੂ ਅਤੇ ਇਸ ਦੇ ਨਾਲ ਸਭ ਉਹ ਸੰਬੰਧਿਤ ਗੱਲਾਂ ਆਉਂਦੀਆਂ ਹਨ ਜੋ ਨਸ਼ਿਆਂ ਨੂੰ ਨਿਯਮਤ ਕਰਦੀਆਂ ਹਨ।

***ਪਿੱਛੇ ਜਿਹੇ ਵਿਸ਼ਵ ਸਿਹਤ ਸੰਸਥਾ ਨੇ ਇਕ ਰਿਪੋਰਟ ਦਿਤੀ ਸੀ ਕਿ ਅਲਕੋਹਲ ਨਾਲ ਵੀ ਉਨੀਆਂ ਹੀ ਮੌਤਾਂ ਹੋ ਜਾਂਦੀਆਂ ਹਨ ਜਿੰਨੀਆਂ ਖਸਰੇ ਅਤੇ ਮਲੇਰੀਏ ਨਾਲ ਹੁੰਦੀਆਂ ਹਨ। ਇਕ ਹੋਰ ਰਿਪੋਰਟ ਵਿਚ ਇਹ ਗੱਲ ਆਈ ਸੀ ਕਿ ਅਲਕੋਹਲ ਨਾਲ ਜ਼ਿੰਦਗੀ ਦੇ ਉਨੇ ਦਿਨ ਘਟਦੇ ਹਨ ਜਿੰਨੇ ਤੰਬਾਕੂ ਅਤੇ ਗ਼ੈਰ-ਕਾਨੂੰਨੀ ਦਵਾਈਆਂ ਨਾਲ।***

ਭਾਵੇਂ ਕਿ ਦਵਾਈਆਂ, ਨਸ਼ੇ ਦੇ ਟੀਕੇ, ਅਫੀਮ, ਪੋਸਤ, ਗਾਂਜਾ ਆਦਿ ਕਈ ਪ੍ਰਕਾਰ ਦੇ ਨਸ਼ੇ ਚਲਦੇ ਹਨ। ਭਾਰਤ ਵਿਚ ਮੁੱਖ ਤੌਰ ਤੇ ਸਿਰਫ਼ ਸ਼ਰਾਬ ਜਾਂ ਅਲਕੋਹਲ ਦੀ ਵਰਤੋਂ ਦੀ ਇਜਾਜ਼ਤ ਦਿਤੀ ਜਾਂਦੀ ਹੈ ਤੇ ਬਾਕੀ ਨਸ਼ਿਆਂ ਦੀ ਮਨਾਹੀ ਹੈ। ਸਗੋਂ ਅੱਜਕੱਲ੍ਹ ਬਾਕੀ ਹਰ ਤਰ੍ਹਾਂ ਦੇ ਨਸ਼ਿਆਂ ਲਈ ਸਖ਼ਤ ਸਜ਼ਾਵਾਂ ਦੀ ਵਿਵਸਥਾ ਵੀ ਕੀਤੀ ਗਈ ਹੈ ਤਾਂ ਕਿ ਉਨ੍ਹਾਂ ਦੀ ਵਰਤੋਂ ਨੂੰ ਬਿਲਕੁਲ ਹੀ ਬੰਦ ਕੀਤਾ ਜਾਵੇ।

ਸਾਧਾਰਨ ਮਨ ਵਿਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਹੋਰ ਕਿਸਮ ਦੇ ਨਸ਼ਿਆਂ ਦੀ ਮਨਾਹੀ ਕੀਤੀ ਜਾਂਦੀ ਹੈ ਤਾਂ ਫਿਰ ਉਹ ਕਿਹੜੀ ਵਜਹ ਹੈ ਜਿਸ ਕਰਕੇ ਸ਼ਰਾਬ ਜਾਂ ਅਲਕੋਹਲ ਦੀ ਮਨਾਹੀ ਨਹੀਂ ਕੀਤੀ ਜਾਂਦੀ ਅਤੇ ਫਿਰ ਇਹ ਸੰਦੇਹ ਪੈਦਾ ਹੁੰਦਾ ਹੈ ਕਿ ਇਸ ਦੀ ਵਰਤੋਂ ਨਾਲ ਆਬਕਾਰੀ ਕਰ ਲਾ ਕੇ ਸਿਰਫ਼ ਸਰਕਾਰ ਵਲੋਂ ਆਮਦਨ ਕਮਾਉਣ ਦਾ ਹੀ ਮੁੱਖ ਉਦੇਸ਼ ਹੈ। ਜੇ ਇਸ ਨੂੰ ਪੂਰੀ ਤਰ੍ਹਾਂ ਮਨ੍ਹਾ ਕਰ ਦਿਤਾ ਜਾਵੇ ਤਾਂ ਇਸ ਨਾਲ ਇਸ ਸਮੱਸਿਆ ਦਾ ਪੂਰਾ ਹੱਲ ਹੋ ਸਕਦਾ ਹੈ। ਪਰ ਇਥੇ ਅੱਜ ਦੇ ਸਮਾਜ ਦੀ ਪੂਰੀ ਤਸਵੀਰ ਸਾਹਮਣੇ ਨਹੀਂ ਲਿਆਂਦੀ ਜਾਂਦੀ। ਦੁਨੀਆਂ ਦੇ ਬਹੁਤੇ ਦੇਸ਼ਾਂ ਵਿਚ ਅਲਕੋਹਲ ਦੀ ਵਰਤੋਂ ਕਰਨ ਦੀ ਇਜਾਜ਼ਤ ਦਿਤੀ ਜਾਂਦੀ ਹੈ। ਭਾਰਤ ਵਿਚ ਲਗਾਤਾਰ ਬਹੁਤ ਵੱਡੀ ਗਿਣਤੀ ਵਿਚ ਉਨ੍ਹਾਂ ਦੇਸ਼ਾਂ ਦੇ ਯਾਤਰੀ ਸਫ਼ਰ ਕਰਦੇ ਹਨ। ਉਨ੍ਹਾਂ ਦੀ ਅਲਕੋਹਲ ਦੀ ਮੰਗ ਪੂਰੀ ਕਰਨ ਲਈ ਇਕ ਵੱਖਰੀ ਵਿਵਸਥਾ ਜਿਸ ਵਿਚ ਉਸ ਲਈ ਪਰਮਿਟ ਜਾਰੀ ਕਰਨ ਦੀ ਵਿਵਸਥਾ ਕਰਨੀ ਪਵੇਗੀ। ਕਿਉਂਕਿ ਅਲਕੋਹਲ ਦੀ ਵਿਦੇਸ਼ੀ ਯਾਤਰੀਆਂ ਲਈ ਉਨ੍ਹਾਂ ਦੇਸ਼ਾਂ ਵਿਚ ਵੀ ਵਿਵਸਥਾ ਕੀਤੀ ਜਾਂਦੀ ਹੈ ਜਿਨ੍ਹਾਂ ਵਿਚ ਪੂਰਨ ਤੌਰ ਤੇ ਅਲਕੋਹਲ ਦੀ ਵਰਤੋਂ ਦੀ ਮਨਾਹੀ ਹੈ। ਉਨ੍ਹਾਂ ਦੇਸ਼ਾਂ ਵਿਚ ਉਨ੍ਹਾਂ ਯਾਤਰੀਆਂ ਲਈ ਵਿਸ਼ੇਸ਼ ਪਰਮਿਟ ਜਾਰੀ ਕੀਤੇ ਜਾਂਦੇ ਹਨ। ਇਸ ਤਰ੍ਹਾਂ ਦੀ ਗੁੰਝਲਦਾਰ ਵਿਵਸਥਾ ਕੀ ਕੁਝ ਲੋਕਾਂ ਲਈ ਪਰਮਿਟ ਅਤੇ ਕੁਝ ਲਈ ਪੂਰਨ ਮਨਾਹੀ ਨੂੰ ਰੋਕਣ ਲਈ ਨਿਯਮਤ ਅਤੇ ਯੋਗ ਢੰਗ ਨਾਲ ਅਲਕੋਹਲ ਦੀ ਵਰਤੋਂ ਕਰਨ ਦੀ ਖੁੱਲ੍ਹ ਅੰਤਰਰਾਸ਼ਟਰੀ ਸਥਿਤੀ ਨੂੰ ਸਾਹਮਣੇ ਰਖ ਕੇ ਕੀਤੀ ਗਈ ਹੈ।

ਜਿਸ ਤਰ੍ਹਾਂ ਉਪਰ ਦੱਸਿਆ ਗਿਆ ਹੈ ਕਿ ਆਬਕਾਰੀ ਦਾ ਵਿਸ਼ਾ, ਰਾਜਾਂ ਦਾ ਵਿਸ਼ਾ ਹੈ, ਇਸ ਲਈ ਜੇ ਮਨਾਹੀ ਕੀਤੀ ਜਾਵੇ ਤਾਂ ਉਹ ਸਾਰੇ ਹੀ ਦੇਸ਼ ਵਿਚ ਮਨਾਹੀ ਹੋਵੇ ਨਹੀਂ ਤਾਂ ਇਸ ਤਰ੍ਹਾਂ

ਨਹੀਂ ਹੋ ਸਕਦਾ ਕਿ ਇਕ ਰਾਜ ਵਿਚ ਮਨਾਹੀ ਹੋਵੇ ਅਤੇ ਦੂਸਰੇ ਰਾਜ ਵਿਚ ਖੁੱਲ੍ਹ ਹੋਵੇ। ਇਸ ਨਾਲ ਤਸਕਰੀ ਦੀਆਂ ਕਾਰਵਾਈਆਂ ਹੋਣਗੀਆਂ। ਹਰਿਆਣਾ ਵਿਚ ਪੂਰਨ ਸ਼ਰਾਬਬੰਦੀ ਸੀ ਜਦ ਕਿ ਉਸ ਦੇ ਨਾਲ ਲਗਦੇ ਰਾਜਾਂ ਹਿਮਾਚਲ ਪ੍ਰਦੇਸ਼, ਪੰਜਾਬ, ਦਿੱਲੀ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਇਸ ਦੀ ਮਨਾਈ ਨਹੀਂ ਸੀ, ਇਸ ਕਰਕੇ ਉਨ੍ਹਾਂ ਰਾਜਾਂ ਵਿਚੋਂ ਸ਼ਰਾਬ ਹਰਿਆਣਾ ਵਿਚ ਆ ਕੇ ਵਿਕਦੀ ਰਹੀ ਜਿਸ ਕਰਕੇ ਇਕ ਤਾਂ ਸ਼ਰਾਬਬੰਦੀ ਦਾ ਕੋਈ ਪ੍ਰਭਾਵ ਨਾ ਪਿਆ ਅਤੇ ਦੂਸਰਾ ਸਰਕਾਰ ਦੀ ਆਮਦਨ ਘਟ ਗਈ ਅਤੇ ਇਸ ਦਾ ਸਭ ਤੋਂ ਮਾੜਾ ਪ੍ਰਭਾਵ ਇਹ ਵੀ ਪਿਆ ਕਿ ਸਰਕਾਰ ਦੇ ਪੁਲਿਸ ਅਤੇ ਮੁਕੱਦਮਾ ਚਲਾਉਣ ਵਾਲੇ ਵਿਭਾਗ ਨੂੰ ਗ਼ੈਰ-ਜ਼ਰੂਰੀ ਤੌਰ ਤੇ ਵੱਡੀ ਮਾਤਰਾ ਵਿਚ ਉਨ੍ਹਾਂ ਮਾਮਲਿਆਂ ਨਾਲ ਨਿਪਟਣਾ ਪਿਆ ਜਿਹੜੇ ਸ਼ਰਾਬ ਦੀ ਤਸਕਰੀ ਨਾਲ ਸੰਬੰਧਿਤ ਸਨ। ਇਸ ਦਾ ਇਕ ਹੋਰ ਪ੍ਰਭਾਵ ਇਹ ਵੇਖਣ ਵਿਚ ਆਇਆ ਕਿ ਲੋਕਾਂ ਵਲੋਂ ਗ਼ੈਰ-ਕਾਨੂੰਨੀ ਘਟੀਆ ਸ਼ਰਾਬ ਦੀ ਕਸ਼ੀਦਗੀ ਸ਼ੁਰੂ ਹੋ ਗਈ ਜਿਸ ਵਿਚ ਕਈ ਇਸ ਤਰ੍ਹਾਂ ਦੀ ਸ਼ਰਾਬ ਬਣਨੀ ਵੀ ਸਾਹਮਣੇ ਆਈ ਜਿਸ ਨੇ ਵੱਡੀ ਮਾਤਰਾ ਵਿਚ ਨੁਕਸਾਨ ਕੀਤਾ। ਇਸ ਦੇ ਨਾਲ ਹੀ ਸ਼ਰਾਬ ਦੀ ਮਨਾਹੀ ਹੋਣ ਨਾਲ ਨਸ਼ੇ ਦੀਆਂ ਹੋਰ ਕਿਸਮਾਂ ਦਵਾਈਆਂ, ਟੀਕੇ ਅਤੇ ਗ਼ੈਰ-ਕਾਨੂੰਨੀ ਨਸ਼ਿਆਂ ਦੀ ਵਰਤੋਂ ਵਧ ਗਈ। ਇਸ ਲਈ ਇਹ ਸੰਭਵ ਨਹੀਂ ਅਤੇ ਬਹੁਤ ਮੁਸ਼ਕਿਲ ਕਾਰਵਾਈ ਹੈ ਕਿ ਕੁਝ ਰਾਜਾਂ ਵਿਚ ਸ਼ਰਾਬ ਦੀ ਖੁੱਲ੍ਹ ਹੋਵੇ ਅਤੇ ਉਨ੍ਹਾਂ ਨਾਲ ਲਗਦੇ ਰਾਜਾਂ ਵਿਚ ਇਹ ਖੁੱਲ੍ਹ ਨਾ ਹੋਵੇ।

ਸਰਕਾਰ ਵਲੋਂ ਆਬਕਾਰੀ ਕਰ ਲਾ ਕੇ ਜਿਥੇ ਸ਼ਰਾਬ ਦੀ ਵਰਤੋਂ ਨੂੰ ਘੱਟ ਕੀਤਾ ਜਾਂਦਾ ਹੈ ਉਥੇ ਉਸ ਦੀ ਵਰਤੋਂ ਨੂੰ ਕਿਸੇ ਨਿਯਮਤ ਪ੍ਰਣਾਲੀ ਤਹਿਤ ਲਿਆਂਦਾ ਜਾਂਦਾ ਹੈ। ਆਬਕਾਰੀ ਨੀਤੀ ਦੇ ਤਹਿਤ ਸ਼ਰਾਬ ਦੀ ਘਣਤਾ ਜਾਂ ਉਸ ਦੇ ਪ੍ਰਭਾਵ ਨੂੰ, ਵਿਅਕਤੀ ਦੀ ਸਿਹਤ ਦੇ ਅਨੁਸਾਰ ਉਸ ਮਾਤਰਾ ਤਕ ਰਖਿਆ ਜਾਂਦਾ ਹੈ ਜਿਹੜਾ ਵਿਅਕਤੀ ਲਈ ਨੁਕਸਾਨਦੇਹ ਨਾ ਹੋਵੇ। ਅਲਕੋਹਲ ਦੀਆਂ ਹੋਰ ਕਿਸਮਾਂ ਜਿਵੇਂ ਬੀਅਰ, ਵਾਈਨ ਨੂੰ ਇਸ ਕਰਕੇ ਸਸਤਾ ਰਖਿਆ ਜਾਂਦਾ ਹੈ ਕਿਉਂਕਿ ਉਹ ਵਿਚ ਅਲਕੋਹਲ ਦੇ ਤੱਤ ਘੱਟ ਹੁੰਦੇ ਹਨ ਅਤੇ ਉਹ ਨੁਕਸਾਨਦੇਹ ਨਹੀਂ ਹੁੰਦੇ ਜਦ ਕਿ ਅਲਕੋਹਲ ਦੀਆਂ ਕੁਝ ਕਿਸਮਾਂ ਵਿਚ ਇਹ ਤੱਤ ਜ਼ਿਆਦਾ ਹੁੰਦੇ ਹਨ। ਅਲਕੋਹਲ ਦੀਆਂ ਵੱਖ-ਵੱਖ ਕਿਸਮਾਂ ਨੂੰ ਜਿਨ੍ਹਾਂ ਡਿਸਟਿਲਰੀਆਂ ਵਿਚ ਬਣਾਇਆ ਜਾਂਦਾ ਹੈ ਉਨ੍ਹਾਂ ਦੀ ਨਿਗਰਾਨੀ ਸਿਹਤ ਵਿਭਾਗ ਦੇ ਮਾਹਿਰਾਂ ਵਲੋਂ ਕੀਤੀ ਜਾਂਦੀ ਹੈ ਤਾਂ ਕਿ ਰਾਸ਼ਟਰੀ ਹਿੱਤ ਲਈ ਨੁਕਸਾਨਦੇਹ ਅਲਕੋਹਲ ਨੂੰ ਨਾ ਬਣਾਇਆ ਜਾਵੇ ਅਤੇ ਨਾ ਹੀ ਵਿਕਰੀ ਲਈ ਜਾਰੀ ਕੀਤਾ ਜਾਵੇ। ਇਨ੍ਹਾਂ ਡਿਸਟਿਲਰੀਆਂ ਨੂੰ ਉਨ੍ਹਾਂ ਖ਼ਾਸ ਹਿਦਾਇਤਾਂ 'ਤੇ ਅਮਲ ਕਰਨਾ ਪੈਂਦਾ ਹੈ ਜਿਹੜੀਆਂ ਰਾਜ ਦੀ ਆਬਕਾਰੀ ਨੀਤੀ ਵਲੋਂ ਨਿਰਯਾਤ ਕੀਤੀਆਂ ਜਾਂਦੀਆਂ ਹਨ।

ਦੇਸ਼ ਵਿਚ ਅਲਕੋਹਲ ਦੀ ਵਰਤੋਂ, ਹੋਟਲਾਂ, ਰੈਸਟੋਰੈਂਟਾਂ, ਬਾਰਾਂ, ਕਲੱਬਾਂ ਅਤੇ ਫੌਜੀਆਂ ਵਲੋਂ ਕੀਤੀ ਜਾਂਦੀ ਹੈ। ਵੱਖ-ਵੱਖ ਵਰਗਾਂ ਦੀ ਸ਼ਰਾਬ ਬਣਾਈ ਜਾਂਦੀ ਹੈ ਅਤੇ ਓਸ ਦੇ ਵਰਗ ਅਨੁਸਾਰ ਉਸ ਦੀ ਕੀਮਤ ਲਾਈ ਜਾਂਦੀ ਹੈ। ਅਲਕੋਹਲ ਦੀਆਂ ਕਿਸਮਾਂ ਵਿਚ ਸ਼ਰਾਬ, ਬੀਅਰ, ਵਾਈਨ, ਬਰਾਂਡੀ, ਰੰਮ ਆਦਿ ਕਈ ਕਿਸਮਾਂ ਆਉਂਦੀਆਂ ਹਨ। ਇਨ੍ਹਾਂ ਵਿਚ ਅਲਕੋਹਲ ਦੀ ਮਾਤਰਾ ਦਾ ਵਖਰੇਵਾਂ ਹੁੰਦਾ ਹੈ ਜੋ ਉਸ ਦੇ ਗੁਣਾਂ ਨੂੰ ਨਿਰਧਾਰਤ ਕਰਦਾ ਹੈ। ਆਬਕਾਰੀ ਨੀਤੀ ਤਹਿਤ ਇਨ੍ਹਾਂ ਵੱਖ-ਵੱਖ ਵਰਗਾਂ ਦੀ ਅਲਕੋਹਲ ਦੀ ਵੱਖਰੀ-ਵੱਖਰੀ ਕੀਮਤ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਫਿਰ ਉਸ 'ਤੇ ਆਬਕਾਰੀ ਕਰ ਲਾਇਆ ਜਾਂਦਾ ਹੈ। ਇਸ ਅਲਕੋਹਲ ਦੀ ਤਿਆਰੀ ਕਰਨ ਦੀ ਲਾਗਤ ਘੱਟ ਹੁੰਦੀ ਹੈ ਪਰ ਆਬਕਾਰੀ ਨਾਲ ਇਸ ਦੀ ਕੀਮਤ ਵਿਚ ਵੱਡਾ ਵਾਧਾ ਹੋ ਜਾਂਦਾ ਹੈ ਜੋ ਸਰਕਾਰ ਦੀ ਆਮਦਨ ਬਣਦੀ ਹੈ।

ਜਿਸ ਤਰ੍ਹਾਂ ਵੱਖ-ਵੱਖ ਵਰਗਾਂ ਦੀ ਅਲਕੋਹਲ ਦੀ ਕੀਮਤ ਵੱਖ-ਵੱਖ ਨਿਰਧਾਰਤ ਕੀਤੀ ਜਾਂਦੀ ਹੈ, ਇਸੇ ਤਰ੍ਹਾਂ ਹੀ ਕਲੱਬਾਂ, ਹੋਟਲਾਂ, ਰੈਸਟੋਰੈਂਟਾਂ ਅਤੇ ਬਾਰਾਂ ਲਈ ਲਾਇਸੰਸ ਦੀ ਫੀਸ ਵੀ ਵੱਖ-ਵੱਖ ਲਾਈ ਜਾਂਦੀ ਹੈ। ਇਹ ਇਸ ਤੱਤ 'ਤੇ ਆਧਾਰਿਤ ਹੈ ਕਿ ਕਰ ਅਦਾ ਕਰਨ ਵਾਲੇ ਦੀ ਕਿੰਨੀ ਸਮਰਥਾ ਹੈ ਅਤੇ ਉਸ ਸਮਰਥਾ ਦੇ ਤਹਿਤ ਲਾਇਸੰਸ ਦੀ ਫੀਸ ਲਾਈ ਜਾਂਦੀ ਹੈ। ਕਲੱਬਾਂ ਅਤੇ ਹੋਟਲਾਂ ਵਿਚ ਅਲਕੋਹਲ ਦੀ ਵਰਤੋਂ ਕਰਨ ਵਾਲੇ ਜ਼ਿਆਦਾ ਕਰ ਅਦਾ ਕਰ ਸਕਦੇ ਹਨ ਇਸ ਲਈ ਉਨ੍ਹਾਂ ਥਾਵਾਂ 'ਤੇ ਲਾਇਸੰਸ ਦੀ ਫੀਸ ਉੱਚੀ ਲਾਈ ਜਾਂਦੀ ਹੈ ਜਦ ਕਿ ਬਾਰ 'ਤੇ ਘੱਟ ਲਾਇਸੰਸ ਫੀਸ ਲਾਈ ਜਾਂਦੀ ਹੈ। ਫਿਰ ਇਨ੍ਹਾਂ ਥਾਵਾਂ 'ਤੇ ਹੋਟਲਾਂ ਜਾਂ ਬਾਰ ਦੇ ਮਾਲਕ ਨੂੰ ਸਥਿਤੀ ਅਨੁਸਾਰ ਵੀ ਲਾਇਸੰਸ ਫੀਸ ਲਾਈ ਜਾਂਦੀ ਹੈ। ਪੰਜ ਤਾਰਾ ਹੋਟਲਾਂ ਵਾਲਿਆਂ 'ਤੇ ਜ਼ਿਆਦਾ ਲਾਇਸੰਸ ਫੀਸ ਜਦ ਕਿ ਛੋਟੇ ਹੋਟਲਾਂ 'ਤੇ ਘੱਟ ਅਤੇ ਇਸ ਦੇ ਨਾਲ ਹੀ ਇਹ ਉਸ ਜਗ੍ਹਾ ਦੇ ਅਨੁਸਾਰ ਵੀ ਲਾਇਸੰਸ ਫੀਸ ਲਾਈ ਜਾਂਦੀ ਹੈ।

ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਅਲਕੋਹਲ ਦੀ ਦਵਾਈ ਦੇ ਤੌਰ 'ਤੇ ਵੀ ਵਰਤੋਂ ਕੀਤੀ ਜਾਂਦੀ ਹੈ। ਆਧੁਨਿਕ ਤੌਰ ਤੇ ਬਣਨ ਵਾਲੀਆਂ ਜ਼ਿਆਦਾਤਰ ਦਵਾਈਆਂ ਵਿਚ ਅਲਕੋਹਲ ਦੀ ਵਰਤੋਂ ਹੁੰਦੀ ਹੈ। ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ, ਉਸ ਅਲਕੋਹਲ ਨੂੰ ਆਪ ਤਿਆਰ ਨਹੀਂ ਕਰ ਸਕਦੀਆਂ, ਉਨ੍ਹਾਂ ਨੂੰ ਉਸ ਅਲਕੋਹਲ ਨੂੰ ਖਰੀਦਣਾ ਪੈਂਦਾ ਹੈ। ਫਿਰ ਉਸ ਨੂੰ ਜਮ੍ਹਾਂ ਕਰਨਾ ਪੈਂਦਾ ਹੈ। ਅਲਕੋਹਲ ਦੇ ਗੁਣਾਂ ਦੀ ਮਾਤਰਾ ਅਨੁਸਾਰ ਉਸ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਸਿਹਤ ਵਿਭਾਗ ਵਲੋਂ ਅਤੇ ਆਬਕਾਰੀ ਵਿਭਾਗ ਵਲੋਂ ਇਸ ਗੱਲ ਦੀ ਨਿਗਰਾਨੀ ਕੀਤੀ ਜਾਂਦੀ ਹੈ ਕਿ ਕੀ ਉਨੀ ਮਾਤਰਾ ਅਲਕੋਹਲ ਦੀ ਲੋੜ ਸੀ ਜਿੰਨੀ ਮਾਤਰਾ ਵਿਚ ਖਰੀਦੀ ਗਈ ਹੈ। ਫਿਰ ਅਲਕੋਹਲ ਨੂੰ ਦਵਾਈਆਂ ਵਿਚ ਵਰਤਣ ਲਈ ਵੀ ਲਾਇਸੰਸ ਲੈਣ ਦੀ ਲੋੜ ਪੈਂਦੀ ਹੈ, ਇਸ ਲਈ ਵੀ ਲਾਇਸੰਸ ਫੀਸ ਅਦਾ ਕਰਨੀ ਪੈਂਦੀ ਹੈ ਜੋ ਇਸ ਕਰਕੇ ਘੱਟ ਨਿਰਧਾਰਤ ਕੀਤੀ ਜਾਂਦੀ ਹੈ ਕਿਉਂਕਿ ਅਲਕੋਹਲ ਨੇ ਦਵਾਈ ਵਿਚ ਬਦਲਣਾ ਅਤੇ ਇਹ ਲੋਕ ਹਿੱਤ ਦੀ ਕਾਰਵਾਈ ਹੈ।

ਕਈ ਵਿਦੇਸ਼ੀ ਹਵਾਈ ਕੰਪਨੀਆਂ ਵਲੋਂ ਹਵਾਈ ਜਹਾਜ਼ਾਂ ਦੀਆਂ ਉਡਾਨਾਂ ਸਮੇਂ ਵੀ ਅਲਕੋਹਲ ਜਾਂ ਸ਼ਰਾਬ, ਵਿਸਕੀ, ਵਾਈਨ, ਬੀਅਰ ਆਦਿ ਨੂੰ ਉਪਲਬਧ ਕਰਵਾਇਆ ਜਾਂਦਾ ਹੈ। ਇਸ ਲਈ ਵੀ ਆਬਕਾਰੀ ਵਿਭਾਗ ਨਿਯਮ ਨਿਰਧਾਰਤ ਕਰਦਾ ਹੈ। ਜਿਸ ਤਰ੍ਹਾਂ ਉਹ ਕੰਪਨੀਆਂ ਜਦੋਂ ਆਪਣੇ ਹਵਾਈ ਜਹਾਜ਼ਾਂ ਨੂੰ ਭਾਰਤ ਦੀ ਹੱਦ ਦੇ ਅੰਦਰ ਉਤਾਰਦੀ ਹੈ ਤਾਂ ਉਹ ਆਪਣੀ ਅਲਕੋਹਲ ਦੇ ਸਟਾਕ ਨੂੰ ਭਾਰਤ ਦੇ ਨਿਯਮਾਂ ਅਨੁਸਾਰ ਰਖਦੀ ਹੈ ਜਿਸ ਲਈ ਉਨ੍ਹਾਂ ਕੰਪਨੀਆਂ ਨੂੰ ਵੀ ਆਬਕਾਰੀ ਕਰ ਅਦਾ ਕਰਨਾ ਪੈਂਦਾ ਹੈ। ਭਾਵੇਂ ਕਿ ਇਸ ਨਾਲ ਜ਼ਿਆਦਾ ਆਮਦਨ ਤਾਂ ਪੈਦਾ ਨਹੀਂ ਹੁੰਦੀ ਪਰ ਆਲਕੋਹਲ ਦੀ ਯੋਗ ਅਤੇ ਚੰਗੇ ਢੰਗ

ਨਾਲ ਵਰਤੋਂ ਕਰਨ ਲਈ ਇਹ ਜ਼ਰੂਰੀ ਬਣਾਇਆ ਜਾਂਦਾ ਹੈ ਕਿ ਉਸ ਲਈ ਠੀਕ-ਠੀਕ ਨੀਤੀ ਹੋਵੇ ਅਤੇ ਉਸ ਦੀ ਵਰਤੋਂ ਦੇ ਕੁਝ ਨਿਯਮ ਹੋਣ।

ਆਬਕਾਰੀ ਨੀਤੀ ਦੇ ਤਹਿਤ ਹੀ ਕੁਝ ਦਿਨਾਂ ਨੂੰ ਡਰਾਈ ਤੇ ਜਾਂ ਪੂਰਨ ਸ਼ਰਾਬਬੰਦੀ ਦੇ ਦਿਨ ਘੋਸ਼ਿਤ ਕੀਤਾ ਜਾਂਦਾ ਹੈ। ਇਨ੍ਹਾਂ ਦਿਨਾਂ 'ਤੇ ਕਿਸੇ ਵੀ ਠੇਕੇ ਨੂੰ ਖੋਲ੍ਹਣ ਅਤੇ ਵਿਕਰੀ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾਂਦੀ। ਜਿਸ ਤਰ੍ਹਾਂ 15 ਅਗਸਤ ਅਤੇ 26 ਜਨਵਰੀ ਉਹ ਦਿਨ ਹਨ ਜਿਹੜੇ ਡਰਾਈ ਡੇ ਦੀ ਪੱਕੀ ਸੂਚੀ ਵਿਚ ਹਨ। ਇਨ੍ਹਾਂ ਦਿਨਾਂ ਨੂੰ ਠੇਕੇ ਪੂਰੀ ਤਰ੍ਹਾਂ ਬੰਦ ਹੁੰਦੇ ਹਨ। ਦੇਸ਼ ਦੇ ਚੋਣ ਕਮਿਸ਼ਨ ਵਲੋਂ ਚੋਣਾਂ ਦੇ ਦਿਨਾਂ ਵਿਚ ਕੁਝ ਦਿਨਾਂ ਨੂੰ ਡਰਾਈ ਡੇ ਵਜੋਂ ਘੋਸ਼ਿਤ ਕੀਤਾ ਜਾਂਦਾ ਹੈ। ਕਈ ਵਾਰ ਕੁਝ ਰਾਜਾਂ ਵਿਚ ਚੋਣਾਂ ਹੋ ਰਹੀਆਂ ਹੁੰਦੀਆਂ ਹਨ, ਉਨ੍ਹਾਂ ਰਾਜਾਂ ਦੇ ਕੁਝ ਦਿਨਾਂ ਨੂੰ ਜਦੋਂ ਚੋਣਾਂ ਹੋਣੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਡਰਾਈ ਡੇ ਘੋਸ਼ਿਤ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਸਥਾਨਿਕ ਚੋਣਾਂ ਅਤੇ ਹੋਰ ਪੱਧਰਾਂ ਦੀਆਂ ਚੋਣਾਂ ਦੇ ਕੁਝ ਦਿਨਾਂ ਨੂੰ ਡਰਾਈ ਡੇ ਘੋਸ਼ਿਤ ਕੀਤਾ ਜਾਂਦਾ ਹੈ। ਆਬਕਾਰੀ ਨੀਤੀ ਅਨੁਸਾਰ ਕਦੀ ਵੀ ਡਰਾਈ ਡੇ ਘੋਸ਼ਿਤ ਕੀਤੇ ਜਾ ਸਕਦੇ ਹਨ।

ਅਲਕੋਹਲ ਦੀ ਰਾਜ ਭਰ ਵਿਚ ਵਿਕਰੀ ਅਤੇ ਵੰਡ ਲਈ ਹਰ ਸਾਲ ਪਹਿਲੀ ਅਪ੍ਰੈਲ ਤੋਂ ਅਗਲੇ ਸਾਲ ਦੇ 31 ਮਾਰਚ ਤਕ ਠੇਕਿਆਂ ਦੀ ਨਿਲਾਮੀ ਕੀਤੀ ਜਾਂਦੀ ਹੈ। ਇਹ ਨਿਲਾਮੀ ਥੋਕ ਵਿਕਰੀ ਅਤੇ ਪ੍ਰਚੂਨ ਵਿਕਰੀ ਦੋਵਾਂ ਤਰ੍ਹਾਂ ਦੇ ਠੇਕਿਆਂ ਲਈ ਕੀਤੀ ਜਾਂਦੀ ਹੈ ਤੇ ਵੱਖ-ਵੱਖ ਖੇਤਰਾਂ ਲਈ ਵਿਕਰੀ ਦੇ ਠੇਕਿਆਂ ਲਈ ਅਖ਼ਬਾਰਾਂ ਜਾਂ ਹੋਰ ਢੰਗਾਂ ਨਾਲ ਪ੍ਰਚਾਰ ਕੀਤਾ ਜਾਂਦਾ ਹੈ। ਤਰੀਕ ਨਿਸ਼ਚਿਤ ਕੀਤੀ ਜਾਂਦੀ ਹੈ ਅਤੇ ਉਸ ਦਿਨ ਤੋਂ ਪਹਿਲਾਂ ਬੋਲੀ ਵਿਚ ਹਿੱਸਾ ਲੈਣ ਵਾਲਿਆਂ ਨੂੰ ਨਿਰਧਾਰਤ ਜ਼ਮਾਨਤ ਰਕਮ ਜਮ੍ਹਾਂ ਕਰਾਉਣੀ ਪੈਂਦੀ ਹੈ। ਜਿਸ ਦਿਨ ਵੱਖ-ਵੱਖ ਥਾਵਾਂ ਲਈ ਬੋਲੀ ਕੀਤੀ ਜਾਂਦੀ ਹੈ ਸਭ ਤੋਂ ਵੱਧ ਬੋਲੀ ਦੇਣ ਵਾਲੇ ਨੂੰ ਉਸ ਜਗ੍ਹਾ 'ਤੇ ਵਿਕਰੀ ਲਈ ਠੇਕਾ ਦੇ ਦਿਤਾ ਜਾਂਦਾ ਹੈ ਅਤੇ ਨਾਲ ਤੈਅ ਹੋਈ ਰਕਮ ਦਾ 30 ਪ੍ਰਸ਼ਿਤ 7 ਦਿਨਾਂ ਵਿਚ ਜਮ੍ਹਾਂ ਕਰਾਉਣਾ ਪੈਂਦਾ ਹੈ। ਜੇ ਉਹ 7 ਦਿਨਾਂ ਵਿਚ ਉਸ 30 ਪ੍ਰਤਿਸ਼ਤ ਰਕਮ ਨੂੰ ਜਮ੍ਹਾਂ ਨਹੀਂ ਕਰਾਉਂਦਾ ਤਾਂ ਉਸ ਦੀ ਜ਼ਮਾਨਤ ਰਕਮ ਜ਼ਬਤ ਹੋ ਜਾਂਦੀ ਹੈ ਅਤੇ ਉਸ ਲਈ ਨਵੇਂ ਸਿਰੇ ਤੋਂ ਬੋਲੀ ਲਈ ਇਸ਼ਤਿਹਾਰ ਦਿਤਾ ਜਾਂਦਾ ਹੈ। ਬਾਕੀ ਦੀ 70 ਪ੍ਰਤਿਸ਼ਤ ਰਕਮ 7 ਮਹੀਨੇਵਾਰ ਕਿਸ਼ਤਾਂ ਵਿਚ ਜਮ੍ਹਾਂ ਕਰਾਉਣੀ ਪੈਂਦੀ ਹੈ। ਜੇ ਉਹ ਇਕ ਮਹੀਨੇ ਵਿਚ ਆਪਣੀ ਰਕਮ ਜਮ੍ਹਾਂ ਨਹੀਂ ਕਰਾਉਂਦਾ ਤਾਂ ਫਿਰ 15 ਦਿਨਾਂ ਵਿਚ 1.5 ਪ੍ਰਤਿਸ਼ਤ ਵਿਆਜ ਦਰ ਨਾਲ ਜਮ੍ਹਾਂ ਕਰਾਉਣੀ ਪੈਂਦੀ ਹੈ ਪਰ ਜੇ ਫਿਰ 15 ਦਿਨਾਂ ਵਿਚ ਵੀ ਉਹ ਉਸ ਰਕਮ ਨੂੰ ਜਮ੍ਹਾਂ ਨਹੀਂ ਕਰਾਉਂਦਾ ਤਾਂ ਉਸ ਦਾ ਠੇਕਾ ਰੱਦ ਕੀਤਾ ਜਾਂਦਾ ਹੈ ਅਤੇ ਨਵੇਂ ਸਿਰੇ ਤੋਂ ਠੇਕੇ ਦੀ ਬੋਲੀ ਦਾ ਇਸ਼ਤਿਹਾਰ ਦਿਤਾ ਜਾਂਦਾ ਹੈ।

ਇਸ ਪ੍ਰਕਾਰ ਆਬਕਾਰੀ ਵਿਭਾਗ ਵਲੋਂ ਆਬਕਾਰੀ ਲਈ ਜਿਹੜੇ ਪ੍ਰਬੰਧ ਕੀਤੇ ਜਾਂਦੇ ਹਨ ਉਨ੍ਹਾਂ ਸਭ ਦਾ ਮੰਤਵ ਹੈ ਯੋਗ ਮਾਤਰਾ ਵਿਚ ਘੱਟ ਤੋਂ ਘੱਟ ਸ਼ਰਾਬ ਦੀ ਜਾਂ ਅਲਕੋਹਲ ਪਦਾਰਥਾਂ ਦੀ ਵਰਤੋਂ ਕਰਨੀ। ਇਹੋ ਵਜਹ ਹੈ ਕਿ ਅਲਕੋਹਲ ਦੀ ਬੋਤਲ 'ਤੇ ਇਸ ਦੇ ਨੁਕਸਾਨਦੇਹ ਹੋਣ ਦੀ ਚਿਤਾਵਨੀ ਵੀ ਦਿਤੀ ਜਾਂਦੀ ਹੈ। ਪਰ ਅੰਤਰਰਾਸ਼ਟਰੀ ਸਥਿਤੀ ਨੂੰ ਸਾਹਮਣੇ ਰਖਦੇ ਹੋਏ ਇਸ ਤੋਂ ਵੱਧ ਤੋਂ ਵੱਧ ਆਮਦਨ ਕਮਾਉਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ। ਉਸ ਆਮਦਨ ਨੂੰ ਜੋ ਆਬਕਾਰੀ ਕਰ ਤੋਂ ਕਮਾਈ ਜਾਂਦੀ ਹੈ ਉਸ ਨੂੰ ਵਿਕਾਸ ਦੇ ਕੰਮਾਂ ਲਈ ਵਰਤਿਆ ਜਾਂਦਾ ਹੈ। ਆਬਕਾਰੀ ਦੀ ਕਮਾਈ ਹਰ ਰਾਜ ਦੀ ਕਮਾਈ ਦਾ ਇਕ ਬਹੁਤ ਵੱਡਾ ਸਾਧਨ ਹੈ। ਭਾਵੇਂ ਕਿ ਇਸ ਨੂੰ ਆਮਦਨ ਪੈਦਾ ਕਰਨ ਦੇ ਸਾਧਨ ਕਰਕੇ, ਆਬਕਾਰੀ ਦੇ ਕਰ ਨਹੀਂ ਲਾਏ ਜਾਂਦੇ ਪਰ ਅਲਕੋਹਲ ਨਾਲ ਜੁੜੇ ਹਰ ਪੱਖ ਜਿਸ ਤਰ੍ਹਾਂ ਇਸ ਨੂੰ ਤਿਆਰ ਕਰਨਾ, ਇਸ ਲਈ ਲੋੜੀਂਦਾ ਕੱਚਾ ਮਾਲ, ਇਸ ਦੀ ਥੋਕ ਅਤੇ ਪ੍ਰਚੂਨ ਵਿਕਰੀ, ਡਿਸਟਲਰੀ ਵਿਚ ਕੰਮ ਕਰਨ ਦੀਆਂ ਹਾਲਤਾਂ, ਇਸ ਦੀ ਵਰਤੋਂ ਕਰਨ ਵਾਲੀ ਜਗ੍ਹਾ ਜਿਸ ਤਰ੍ਹਾਂ ਹੋਟਲ, ਰੈਸਟੋਰੈਂਟ, ਬਾਰਾਂ, ਕਲਬਾਂ, ਅਤੇ ਘਰਾਂ ਲਈ ਨਿਯਮ ਅਤੇ ਵਿਕਰੀ ਦਾ ਸਮਾਂ ਆਦਿ ਸਭ ਕੁਝ ਆਬਕਾਰੀ ਦੀ ਨੀਤੀ ਅਤੇ ਵਿਭਾਗ ਨਾਲ ਸੰਬੰਧਿਤ ਹੈ ਜਿਸ ਨੂੰ ਘੱਟ ਤੋਂ ਘੱਟ ਅਲਕੋਹਲ ਦੀ ਵਰਤੋਂ ਅਤੇ ਵੱਧ ਤੋਂ ਵੱਧ ਆਮਦਨ ਦੇ ਉਦੇਸ਼ ਨਾਲ ਤਿਆਰ ਕੀਤਾ ਜਾਂਦਾ ਹੈ।

*(ਲੇਖਕ ਸੇਵਾ ਮੁਕਤ ਪ੍ਰੋਫੈਸਰ, ਅਰਥਸ਼ਾਸਤਰ ਹੈ।)*

*e-mail :srsbatra@yahoo.com*

## ਸਵੱਛ ਭਾਰਤ

### *ਯਮੁਨਾ ਨਦੀ ਦੀ ਸਫ਼ਾਈ*

*ਯਮੁਨਾ ਨਦੀ ਦੀ ਸਫ਼ਾਈ ਨੂੰ ਲੈ ਕੇ ਭਾਰਤ ਸਰਕਾਰ ਨੇ ਜਾਪਾਨ ਇੰਟਰਨੈਸ਼ਨ, ਕਾਰਪੋ-ਰੇਸ਼ਨ, ਏਜੰਸੀ ਦੀ ਆਰਥਿਕ ਮਦਦ ਨਾਲ ਦਿੱਲੀ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚ ਯਮੁਨਾ ਐਕਸ਼ਨ ਪਲਾਨ 1 ਅਤੇ 2 ਨੂੰ ਮਨਜ਼ੂਰ ਕੀਤਾ ਹੈ। ਇਸ ਵਿਚ ਦਿੱਲੀ ਲਈ ਵਾਈ ਈ ਪੀ ਤੀਜਾ ਵੀ ਸ਼ਾਮਿਲ ਹੈ। ਇਸ ਉੱਤੇ 1514.42 ਕਰੋੜ ਰੁਪਏ ਦਾ ਖਰਚਾ ਹੋਵੇਗਾ ਤੇ ਰਾਜਾਂ ਦੀ ਵੀ ਹਿੱਸੇਦਾਰੀ ਹੋਵੇਗੀ। ਵੀ ਆਈ ਪੀ 1,2 ਅਤੇ 3 ਦੀ ਅਨੁਮਾਨਿਤ ਲਾਗਤ 1656 ਕਰੋੜ ਰੁਪਏ ਹੋਵੇਗੀ। ਭਾਰਤ ਸਰਕਾਰ ਨੇ ਹਰਿਆਣਾ ਦੇ ਸੋਨੀਪਤ ਅਤੇ ਪਾਣੀਪਤ ਵਿਚ ਯਮੁਨਾ ਨਦੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ 2 ਪ੍ਰੋਜੈਕਟਾਂ ਲਈ 217.87 ਕਰੋੜ ਰੁਪਏ ਜਾਰੀ ਕੀਤੇ ਹਨ। ਜਾਪਾਨ ਇੰਟਰਨੈਸ਼ਨਲ ਕਾਰਪੋਰੇਸ਼ਨ ਏਜੰਸੀ ਦੀ ਮਦਦ ਨਾਲ ਬਣਾਈ ਜਾਣ ਵਾਲੀ ਦਿੱਲੀ ਵਿਚ ਵਾਈ ਈ ਪੀ 3, ਦਸੰਬਰ 2018 ਤਕ ਪੂਰਾ ਹੋ ਜਾਵੇਗਾ, ਜਦ ਕਿ ਸੀਵਰ ਪ੍ਰੋਜੈਕਟ ਜੂਨ 2015 ਵਿਚ ਪੂਰਾ ਹੋ ਜਾਵੇਗਾ।*

### *ਜਲ ਮੰਥਨ*

*ਜਲ ਸਰੋਤਾਂ ਦੀ ਢੁਕਵੀ ਵਰਤੋਂ ਦੇ ਮੁੱਦਿਆਂ ਉੱਤੇ ਜਲ ਮੰਥਨ ਨਾਂ ਦਾ ਇਕ ਤਿੰਨ ਦਿਨਾਂ ਰਾਸ਼ਟਰੀ ਸੰਮੇਲਨ 20 ਤੋਂ 22 ਨਵੰਬਰ 2014 ਨੂੰ ਨਵੀਂ ਦਿੱਲੀ ਵਿਚ ਕਰਵਾਇਆ ਗਿਆ। ਜਲ ਸਰੋਤ, ਨਦੀ ਵਿਕਾਸ ਅਤੇ ਗੰਗਾ ਬਚਾਉ ਮੰਤਰਾਲਾ ਵਲੋਂ ਆਯੋਜਿਤ ਇਸ ਪ੍ਰੋਗਰਾਮ ਵਿਚ ਰਾਜ ਸਿੰਜਾਈ ਮੰਤਰੀਆਂ, ਜਲ ਸਰੋਤ ਸਕੱਤਰ ਅਤੇ ਹੋਰ ਲੋਕ ਸ਼ਾਮਿਲ ਹੋਏ ਅਤੇ ਇਸ ਮੁੱਦੇ ਉੱਤੇ ਵਿਆਪਕ ਵਿਚਾਰ ਵਟਾਂਦਰਾ ਕੀਤਾ ਗਿਆ। ਮੁੱਖ ਬਿੰਦੂ ਮੰਤਰਾਲੇ ਦੀਆਂ ਨੀਤੀਆਂ ਵਿਚ ਬਦਲਾਅ ਲਿਆਉਣਾ ਹੈ ਤਾਂ ਕਿ ਜਨਤਾ ਲਈ ਵੱਧ ਢੁਕਵਾਂ ਬਣੇ ਅਤੇ ਰਾਜਾਂ ਦੀਆਂ ਲੋੜਾਂ ਪੂਰੀਆਂ ਕਰ ਸਕਣ।*

*– ਪੀ.ਆਈ.ਬੀ. ਜਲੰਧਰ*

# ਭਾਰਤ ਵਿਚ ਟੈਲੀਮੈਡੀਸਨ : ਵਰਤਮਾਨ ਹਾਲਾਤ, ਚੁਨੌਤੀਆਂ ਤੇ ਮੌਕੇ

ਰਾਜੇਸ਼ ਚੰਦਵਾਨੀ, ਯੋਗੇਸ਼ ਕੇ. ਦਿਵ੍ਵੇਦੀ

## ਭੂਮਿਕਾ

ਭਾਰਤ ਵਿਚ ਸਿਹਤ ਸੇਵਾਵਾਂ ਦੀ ਪ੍ਰਣਾਲੀ ਬੀਮਾਰੀਆਂ ਦੀ ਦੇਖਭਾਲ ਦਾ ਬੋਝ ਚੁੱਕਣ ਦੀ ਜ਼ਰੂਰਤ (ਮਨੁੱਖੀ ਸ਼ਕਤੀ ਅਤੇ ਬੁਨਿਆਦੀ ਢਾਂਚਾ ਦੋਵਾਂ ਦੇ ਮਾਮਲੇ ਵਿਚ) ਟੀਚੇ ਤੋਂ ਬਹੁਤ ਘੱਟ ਰਹਿ ਜਾਂਦੀ ਹੈ। ਮਨੁੱਖੀ ਸ਼ਕਤੀ ਦੀ ਕਮੀ ਸਾਰੇ ਪੱਧਰਾਂ 'ਤੇ ਹੈ, ਜਿਸ ਵਿਚ ਜਨਤਕ ਸਿਹਤ ਪ੍ਰਣਾਲੀ ਲਈ 6 ਲੱਖ ਡਾਕਟਰ, 10 ਲੱਖ ਨਰਸਿੰਗ ਅਮਲਾ ਅਤੇ 4 ਲੱਖ ਦੰਦਾਂ ਦੇ ਡਾਕਟਰਾਂ ਦੀ ਲੋੜ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ (ਸ਼ਰਮਾ ਅਤੇ ਉੱਨੀਕ੍ਰਿਸ਼ਨਨ, 2013)। ਹੋਰ, ਸਿਹਤ ਸੇਵਾਵਾਂ ਦਾ ਬੁਨਿਆਦੀ ਢਾਂਚਾ ਅਤੇ ਮਨੁੱਖੀ ਸ਼ਕਤੀ ਸ਼ਹਿਰੀ ਖੇਤਰਾਂ ਵਿਚ ਕੇਂਦਰਿਤ ਹੈ ਜਿਥੇ ਜਨਸੰਖਿਆ ਦਾ ਸਿਰਫ਼ 27 ਪ੍ਰਤਿਸ਼ਤ ਭਾਗ ਵਸਦਾ ਹੈ (ਮਿਸ਼ਰਾ, ਕਪੂਰ ਅਤੇ ਸਿੰਘ, 2009)। ਉਦਾਹਰਣ ਲਈ, ਪੇਂਡੂ ਖੇਤਰਾਂ ਵਿਚ 1000 ਵਿਅਕਤੀਆਂ ਪਿੱਛੇ, ਡਾਕਟਰ ਦਾ ਅਨੁਪਾਤ ਸਿਰਫ਼ 0.39 ਹੈ ਜਦ ਕਿ ਸ਼ਹਿਰੀ ਖੇਤਰਾਂ ਵਿਚ ਇਹ 1.33 ਹੈ। ਰਾਸ਼ਟਰੀ ਔਸਤ 0.69 ਹੈ (ਸ਼ਰਮਾ ਅਤੇ ਉੱਨੀਕ੍ਰਿਸ਼ਨਨ, 2013)। ਮਾਹਰ ਡਾਕਟਰਾਂ ਦੀ ਵੰਡ ਦਾ ਝੁਕਾਅ ਵੀ ਸ਼ਹਿਰੀ ਖੇਤਰਾਂ ਵੱਲ ਹੈ (ਜਿੱਥੇ 80 ਪ੍ਰਤਿਸ਼ਤ ਮਾਹਰ ਡਾਕਟਰ ਵਸਦੇ ਹਨ (ਮਿਸ਼ਰਾ, 2009)।

ਸਰੋਤਾਂ ਦੀ ਇਹ ਬਿਖਰੀ ਹੋਈ ਵੰਡ ਪੇਂਡੂ ਖੇਤਰਾਂ ਵਿਚ ਸਿਹਤ ਸੇਵਾਵਾਂ ਪ੍ਰਤਿ ਪਹੁੰਚ ਨੂੰ ਹੋਰ ਵੀ ਅਨਿਸ਼ਚਿਤ ਬਣਾ ਦਿੰਦੀ ਹੈ। ਵੱਖ-ਵੱਖ ਖੋਜਾਂ ਵਿਚ ਭਾਰਤ ਅੰਦਰ ਸਿਹਤ ਸੇਵਾਵਾਂ ਦੀ ਮਾੜੀ ਗੁਣਵੱਤਾ ਨੂੰ ਉਜਾਗਰ ਕੀਤਾ ਗਿਆ ਹੈ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿਚ ਸਿਹਤ ਸੇਵਾਵਾਂ ਦੇਣ, ਢਾਂਚਾ, ਪ੍ਰਕਿਰਿਆਵਾਂ ਅਤੇ ਨਤੀਜੇ ਦੇ ਪੱਖਾਂ ਤੋਂ (ਪਾਵੈਲ-ਜੈਕਸਨ, 2013)।

ਆਈ ਸੀ ਟੀ (ਸੂਚਨਾ ਸੰਚਾਰ ਤਕਨਲੋਜੀਆਂ) ਸੂਚਨਾ ਨੂੰ ਸਮਾਜਿਕ ਆਰਥਿਕ ਅਤੇ ਭੂਗੋਲਿਕ ਹੱਦਾਂ ਤੋਂ ਅਗਾਂਹ ਲਿਜਾਉਣ ਲਈ ਮਾਧਿਅਮ ਵਜੋਂ ਕੰਮ ਕਰ ਸਕਦੀਆਂ ਹਨ। ਇਸ ਅਨੁਸਾਰ, ਇਹ ਦਲੀਲ ਦਿਤੀ ਜਾਂਦੀ ਹੈ ਕਿ ਸਿਹਤ ਸੰਬੰਧੀ ਦਖ਼ਲਾਂ ਲਈ ਆਈ ਸੀ ਟੀ, ਜਿਸ ਨੂੰ ਈ-ਸਿਹਤ ਉੱਦਮਾਂ ਵਜੋਂ ਵੀ ਜਾਣਿਆ ਜਾਂਦਾ ਹੈ, ਜਿਵੇਂ ਕਿ ਟੈਲੀਮੈਡੀਸਨ, ਸੰਭਾਵਤ ਤੌਰ ਤੇ ਦੂਰ-ਦਰਾਜ ਦੇ ਖੇਤਰਾਂ ਅੰਦਰ ਡਾਕਟਰੀ ਜਾਣਕਾਰੀ ਦੇ ਪਸਾਰ ਵਿਚ ਸਹਾਈ ਹੋ ਸਕਦੀ ਹੈ, ਜਿਸ ਨਾਲ ਪਹੁੰਚ, ਸਮਰੱਥਾ ਅਤੇ ਸਿਹਤ ਸੇਵਾਵਾਂ ਦੀ ਗੁਣਵੱਤਾ ਵਿਚ ਵਾਧਾ ਹੋ ਸਕਦਾ ਹੈ (ਮਿਸਸੀਓਨ, 2007)। ਟੈਲੀਮੈਡੀਸਨ ਨੂੰ ਆਵਾਜ਼, ਦ੍ਰਿਸ਼ ਅਤੇ ਗ੍ਰਾਫ਼ ਜਾਣਕਾਰੀ ਸੰਚਾਰ ਨੈੱਟਵਰਕ (ਜਿਸ ਵਿਚ ਸਲਾਹਕਾਰੀ ਅਤੇ ਜਾਂਚ ਸੇਵਾਵਾਂ ਤੇ ਯੋਜਨਾਬੰਦੀ, ਤਾਲਮੇਲ, ਸਹਿਯੋਗ ਅਤੇ ਸਿੱਖਿਆ ਨੂੰ ਯੋਗ ਬਣਾਉਣਾ ਸ਼ਾਮਿਲ ਹੁੰਦਾ ਹੈ) ਰਾਹੀਂ ਦੂਰ-ਦੁਰਾਡੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਇਕ ਜ਼ਰੀਏ ਵਜੋਂ ਵੀ ਵਿਆਖਿਆ ਕੀਤੀ ਜਾਂਦੀ ਹੈ (ਸਿੰਘ, 2009)।

ਟੈਲੀਮੈਡੀਸਨ ਦੀ ਵਰਤੋਂ ਬੀਮਾਰੀ ਅਤੇ ਸੱਟਾਂ ਦੀ ਜਾਂਚ, ਇਲਾਜ ਅਤੇ ਰੋਕਥਾਮ; ਮਰੀਜਾਂ ਅਤੇ ਪੇਸ਼ੇਵਰਾਂ ਲਈ ਸਿਹਤ ਸੰਬੰਧਿਤ ਸਿੱਖਿਆ ਅਤੇ ਸਿਖਲਾਈ; ਜਨਤਕ ਸਿਹਤ ਪ੍ਰੋਗਰਾਮਾਂ ਅਤੇ ਸਿਹਤ ਪ੍ਰਬੰਧਨ; ਦੀ ਖੋਜ ਅਤੇ ਮੁੱਲੰਕਣ ਤੋਂ ਪੂਰਾ ਲਾਭ ਨਹੀਂ ਚੁੱਕਿਆ ਗਿਆ। ਲਾਗੂ ਕੀਤੇ ਗਏ ਬਹੁਤ ਪ੍ਰਾਜੈਕਟਾਂ ਤੋਂ ਆਸ ਤੋਂ ਘੱਟ ਨਤੀਜੇ ਹੀ ਪ੍ਰਾਪਤ ਹੋਏ ਹਨ। ਇਸ ਪਰਚੇ ਵਿਚ ਅਸੀਂ ਟੈਲੀਵੀਜ਼ਨ ਦੀ ਸੰਭਾਵਨਾ, ਭਾਰਤ ਵਿਚ ਵਰਤਮਾਨ ਹਾਲਾਤ, ਇਸ ਦੇ ਪਸਾਰ ਵਿਚ ਚੁਨੌਤੀਆਂ ਪੇਸ਼ ਕੀਤੀਆਂ ਗਈਆਂ ਹਨ ਅਤੇ ਅਜਿਹੇ ਕਦਮਾਂ ਨੂੰ ਲਾਗੂ ਕਰਨ ਲਈ ਸੁਝਾਅ ਦਿਤੇ ਗਏ ਹਨ।

## ਟੈਲੀਮੈਡੀਸਨ ਦੀ ਸੰਭਾਵਨਾ

ਟੈਲੀਮੈਡੀਸਨ ਬਹੁਤ ਸਾਰੇ ਤਰੀਕਿਆਂ ਨਾਲ ਸਿਹਤ ਸੇਵਾਵਾਂ ਦੇਣ ਦੀਆਂ ਪ੍ਰਕਿਰਿਆਵਾਂ ਨੂੰ ਬਲ ਦੇ ਸਕਣ ਦੇ ਸਮਰੱਥ ਹੈ। ਤਕਨਾਲੋਜੀ ਡਿਜ਼ਾਈਨ ਨੂੰ ਵਿਸ਼ੇਸ਼ ਮੁੱਦਿਆਂ ਨਾਲ ਨਜਿੱਠਣ ਲਈ ਨਵਾਂ ਰੂਪ ਦਿਤਾ ਜਾ ਸਕਦਾ ਹੈ, ਜਿਨ੍ਹਾਂ ਦਾ ਹੱਲ ਕਰਨਾ ਜ਼ਰੂਰੀ ਹੈ। ਕਿਸੇ ਖ਼ਾਸ ਦਖ਼ਲ ਲਈ ਤਕਨਾਲੋਜੀਆਂ ਦੀ ਲੋੜ ਵੱਖ-ਵੱਖ ਪੈਮਾਨਿਆਂ ਉਤੇ ਆਧਾਰਿਤ ਹੋ ਸਕਦੀਆਂ ਹਨ : ਅਸਲ ਸਮੇਂ ਦੀਆਂ ਬਨਾਮ-ਗ਼ੈਰ ਅਸਲੀ ਸਮਾਂ; ਫੌਰੀ ਬੀਮਾਰੀਆਂ ਬਨਾਮ ਲੰਮੇ ਸਮੇਂ ਦੀਆਂ ਬੀਮਾਰੀਆਂ, ਮਾਹਰ ਬਨਾਮ ਪ੍ਰਾਥਮਿਕ ਮਸ਼ਵਰਾ ਅਤੇ ਧਰਮਸ਼ਾਲਾ/ਟੈਲੀ-ਕੇਂਦਰ ਆਧਾਰ ਬਨਾਮ ਘਰ ਆਧਾਰਿਤ (ਕ੍ਰੇਗ ਅਤੇ ਪੈਟਰਸਨ, 2005)। ਉਦਾਹਰਣ ਲਈ, ਫੌਰੀ ਬੀਮਾਰੀ ਲਈ ਟੈਲੀਮੈਡੀਸਨ ਦੀ

ਤਾਲਿਕਾ-1 ਸਿਹਤ ਸੇਵਾਵਾਂ ਦਾ ਬੁਨਿਆਦੀ ਢਾਂਚਾ ਅਤੇ ਮਨੁੱਖੀ ਸ਼ਕਤੀ

| ਮਾਪਦੰਡ | ਰਾਸ਼ਟਰੀ ਔਸਤ | ਸਿਫ਼ਾਰਿਸ਼ (ਵਿਸ਼ਵ ਔਸਤ |
|---|---|---|
| 1000 ਜਨਸੰਖਿਆ ਪਿੱਛੇ ਡਾਕਟਰ | 0.69 | 1.0(1.3) |
| 1000 ਜਨਸੰਖਿਆ ਪਿੱਛੇ ਸਿਹਤ ਸੇਵਾਵਾਂ ਦੇ ਮਾਹਰ | 1.4 | 2.8 |
| 1000 ਜਨਸੰਖਿਆ ਪਿੱਛੇ ਬਿਸਤਰੇ | 1.03 | (7.3) |

ਸਰੋਤ : ਸ਼ਰਮਾ ਅਤੇ ਉੱਨੀਕ੍ਰਿਸ਼ਨਨ, 2013, ਪਾਵੈਲ-ਜੈਕਸਨ, ਆਚਾਰੀਆ ਅਤੇ ਮਿੱਲਜ਼, 2013

ਰੂਪ-ਰੇਖਾ ਦੇ ਮਾਮਲੇ ਵਿਚ, ਜਿਵੇਂ ਕਿ ਜ਼ਹਿਰ ਨਾਲ ਸੰਬੰਧਿਤ ਕੇਂਦਰਾਂ ਲਈ ਜਿਥੇ ਉਪਨਗਰਾਂ ਤੋਂ ਡਾਕਟਰੀ ਕਰਨ ਵਾਲੇ ਖ਼ਾਸ ਜ਼ਹਿਰਾਂ ਦੇ ਇਲਾਜ ਲਈ ਸਲਾਹ ਪ੍ਰਾਪਤ ਕਰ ਸਕਦੇ ਹਨ, ਉਥੇ ਜਾਣਕਾਰੀ ਦੀ ਜ਼ਰੂਰਤ ਚੌਵੀ ਘੰਟੇ ਅਤੇ ਬਹੁਤ ਹੀ ਭਰੋਸੇਯੋਗ ਹੋਣੀ ਚਾਹੀਦੀ ਹੈ। ਦੂਜੇ ਪਾਸੇ, ਲੰਮੇ ਸਮੇਂ ਤੋਂ ਬੀਮਾਰ ਮਰੀਜ਼ਾਂ ਦੀ ਸਲਾਹ ਲਈ, ਮਸ਼ਵਰਾ ਡਾਕਟਰ ਅਤੇ ਮਰੀਜ਼, ਦੋਵਾਂ ਦੀ ਸਹੂਲਤ ਅਨੁਸਾਰ ਤਾਲਮੇਲ ਵਿਚ ਲਿਆਂਦਾ ਜਾ ਸਕਦਾ ਹੈ। ਟੈਲੀਮੈਡੀਸਨ 'ਲਗਾਤਾਰ ਡਾਕਟਰੀ ਸਿੱਖਿਆ' ਲਈ ਵੀ ਵਰਤੀ ਗਈ ਹੈ ਤਾਂ ਕਿ ਡਾਕਟਰੀ ਕਿੱਤਾ ਕਰਨ ਵਾਲਿਆਂ ਦੀ ਜਾਣਕਾਰੀ ਅਤੇ ਹੁਨਰ ਵਧਾਉਣ ਅਤੇ ਪੈਰਾਮੈਡੀਕਲ ਵਿਅਕਤੀਆਂ ਦੀ ਸਿਖਲਾਈ ਵਿਚ ਵਾਧਾ ਕੀਤਾ ਜਾ ਸਕੇ (ਮਿਸ਼ਰਾ, 2009)। ਟੈਲੀਮੈਡੀਸਨ ਅੰਕੜੇ ਇਕੱਤਰ ਕਰਨ ਨੂੰ ਹੁਲਾਰਾ ਦੇਣ ਅਤੇ ਮੁੱਲੰਕਣ ਲਈ ਇਸਤੇਮਾਲ ਕੀਤੀ ਜਾ ਸਕਦੀ ਹੈ ਜਿਸ ਦੇ ਸਿੱਟੇ ਵਜੋਂ ਜਨਤਕ ਸਿਹਤ ਯੋਜਨਾਵਾਂ ਦਾ ਢੁੱਕਵਾਂ ਲਾਗੂਕਰਨ ਹੋ ਸਕਦਾ ਹੈ। ਉਦਾਹਰਣ ਲਈ, ਜੀ ਪੀ ਐੱਸ ਸਹਾਇਤਾ ਵਾਲੇ ਅੰਕੜੇ ਇਕੱਤਰ ਕਰਨ ਨੂੰ ਮਹਾਂਮਾਰੀਆਂ ਦੀ ਰੂਪ-ਰੇਖਾ ਸਮਝਣ ਅਤੇ ਖੋਜਣ, ਕਿਸੇ ਫਿਰਕੇ ਵਿਚ ਬੀਮਾਰੀ ਦੀ ਪੱਧਤੀ ਦਾ ਮੁੱਲੰਕਣ ਕਰਨ ਅਤੇ ਇਕ ਨਿਸ਼ਚਿਤ ਜਨ ਸਿਹਤ ਜਾਗਰੂਕਤਾ ਮੁਹਿੰਮ ਚਲਾਉਣ ਲਈ ਵਰਤਿਆ ਜਾ ਸਕਦਾ ਹੈ।

ਟੈਲੀਮੈਡੀਸਨ ਮੁੱਖ ਤੌਰ ਤੇ ਦੋ ਪ੍ਰਕਾਰ ਦੀ ਹੁੰਦੀ ਹੈ, ਮਾਨਵ-ਮਾਨਵ 'ਅਸਲ ਸੰਵਾਦ' (ਸਮਕਾਲੀ ਸਲਾਹ) ਅਤੇ ''ਭੰਡਾਰ ਅਤੇ ਤਬਦੀਲੀ' (ਕ੍ਰੇਗ ਅਤੇ ਪੈਟਰਸਨ, 2005)। ਅਸਲ ਸਮੇਂ ਦੇ ਸੰਵਾਦ ਵਿਚ ਸਿਹਤ ਕਾਮਿਆਂ ਦੇ ਵੱਖ-ਵੱਖ ਪੱਧਰ ਸ਼ਾਮਿਲ ਹੋ ਸਕਦੇ ਹਨ : ਡਾਕਟਰ - ਡਾਕਟਰ, ਡਾਕਟਰ-ਚਿਕਤਸਾ ਸਹਾਇਤਾ ਜਾਂ ਡਾਕਟਰ-ਮਰੀਜ਼। ਅੱਗੇ, ਇਹ ਸੰਵਾਦ ਟੈਲੀ-ਕੇਂਦਰ ਜਾਂ ਘਰ ਆਧਾਰਿਤ ਹੋ ਸਕਦਾ ਹੈ। ਖ਼ਾਸ ਭਾਗੀਦਾਰਾਂ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਕੇਂਦਰੀ ਅਤੇ ਉਪਨਗਰੀ ਕੇਂਦਰਾਂ ਵਿਚਕਾਰ ਤਾਲਮੇਲ ਸਮਕਾਲੀ ਸਲਾਹ ਦਾ ਸਭ ਤੋਂ ਮਹੱਤਵਪੂਰਨ ਪੱਖ ਹੈ। ਭੰਡਾਰ ਅਤੇ ਤਬਦੀਲੀ (ਗ਼ੈਰ-ਸਮਕਾਲੀ) ਰੂਪ ਵਿਚ ਅੰਕੜੇ ਇਕੱਤਰ ਅਤੇ ਭੰਡਾਰ ਕਰਕੇ ਉਪਨਗਰੀ ਕੇਂਦਰਾਂ ਤੋਂ ਮਾਹਰ ਦੀ ਰਾਇ ਲੈਣ ਲਈ ਕੇਂਦਰੀ ਸੰਸਥਾ ਨੂੰ ਭੇਜੇ ਜਾਂਦੇ ਹਨ, ਮਿਸਾਲ ਲਈ ਐਕਸਰੇ ਦੀ ਫ਼ਿਲਮ (ਟੈਲੀ ਰੇਡੀਓਲੋਜੀ) ਜਾਂ ਈ ਸੀ ਜੀ (ਟੈਲੀ ਕਾਰਡਿਓਲੋਜੀ) ਅੱਖ ਦੀ ਅੰਦਰਲੀ ਸਤਹ ਦੀ ਤਸਵੀਰ (ਟੈਲੀ ਆਪਥਾਲਮੋ-ਲੋਜੀ) (ਬੈਨਸਿੰਕ, ਹੇਲੇ ਅਤੇ ਵੂਟਨ, 2006)। ਇਸ ਪ੍ਰਕਾਰ ਦੀ ਟੈਲੀਮੈਡੀਸਨ ਖ਼ਾਸ ਤੌਰ ਤੇ ਇਕ ਲੰਮੇ ਸਮੇਂ ਦੀ ਬੀਮਾਰੀ ਦੀ ਰਫ਼ਤਾਰ ਦੀ ਨਿਗਰਾਨੀ ਕਰਨ ਲਈ ਲਾਭਕਾਰੀ ਹੋ ਸਕਦੀ ਹੈ ਜਿਵੇਂ ਕਿ ਸ਼ੂਗਰ ਦੇ ਰੋਗੀ ਲਈ ਦ੍ਰਿਸ਼ਟੀ ਰੋਗ।

## ਭਾਰਤ ਵਿਚ ਟੈਲੀਮੈਡੀਸਨ

ਭਾਰਤ ਵਿਚ ਟੈਲੀਮੈਡੀਸਨ ਦੇ ਅਨੇਕ ਪ੍ਰੋਗਰਾਮ ਸ਼ੁਰੂ ਕਰਨ ਵਿਚ ਜਨਤਕ ਅਤੇ ਨਿੱਜੀ, ਦੋਵੇਂ ਖੇਤਰ ਸ਼ਾਮਿਲ ਰਹੇ ਹਨ। ਦਿਲਚਸਪੀ ਵਾਲੀ ਗੱਲ ਹੈ ਕਿ ਭਾਰਤ ਵਿਚ ਟੈਲੀਮੈਡੀਸਨ ਪ੍ਰਣਾਲੀ ਦੀ ਰੂਪ-ਰੇਖਾ ਇਕ ਨਿੱਜੀ ਸੰਸਥਾਨ ਅਪੋਲੋ ਹਸਪਤਾਲ ਵਲੋਂ ਇਸਰੋ (ਭਾਰਤੀ ਪੁਲਾੜ ਖੋਜ ਸੰਸਥਾ) ਦੇ ਸਹਿਯੋਗ ਨਾਲ ਆਂਧਰ ਪ੍ਰਦੇਸ਼ ਦੇ ਇਕ ਪਿੰਡ ਐਰਾਗੌਂਡਾ ਵਿਚ ਤਿਆਰ ਕੀਤੀ ਗਈ। ਨਤੀਜੇ ਵਜੋਂ, ਸੂਚਨਾ ਤਕਨਾਲੋਜੀ ਵਿਭਾਗ, ਇਸਰੋ, ਸਿਹਤ ਤੇ ਪਰਿਵਾਰ ਕਲਿਆਣ ਵਿਭਾਗ, ਵਿਦੇਸ਼ ਮੰਤਰਾਲਾ, ਨੈਸ਼ਨਲ ਇਨਫਰਮੈਟਿਕਸ ਸੈਂਟਰ ਅਤੇ ਸੰਬੰਧਿਤ ਰਾਜ ਸਰਕਾਰਾਂ ਦੀ ਸਹਾਇਤਾ ਨਾਲ ਟੈਲੀਮੈਡੀਸਨ ਦਾ ਜਾਲ ਪੂਰੇ ਦੇਸ਼ ਵਿਚ ਫੈਲ ਗਿਆ। ਪ੍ਰਮੁੱਖ ਸਿੱਖਿਆ ਸੰਸਥਾਨ ਕੇਂਦਰੀ ਧੁਰਿਆਂ ਵਜੋਂ ਕੰਮ ਕਰਦੇ ਹਨ, ਜਿਵੇਂ ਏਮਜ਼ ਨਵੀ ਦਿੱਲੀ, ਪੀ ਜੀ ਆਈ ਚੰਡੀਗੜ੍ਹ, ਐੱਸ ਜੀ ਪੀ ਜੀ ਆਈ ਐੱਮ ਐੱਸ ਲਖਨਊ, ਟੀ ਐੱਮ ਐੱਚ ਮੁੰਬਈ, ਪੀ ਬੀ ਡੀ ਐੱਸ ਪੀ ਜੀ ਆਈ ਐੱਮ ਐੱਸ ਰੋਹਤਕ ਅਤੇ ਸੀ ਐੱਸ ਐੱਮ ਐੱਮ ਯੂ ਲਖਨਊ। ਅਨੇਕ ਕਾਰਪੋਰੇਟ ਡਾਕਟਰੀ ਸੰਸਥਾਨਾਂ ਨੇ ਆਪਣੀਆਂ ਸੇਵਾਵਾਂ ਵਧਾਉਣ ਲਈ ਟੈਲੀਮੈਡੀਸਨ ਕੇਂਦਰ ਸਥਾਪਤ ਕੀਤੇ ਹਨ : ਅੰਮ੍ਰਿਤ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਕੋਚੀ), ਨਾਰਾਇਣਾ ਹਿਰੁਦੇਆਲਯ (ਬੰਗਲੌਰ), ਏ ਈ ਸੀ ਐੱਸ (ਮਦੁਰਾਇ), ਅਪੋਲੋ ਹਸਪਤਾਲ (ਹੈਦਰਾਬਾਦ), ਸੰਕਰਾ ਨੇਥਰਾਲਿਆ (ਚੇਨੱਈ) ਅਤੇ ਰਾਮਾਚੰਦਰਾ ਮੈਡੀਕਲ ਸੈਂਟਰ (ਚੇਨੱਈ) ਸਹਿਜੇ-ਸਹਿਜੇ ਟੈਲੀਮੈਡੀਸਨ ਜਾਲ ਪੂਰੇ ਦੇਸ਼ ਵਿਚ ਫੈਲ ਗਿਆ ਹੈ ਜਿਸ ਤਹਿਤ ਭਾਰਤ ਵਿਚ 400 ਤੋਂ ਵੱਧ ਟੈਲੀਮੈਡੀਸਨ ਕੇਂਦਰ ਸਥਾਪਤ ਹੋਏ ਹਨ, 205 ਜ਼ਿਲ੍ਹਿਆਂ, ਪੇਂਡੂ ਖੇਤਰ ਦੇ ਹਸਪਤਾਲਾਂ ਵਿਚ ਅਤੇ 40 ਸੁਪਰ-ਸਪੈਸ਼ਲਿਟੀ ਹਸਪਤਾਲਾਂ ਵਿਚ। ਪਰ, ਇਨ੍ਹਾਂ ਵਿਚੋਂ ਬਹੁਤੇ ਕਦਮ ਇਕ 'ਮੋਹਰੀ ਪ੍ਰਾਜੈਕਟ' ਦੇ ਪੱਧਰ ਤਕ ਹੀ ਸੀਮਤ ਹੋ ਕੇ ਰਹਿ ਗਏ ਅਤੇ ਮੁੱਖ ਧਾਰਾ ਦੀ ਸਿਹਤ ਸੰਭਾਲ ਪ੍ਰਣਾਲੀ ਵਿਚ ਟੈਲੀਮੈਡੀਸਨ ਦਾ ਅਪਣਾਉਣਾ ਹਾਲੇ ਵੀ ਨਦਾਰਦ ਹੈ (ਮਿਸ਼ਰਾ, 2012)।

## ਚੁਨੌਤੀਆਂ, ਮੌਕੇ ਤੇ ਭਵਿੱਖ ਲਈ ਸੇਧ

ਭਾਰਤ ਵਿਚ ਸਿਹਤ ਸੰਭਾਲ ਸੇਵਾਵਾਂ ਦੇਣ ਲਈ ਟੈਲੀਮੈਡੀਸਨ ਨੂੰ ਵੱਧ ਤੋਂ ਵੱਧ ਅਪਣਾਉਣ ਦੀਆਂ ਚੁਨੌਤੀਆਂ ਨੂੰ ਵੱਖ-ਵੱਖ ਪੱਧਰਾਂ 'ਤੇ ਵਿਚਾਰਿਆ ਜਾ ਸਕਦਾ ਹੈ, ਜਿਵੇਂ ਨੀਤੀ, ਸਮਾਜਿਕ ਜਾਂ ਸੰਸਥਾਗਤ ਪੱਧਰ ਅਤੇ ਡਾਕਟਰੀ ਬੁਨਿਆਦੀ ਢਾਂਚਾ ਪੱਧਰ। ਭਾਵੇਂ ਕਿ ਉੱਪਰ ਦਿਤਾ ਵਰਗੀਕਰਨ ਪੂਰਕ ਨਹੀਂ ਹੈ, ਇਹ ਚੁਨੌਤੀਆਂ ਦੀ ਵਿਆਪਕ ਸਮਝ ਸੰਭਵ ਬਣਾਉਂਦਾ ਹੈ ਅਤੇ ਇਨ੍ਹਾਂ 'ਤੇ ਕਾਬੂ ਪਾਉਣ ਲਈ ਉਠਾਏ ਜਾਣ ਵਾਲੇ ਕਦਮਾਂ ਨੂੰ ਉਜਾਗਰ ਕਰਦਾ ਹੈ।

## ਨੀਤੀ ਪੱਧਰ ਤੇ ਮੁੱਦੇ

ਨੀਤੀ ਪੱਧਰ 'ਤੇ ਪ੍ਰਮੁੱਖ ਚੁਨੌਤੀ ਟੈਲੀਮੈਡੀਸਨ ਨੂੰ ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਦਾ ਅਨਿੱਖੜਵਾਂ ਅੰਗ ਬਣਾਉਣਾ ਹੈ। ਨੀਤੀ ਪੱਧਰ 'ਤੇ ਕੁਝ ਕਦਮ ਉਠਾਏ ਗਏ ਹਨ, ਜਿਵੇਂ ਕਿ ਟੈਲੀਮੈਡੀਸਨ ਬੁਨਿਆਦੀ ਢਾਂਚੇ ਦੇ ਮਾਨਕੀਕਰਨ ਲਈ ਦਿਸ਼ਾ-ਨਿਰਦੇਸ਼ ਤਿਆਰ ਕਰਨ ਵਾਸਤੇ ਸੂਚਨਾ ਤਕਨਾਲੋਜੀ ਵਿਭਾਗ ਨੂੰ ਸ਼ਾਮਿਲ ਕਰਨਾ ਤਾਂ ਕਿ ਅੰਤਰ-ਕਾਰਜ ਨੂੰ ਯਕੀਨੀ ਬਣਾਇਆ ਜਾ ਸਕੇ (ਮਿਸ਼ਰਾ, ਸਿੰਘ ਅਤੇ ਚਾਂਦ, 2012)। ਪਰ, ਬਹੁਤ ਬਾਰੇ ਦੂਜੇ ਗੰਭੀਰ ਮੁੱਦਿਆਂ ਦਾ ਹੱਲ ਕਰਨ ਦੀ ਲੋੜ ਹੈ ਜਿਸ ਦੇ ਲਈ ਵਿਆਪਕ ਨਿਯਮਕ ਢਾਂਚਾ ਬਣਾਉਣਾ ਪਵੇਗਾ ਤਾਂ ਕਿ ਸਾਰੀਆਂ ਧਿਰਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਅਤੇ ਦੇਣਦਾਰੀਆਂ ਦਾ ਅਹਿਸਾਸ ਹੋ ਸਕੇ। ਜਿਵੇਂ-ਜਿਵੇਂ ਟੈਲੀਮੈਡੀਸਨ ਸੂਚਨਾ ਅਦਾਨ ਪ੍ਰਦਾਨ ਅਤੇ ਸਿਹਤ ਸੰਭਾਲ ਦਾ ਦਾਇਰਾ ਭੂਗੋਲਿਕ ਖੇਤਰਾਂ ਵਿਚ ਵਧਾਉਂਦੀ ਜਾ ਰਹੀ ਹੈ, ਇਸ ਨਾਲ ਬਹੁਤ ਸਾਰੇ ਨੈਤਿਕ ਅਤੇ ਕਾਨੂੰਨੀ ਮੁੱਦੇ ਵੀ ਪੈਦਾ ਹੋ ਸਕਦੇ ਹਨ (ਲੀਰੇਗ ਅਤੇ ਗਾਰਫੀਲਡ, 2013)। ਪ੍ਰਮੁੱਖ ਧਿਰਾਂ, ਜਿਵੇਂ ਡਾਕਟਰਾਂ ਅਤੇ ਮਰੀਜ਼ਾਂ ਨੂੰ ਉਨ੍ਹਾਂ ਦੀ ਭੂਮਿਕਾ, ਫਰਜ਼ਾਂ ਅਤੇ ਹੱਕਾਂ ਪ੍ਰਤਿ, ਨਵੀਂ ਪ੍ਰਣਾਲੀ ਦੇ ਮੱਦੇਨਜ਼ਰ, ਸਪੱਸ਼ਟਤਾ ਹੋਣੀ ਚਾਹੀਦੀ ਹੈ। ਉਦਾਹਰਣ ਵਜੋਂ, ਟੈਲੀਮੈਡੀਸਨ ਮਰੀਜ਼ਾਂ ਦੀ ਅਹਿਮ ਡਾਕਟਰੀ ਅਤੇ ਵਿੱਤੀ ਜਾਣਕਾਰੀ ਸੰਬੰਧੀ ਨਿੱਜਤਾ ਨੂੰ ਖ਼ਤਰੇ ਵਿਚ ਪਾਉਣ

ਦੀ ਸੰਭਾਵਨਾ ਪੈਦਾ ਕਰ ਸਕਦੀ ਹੈ। ਨਿੱਜਤਾ ਬਣਾਈ ਰੱਖਣ ਲਈ ਪ੍ਰਣਾਲੀ ਵਿਚ ਢੁਕਵੇਂ ਪ੍ਰਬੰਧ ਸ਼ਾਮਿਲ ਕਰਨ ਦੀ ਲੋੜ ਹੈ ਜੋ ਨਿੱਜਤਾ ਅਤੇ ਡਾਕਟਰੀ ਜਾਣਕਾਰੀ ਸੰਬੰਧੀ ਤੌਖ਼ਲਿਆਂ ਦਾ ਹੱਲ ਕੱਢਿਆ ਜਾ ਸਕੇ। ਸੰਭਵ ਹੈ ਕਿ ਟੈਲੀਮੈਡੀਸਨ ਨਾਲ ਇਕ ਮਰੀਜ਼ ਦਾ ਇਲਾਜ ਵੱਖ-ਵੱਖ ਭੂਗੋਲਿਕ ਖੇਤਰਾਂ ਦੇ ਡਾਕਟਰਾਂ ਵਲੋਂ ਕੀਤਾ ਜਾਵੇ ਜਿਸ ਨਾਲ ਮਰੀਜ਼ ਦੇ ਇਲਾਜ ਸੰਬੰਧੀ ਅਤੇ ਮਾਲਕੀ ਅਤੇ ਜਵਾਬਦੇਹੀ ਦੇ ਕਈ ਵਿਵਾਦ ਵਾਲੇ ਮੁੱਦੇ ਖੜ੍ਹੇ ਹੋ ਸਕਦੇ ਹਨ। ਸਿੱਟੇ ਵਜੋਂ, ਡਾਕਟਰਾਂ ਅਤੇ ਮਰੀਜ਼ਾਂ ਵਿਚ ਉਨ੍ਹਾਂ ਦੇ ਕਾਨੂੰਨੀ ਕਰਤਵਾਂ ਤੇ ਜ਼ਿੰਮੇਵਾਰੀਆਂ ਪ੍ਰਤਿ ਅਨਿਸ਼ਚਿਤਤਾ ਬਣੀ ਰਹੇਗੀ। ਭਾਰਤ ਵਿਚ ਕਿਉਂਕਿ ਡਾਕਟਰੀ ਸੇਵਾਵਾਂ ਖ਼ਪਤਕਾਰ ਸੁਰੱਖਿਆ ਐਕਟ (1986) ਦੇ ਘੇਰੇ ਵਿਚ ਆਉਂਦੀਆਂ ਹਨ ਅਤੇ ਡਾਕਟਰਾਂ ਖ਼ਿਲਾਫ਼ ਕਾਨੂੰਨੀ ਚਾਰਾਜੋਈ ਦੇ ਮਾਮਲਿਆਂ ਵਿਚ ਵੀ ਕਾਫ਼ੀ ਵਾਧਾ ਹੋਇਆ ਹੈ (ਗਣੇਸ਼, 2009)। ਨੀਤੀ ਘਾੜਿਆਂ ਨੂੰ ਇਹ ਮਸਲੇ ਹੱਲ ਕਰਨ ਦੀ ਲੋੜ ਹੈ ਤਾਂ ਕਿ ਵਿਆਪਕ ਜਨ ਸਿਹਤ ਪ੍ਰਣਾਲੀ ਵਿਚ ਟੈਲੀਮੈਡੀਸਨ ਦਾ ਪਸਾਰ ਸੰਭਵ ਹੋ ਸਕੇ। ਜਦ ਕਿ ਮਰੀਜ਼ ਦੇ ਪੱਖ ਤੋਂ ਟੈਲੀਮੈਡੀਸਨ ਦੇ ਆਰਥਿਕ ਫ਼ਾਇਦੇ ਸਪੱਸ਼ਟ ਹਨ, ਉਦਾਹਰਣ ਵਜੋਂ ਸ਼ਹਿਰੀ ਖੇਤਰਾਂ ਵਿਚ ਇਲਾਜ ਕਰਵਾਉਣ ਜਾਣ ਲਈ, ਜ਼ਾਇਆ ਹੋਣ ਵਾਲਾ ਸਮਾਂ ਅਤੇ ਧਨ ਬਚਦਾ ਹੈ, ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਦੇ ਨਜ਼ਰੀਏ ਤੋਂ ਨਿਵੇਸ਼ ਤੋਂ ਹੋਣ ਵਾਲੀ ਆਮਦਨ ਬਾਰੇ ਅਨਿਸ਼ਚਤਤਾ ਬਣੀ ਹੋਈ ਹੈ (ਲੀਰੋਗ ਅਤੇ ਗਾਰਫੀਲਡ, 2013)। ਇਸ ਕਰਕੇ, ਅੰਦਾਜ਼ਨ, ਜ਼ਿਆਦਾਤਰ ਟੈਲੀਮੈਡੀਸਨ ਦਖ਼ਲਾਂ ਨੂੰ 'ਸੰਕਲਪ ਪ੍ਰਾਜੈਕਟ' ਵਜੋਂ ਯੋਜਨਾਬਧ ਕੀਤਾ ਜਾਂਦਾ ਹੈ ਜੋ ਜਾਂ ਤਾਂ ਸਰਕਾਰ ਦੀ ਪਹਿਲਕਦਮੀ 'ਤੇ ਆਧਾਰਿਤ ਹੁੰਦੇ ਹਨ ਜਾਂ ਇਨ੍ਹਾਂ ਨੂੰ ਜਨਤਕ-ਨਿੱਜੀ ਭਾਈਵਾਲੀ ਦੇ ਤੌਰ 'ਤੇ ਲਾਗੂ ਕੀਤਾ ਜਾਂਦਾ ਹੈ (ਮਿਸ਼ਰਾ, 2012)। ਇਹ ਪਹਿਲਕਦਮੀਆਂ ਆਮ ਤੌਰ ਤੇ ਵਿੱਤ ਵਾਸਤੇ ਸਰਕਾਰੀ ਅਨੁਦਾਨਾਂ 'ਤੇ ਨਿਰਭਰ ਹੁੰਦੀਆਂ ਹਨ, ਸਿੱਟੇ ਵਜੋਂ ਵਿੱਤੀ ਵਿਹਾਰਕਤਾ ਵੱਲ ਬਹੁਤ ਘੱਟ ਧਿਆਨ ਦਿਤਾ ਜਾਂਦਾ ਹੈ। ਟੈਲੀਮੈਡੀਸਨ ਨੂੰ ਸਿਹਤ ਸੰਭਾਲ ਤੰਤਰ ਦਾ ਅਨਿਖੜਵਾਂ ਅੰਗ ਬਣਾਉਣ ਲਈ ਅਤੇ ਸਥਾਈ ਤੌਰ ਤੇ ਨਿੱਜੀ ਖੇਤਰ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ ਲਈ, ਟੈਲੀਮੈਡੀਸਨ ਪ੍ਰਾਜੈਕਟਾਂ ਦੀ ਵਿੱਤੀ ਵਿਹਾਰਕਤਾ ਯਕੀਨੀ ਬਣਾਉਣ ਲਈ ਅਨੇਕ ਨੀਤੀਗਤ ਪਹਿਲਕਦਮੀਆਂ ਦੀ ਲੋੜ ਹੈ, ਜਿਵੇਂ ਕਿ ਟੈਲੀਮੈਡੀਸਨ ਦੁਆਰਾ ਕੀਤੇ ਗਏ ਇਲਾਜ ਦੀ ਅਦਾਇਗੀ ਦੀ ਸਪੱਸ਼ਟਤਾ। ਇਹ ਖ਼ਾਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਜ਼ਿਆਦਾਤਰ ਸਿਹਤ ਸੇਵਾਵਾਂ ਨਿੱਜੀ ਖੇਤਰ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ (ਬਾਲਾਰਾਜਨ, ਸੇਲਵਾਰਾਜ ਅਤੇ ਸੁਬਰਾਮਨੀਅਮ, 2011)।

## ਸਰੋਤ ਪੱਧਰ ਉੱਪਰ ਮੁੱਦੇ

ਟੈਲੀਮੈਡੀਸਨ ਲਈ ਮੁਢਲੇ ਸਰੋਤਾਂ ਦੀ ਲੋੜ ਵਿਚ ਤਕਨਾਲੋਜੀ ਅਤੇ ਮਨੁੱਖੀ ਸਰੋਤ ਦੇ ਮਸਲੇ ਸ਼ਾਮਿਲ ਹਨ। ਇਕ ਪ੍ਰਭਾਵੀ ਡਾਕਟਰ ਸੂਚਨਾ ਦੇ ਮਾਧਿਅਮ ਵਜੋਂ ਕੰਮ ਕਰਨ ਲਈ ਤਕਨਾਲੋਜੀ ਸੂਚਨਾ ਦੀ ਨਿਪੁੰਨ ਤਬਦੀਲੀ ਨੂੰ ਯੋਗ ਬਣਾਏ, ਜਿਸ ਦੌਰਾਨ ਰਿਕਾਰਡਿੰਗ, ਭੰਡਾਰਨ ਅਤੇ ਸੂਚਨਾ ਤਬਦੀਲ ਕਰਨ ਸਮੇਂ ਘੱਟ ਤੋਂ ਘੱਟ ਸੂਚਨਾ ਦੀ ਹਾਨੀ ਹੋਵੇ। ਬ੍ਰਾਡਬੈਂਡ ਬੁਨਿਆਦੀ ਢਾਂਚੇ ਦੀ ਕਮੀ ਇਕ ਵੱਡੀ ਚੁਨੌਤੀ ਹੈ ਜਿਸ ਨੂੰ ਉੱਚ ਮੰਗ ਵਾਲੇ ਵੀਡੀਓ ਅਤੇ ਭੰਡਾਰਨ, ਅੱਗੇ ਭੇਜਣ ਦੀਆਂ ਸੇਵਾਵਾਂ ਲਈ ਦਰੁਸਤ ਕੀਤਾ ਜਾਣਾ ਚਾਹੀਦਾ ਹੈ (ਲੀਰੋਗ ਅਤੇ ਗਾਰਫੀਲਡ, 2013)। ਪ੍ਰਭਾਵਿਕਤਾ ਯਕੀਨੀ ਬਣਾਉਣ ਸਮੇਂ ਤਕਨੀਕੀ ਡਿਜ਼ਾਈਨ ਲਾਗਤ ਨਿਪੁੰਨਤਾ ਅਤੇ ਸਮਰੱਥਾ ਦੇ ਮਸਲੇ ਨੂੰ ਵੀ ਹੱਲ ਕਰੇ। ਜਦ ਕਿ ਮੋਹਰੀ ਪ੍ਰਾਜੈਕਟ ਦੇ ਦੌਰ ਵਿਚ ਇਕ ਖ਼ਾਸ ਬੀਮਾਰੀ ਦੇ ਪੱਧਰ 'ਤੇ ਟੈਲੀਮੈਡੀਸਨ ਦਖ਼ਲ ਸ਼ੁਰੂ ਕਰਨਾ ਜ਼ਰੂਰੀ ਹੈ ਤਾਂ ਕਿ ਮਾਮੂਲੀ ਸਮੱਸਿਆਵਾਂ ਜਿਵੇਂ ਕਿ ਅੰਤਰ ਸਤਹੀ ਕੈਮਰੇ ਦੁਆਰਾ ਸ਼ੂਗਰ ਵਾਲੇ ਅੱਖਾਂ ਦੇ ਰੋਗ ਦੀ ਜਾਂਚ ਕਰਨਾ ਆਦਿ ਦੇ ਹੱਲ ਲੱਭੇ ਜਾ ਸਕਣ। ਇਸ ਲਈ ਤਕਨਾਲੋਜੀ ਵਿਆਪਕ ਵਰਤੋਂ ਸਮਰੱਥਾ ਯਕੀਨੀ ਬਣਾ ਸਕਦੀ ਹੈ। ਉਦਾਹਰਣ ਵਜੋਂ, ਅੰਤਰ ਸਤਹੀ ਕੈਮਰਾ ਜਿਸ ਨੇ ਅੱਖਾਂ ਦੇ ਡਾਕਟਰਾਂ ਨੂੰ ਸ਼ੂਗਰ ਵਾਲੇ ਅੱਖਾਂ ਦੇ ਰੋਗ ਦੀ ਜਾਂਚ ਦੇ ਸਮਰੱਥ ਬਣਾਇਆ, ਇਹ ਵੱਖ-ਵੱਖ ਬੀਮਾਰੀਆਂ ਜਿਵੇਂ ਚਮੜੀ ਦੰਦਾਂ ਆਦਿ ਦੀ ਤਸਵੀਰ ਅਧਾਰਿਤ ਜਾਂਚ ਵੀ ਸੰਭਵ ਬਣਾ ਸਕਦਾ ਹੈ। ਇਸ ਤਰ੍ਹਾਂ, ਇਕ ਡਿਜ਼ੀਟਲ ਕੈਮਰਾ ਔਰਤ ਰੋਗ, ਅੱਖਾਂ ਦੇ ਰੋਗ, ਦੰਦਾਂ ਦੇ ਰੋਗ ਅਤੇ ਚਮੜੀ ਦੀਆਂ ਬੀਮਾਰੀਆਂ ਦੀ ਜਾਂਚ ਲਈ ਬਹੁ-ਵਿਸ਼ੇਸ਼ਤਾਵਾਂ ਵਾਸਤੇ ਲਾਗਤ ਸਾਂਝੀ ਕਰਨ ਦਾ ਸਬੱਬ ਬਣ ਸਕਦਾ ਹੈ ਜਿਸ ਨਾਲ ਤਕਨਾਲੋਜੀ ਹੱਲ ਦੀ ਸਮਰੱਥਾ ਵਧ ਸਕਦੀ ਹੈ। ਤਕਨਾਲੋਜੀ ਭਰੋਸੇਯੋਗਤਾ ਯਕੀਨੀ ਬਣਾਉਣ ਲਈ ਦੂਸਰੇ ਮਸਲੇ ਜਿਵੇਂ ਭਰੋਸੇਯੋਗ ਊਰਜਾ ਪੂਰਤੀ ਅਤੇ ਢੁਕਵੇਂ ਹਾਰਡਵੇਅਰ ਆਦਿ 'ਤੇ ਵੀ ਕਾਬੂ ਪਾਉਣ ਦੀ ਲੋੜ ਹੈ।

ਡਾਕਟਰ ਅਤੇ ਜਨਸੰਖਿਆ ਦੀ ਨਿਮਨ ਔਸਤ ਕਾਰਨ, ਭਾਰਤ ਵਿਚ ਡਾਕਟਰ ਮਰੀਜ਼ਾਂ ਦੇ ਬੋਝ ਨਾਲ ਦੱਬੇ ਰਹਿੰਦੇ ਹਨ। ਇਸ ਕਰਕੇ ਟੈਲੀਮੈਡੀਸਨ ਦੁਆਰਾ ਉਨ੍ਹਾਂ ਨੂੰ ਸਿਹਤ ਸੇਵਾਵਾਂ ਦੇਣ ਦੇ ਕਾਰਜ ਵਿਚ ਸ਼ਾਮਿਲ ਕਰਨ ਲਈ ਖ਼ਾਸ ਪਹਿਲਕਦਮੀਆਂ ਦੀ ਲੋੜ ਹੈ ਤਾਂ ਜੋ ਟੈਲੀਮੈਡੀਸਨ ਨੂੰ ਪ੍ਰਭਾਵੀ ਅਤੇ ਨਿਪੁੰਨ ਬਣਾਇਆ ਜਾ ਸਕੇ। ਉਦਾਹਰਣ ਲਈ, ਟੈਲੀਮੈਡੀਸਨ ਨੂੰ ਵੱਖ-ਵੱਖ ਬੀਮਾਰੀਆਂ ਦੇ ਵਿਸ਼ੇਸ਼ਤਾਵਾਂ ਅਧੀਨ ਤਸਵੀਰ ਆਧਾਰਿਤ ਜਾਂਚ ਲਈ ਡਿਜ਼ਾਈਨ ਕੀਤਾ ਜਾ ਸਕਦਾ ਹੈ ਜਿਵੇਂ ਕਿ ਚਮੜੀ ਰੋਗ, ਦੰਦਾਂ ਦੇ ਰੋਗ, ਅੱਖਾਂ ਦੇ ਰੋਗ ਅਤੇ ਔਰਤ ਰੋਗ। ਖ਼ਾਸ ਬੀਮਾਰੀਆਂ 'ਤੇ ਧਿਆਨ ਦੇਣ ਨਾਲ ਡਾਕਟਰ ਦੇ ਫ਼ੈਸਲੇ ਦੇ ਅਨੁਮਾਨ ਅਤੇ ਫ਼ੈਸਲਾ ਲੈਣ ਲਈ ਬੈਂਡਵਿਡਥ ਦੀ ਲੋੜ ਨੂੰ ਕਾਫ਼ੀ ਹੱਦ ਤਕ ਘੱਟ ਕਰ ਸਕਦਾ ਹੈ ਜਿਸ ਨਾਲ ਡਾਕਟਰ ਦੇ ਰੁਝੇਵਿਆਂ 'ਤੇ ਘੱਟ ਤੋਂ ਘੱਟ ਅਸਰ ਪਵੇਗਾ।

ਜਿਵੇਂ ਕਿ ਉਪਰ ਦੱਸਿਆ ਗਿਆ, ਚਿਕਿਤਸਾ ਸਹਾਇਕ ਸ਼ਹਿਰੀ ਖੇਤਰਾਂ ਵਿਚ ਮੌਜੂਦ ਮਾਹਰਾਂ ਅਤੇ ਪੇਂਡੂ ਜਨਸੰਖਿਆ ਵਿਚਕਾਰ ਇਕ ਅਹਿਮ ਕੜੀ ਵਜੋਂ ਕੰਮ ਕਰ ਸਕਦੇ ਹਨ। ਚਿਕਿਤਸਾ ਸਹਾਇਕਾਂ ਦੀ ਕਮੀ ਨੂੰ ਦੂਰ ਕਰਨਾ ਅਤੇ ਸਟਾਫ਼ ਨੂੰ ਟੈਲੀਮੈਡੀਸਨ ਦੀ ਵਰਤੋਂ ਲਈ ਸਿੱਖਿਅਤ ਕਰਨਾ ਪੇਂਡੂ ਖੇਤਰਾਂ ਵਿਚ ਟੈਲੀਮੈਡੀਸਨ ਦੇ ਪਸਾਰ ਲਈ ਬੇਹੱਦ ਜ਼ਰੂਰੀ ਹੈ।

## ਸਮਾਜਿਕ-ਸਭਿਆਚਾਰਕ ਪੱਧਰ 'ਤੇ ਮਸਲੇ

ਸਮਾਜਿਕ-ਸਭਿਆਚਾਰਕ ਰੁਕਾਵਟਾਂ ਤਤਕਾਲੀ ਸੰਸਥਾਗਤ ਨਿਯਮਾਂ ਨਾਲ ਸੰਬੰਧਿਤ ਹੁੰਦੇ ਹਨ ਜੋ ਜਨਸੰਖਿਆ ਦਾ ਸਿਹਤ ਸੇਵਾਵਾਂ ਲੈਣ ਪ੍ਰਤਿ ਰਵੱਈਆ ਨਿਰਧਾਰਤ ਕਰਦੇ ਹਨ। ਸਥਾਨਕ ਡਾਕਟਰਾਂ ਦੁਆਰਾ ਦਿਤੀ ਜਾਣ ਵਾਲੀ ਦਵਾਈ ਦੀ ਵਿਕਲਪਿਕ ਪ੍ਰਣਾਲੀ ਮਰੀਜ਼ਾਂ ਦੁਆਰਾ ਆਮ ਤੌਰ ਤੇ ਅਪਣਾਏ ਜਾਂਦੇ ਤਰੀਕੇ ਦਾ ਕਾਰਨ ਬਣਦੀ ਹੈ ਖ਼ਾਸ ਕਰਕੇ ਵਿਕਾਸਸ਼ੀਲ ਦੇਸ਼ ਦੇ ਸੰਦਰਭ ਵਿਚ ਮੁਢਲੀ ਸਾਂਭ ਸੰਭਾਲ ਦੇ ਖੇਤਰ ਅੰਦਰ (ਸੁਜਾਤਾ, 2007)। ਦੂਜੇ ਪਾਸੇ ਟੈਲੀਮੈਡੀਸਨ

*ਬਾਕੀ ਸਫ਼ਾ 45 ਉੱਤੇ*

# ਬੇਟੀ ਬਚਾਓ, ਬੇਟੀ ਪੜ੍ਹਾਓ

**20**11 ਦੀ ਮਰਦਮਸ਼ੁਮਾਰੀ ਦੇ ਅੰਕੜੇ ਬੱਚਿਆਂ ਦੇ ਲਿੰਗ ਅਨੁਪਾਤ ਵਿਚ ਵੱਡੀ ਗਿਰਾਵਟ ਦਰਸਾਉਂਦੇ ਹਨ ਜੋ ਸਭ ਤੋਂ ਘੱਟ 918 ਹੈ। ਇਨ੍ਹਾਂ ਅੰਕੜਿਆਂ ਵਿਚ ਉਜਾਗਰ ਕੀਤੀ ਗਈ ਗਈ ਵੱਡੀ ਗਿਰਾਵਟ ਬਾਲੜੀਆਂ ਨੂੰ ਬਚਾਉਣ ਲਈ ਫੌਰੀ ਕਾਰਜ ਯੋਜਨਾ ਦੀ ਮੰਗ ਕਰਦੀ ਹੈ। ਇਸ ਵਾਸਤੇ ਸਰਕਾਰ ਵਲੋਂ ਬੇਟੀ ਬਚਾਓ, ਬੇਟੀ ਪੜ੍ਹਾਓ ਸਕੀਮ ਦਾ ਐਲਾਨ ਕੀਤਾ ਗਿਆ ਹੈ ਤਾਂ ਜੋ ਦੇਸ਼ ਭਰ ਅੰਦਰ ਜਨ ਚੇਤਨਾ ਅੰਦੋਲਨ ਚਲਾ ਕੇ ਅਤੇ ਕੇਂਦਰਿਤ ਦਖ਼ਲ ਅਤੇ ਬਹੁ-ਖੇਤਰੀ ਯੋਜਨਾਵਾਂ 100 ਲਿੰਗ ਅਨੁਪਾਤ ਦੇ ਗੰਭੀਰ ਖ਼ਤਰੇ ਵਾਲੇ ਜ਼ਿਲ੍ਹਿਆਂ 'ਚ ਚਲਾ ਕੇ ਬੱਚਿਆਂ ਦੇ ਘਟ ਰਹੇ ਲਿੰਗ ਅਨੁਪਾਤ ਨੂੰ ਦਰੁਸਤ ਕੀਤਾ ਜਾ ਸਕੇ।

2011 ਦੀ ਮਰਦਮਸ਼ੁਮਾਰੀ ਨੂੰ ਅਧਾਰ ਮੰਨ ਕੇ, ਸਾਰੇ ਰਾਜਾਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਦੇ ਘੱਟੋ-ਘੱਟ ਇਕ ਜ਼ਿਲ੍ਹੇ ਨੂੰ ਲੈ ਕੇ 100 ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਹੈ ਜਿਥੇ ਬੱਚਿਆਂ ਦਾ ਲਿੰਗ ਅਨੁਪਾਤ ਘੱਟ ਹੈ। ਜ਼ਿਲ੍ਹਿਆਂ ਦੀ ਚੋਣ ਲਈ ਤਿੰਨ ਮਾਪਦੰਡ ਹਨ (1) ਰਾਸ਼ਟਰੀ ਔਸਤ ਤੋਂ ਘੱਟ ਵਾਲੇ ਜ਼ਿਲ੍ਹੇ (23 ਰਾਜਾਂ ਦੇ 87 ਜ਼ਿਲ੍ਹੇ) (2) ਰਾਸ਼ਟਰੀ ਔਸਤ ਤੋਂ ਉੱਪਰ ਪਰ ਗਿਰਾਵਟ ਦਰਜ ਕਰਨ ਵਾਲੇ ਜ਼ਿਲ੍ਹੇ ਜਿਥੇ ਵਾਧੇ ਦਾ ਰੁਝਾਨ ਦਰਜ ਕੀਤਾ ਗਿਆ ਹੈ (5 ਰਾਜਾਂ ਅੰਦਰ 5 ਜ਼ਿਲ੍ਹੇ)। ਇਹ ਜ਼ਿਲ੍ਹੇ ਇਸ ਪ੍ਰਕਾਰ ਚੁਣੇ ਗਏ ਹਨ ਕਿ ਬੱਚਿਆਂ ਦੇ ਲਿੰਗ ਅਨੁਪਾਤ ਨੂੰ ਬਣਾਈ ਰੱਖਿਆ ਜਾ ਸਕੇ ਅਤੇ ਦੂਸਰੇ ਜ਼ਿਲ੍ਹੇ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਤਜਰਬੇ ਦਾ ਫ਼ਾਇਦਾ ਉਠਾ ਸਕਣ।

ਇਸ ਮੁਹਿੰਮ ਵਾਸਤੇ ਬਜਟ ਵਿਚ 100 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ ਅਤੇ 100 ਕਰੋੜ ਰੁਪਏ 'ਬਾਲੜੀ ਸੁਰੱਖਿਆ ਅਤੇ ਸੰਭਾਲ' ਯੋਜਨਾ ਜੋ 12ਵੀਂ ਪੰਜ ਸਾਲਾ ਯੋਜਨਾ ਦਾ ਹਿੱਸਾ ਹੈ, ਤਹਿਤ ਯੋਜਨਾਕ੍ਰਿਤ ਖ਼ਾਕੇ ਰਾਹੀਂ ਇਕੱਤਰ ਕੀਤੇ ਜਾਣੇ ਹਨ। ਵਧੀਕ ਸਰੋਤ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ, ਜੋ ਰਾਸ਼ਟਰੀ ਅਤੇ ਰਾਜ ਪੱਧਰ 'ਤੇ ਚਲਾਈ ਜਾਵੇਗੀ, ਦੁਆਰਾ ਇਕੱਤਰ ਕੀਤੇ ਜਾ ਸਕਦੇ ਹਨ। ਇਸ ਸਕੀਮ ਦਾ ਅਨੁਮਾਨਤ ਖਰਚਾ 200 ਕਰੋੜ ਰੁਪਏ ਹੈ ਜਿਸ ਵਿਚੋਂ 115 ਕਰੋੜ ਰੁਪਏ ਵਰਤਮਾਨ ਸਾਲ 2014-15 (ਛੇ ਮਹੀਨਿਆਂ ਲਈ) ਵਿਚ ਜਾਰੀ ਕਰਨ ਦਾ ਪ੍ਰਸਤਾਵ ਹੈ ; 45 ਕਰੋੜ ਅਤੇ 40 ਕਰੋੜ ਰੁਪਏ 2015-16 ਤੇ 2016-17 'ਚ ਜਾਰੀ ਕੀਤੇ ਜਾਣਗੇ।

• ਇਸ ਸਕੀਮ ਦਾ ਮੁੱਖ ਟੀਚਾ ਕੁੜੀਆਂ ਨੂੰ ਸਨਮਾਨ ਦੇਣਾ ਅਤੇ ਸਿੱਖਿਅਤ ਕਰਨਾ ਹੈ। ਇਸ ਦਾ ਉਦੇਸ਼ ਲਿੰਗ ਅਧਾਰਿਤ ਵਿਤਕਰੇ ਨੂੰ ਖ਼ਤਮ ਕਰਨਾ ਅਤੇ ਬਾਲੜੀਆਂ ਦਾ ਜਿਉਣਾ, ਸੁਰੱਖਿਆ ਅਤੇ ਸਿੱਖਿਆ ਯਕੀਨੀ ਬਣਾਉਣਾ ਹੈ। • ਇਸ ਯੋਜਨਾ ਵਾਸਤੇ 8 ਨਿਗਰਾਨੀ ਯੋਗ ਟੀਚੇ ਪਛਾਣੇ ਗਏ ਹਨ, ਜਿਸ ਵਿਚ 100 ਗੰਭੀਰ ਲਿੰਗ ਅਨੁਪਾਤ ਵਾਲੇ ਜ਼ਿਲ੍ਹਿਆਂ ਵਿਚ ਹਰ ਸਾਲ ਐੱਸ ਆਰ ਬੀ ਵਿਚ 10 ਅੰਕਾਂ ਦਾ ਵਾਧਾ ਕਰਨਾ ਮਿਥਿਆ ਗਿਆ ਹੈ। • ਪੰਜ ਸਾਲ ਤੋਂ ਘੱਟ ਉਮਰ ਦੀ ਮੌਤ ਦਰ ਵਿਚ ਲਿੰਗ ਭੇਦ ਨੂੰ 2011 ਦੇ 8 ਅੰਕਾਂ ਦੇ ਮੁਕਾਬਲੇ 2017 ਵਿਚ 4 ਅੰਕਾਂ ਤਕ ਘੱਟ ਕਰਨਾ। • 5 ਸਾਲ ਤੋਂ ਘੱਟ ਉਮਰ ਦੀਆਂ ਬਾਲੜੀਆਂ ਘੱਟ ਵਜ਼ਨ ਅਤੇ ਖ਼ੂਨ ਦੀ ਕਮੀ ਨੂੰ ਘੱਟ ਕਰ ਕੇ ਪੋਸ਼ਣ ਦੇ ਪੱਧਰ ਵਿਚ ਸੁਧਾਰ ਕਰਨਾ (ਐੱਨ ਐੱਫ਼ ਐੱਚ ਐੱਸ 3 ਪੱਧਰ ਤੋਂ)। • ਸੰਗਠਿਤ ਬਾਲ ਵਿਕਾਸ ਸਕੀਮ ਦਾ ਵਿਆਪੀਕਰਨ, ਬੱਚੀਆਂ ਦੀ ਹਾਜ਼ਰੀ ਅਤੇ ਬਰਾਬਰ ਸਾਂਭ ਸੰਭਾਲ, ਸੰਗਠਿਤ ਬਾਲ ਵਿਕਾਸ ਸਕੀਮ ਐੱਨ ਆਰ ਐੱਸ ਐੱਮ ਮਾਂ-ਬੱਚੇ ਦੀ ਸੁਰੱਖਿਆ ਤਹਿਤ ਯਕੀਨੀ ਬਣਾਉਣਾ। • ਸੈਕੰਡਰੀ ਸਿੱਖਿਆ ਲਈ 2013-14 ਦੇ 76 ਪ੍ਰਤਿਸ਼ਤ ਦੇ ਮੁਕਾਬਲੇ 2017 ਵਿਚ ਲੜਕੀਆਂ ਦੀ ਹਾਜ਼ਰੀ 79 ਪ੍ਰਤਿਸ਼ਤ ਤਕ ਕਰਨਾ। • 100 ਬਾਲ ਲਿੰਗ ਅਨੁਪਾਤ ਵਾਲੇ ਜ਼ਿਲ੍ਹਿਆਂ ਦੇ ਹਰੇਕ ਸਕੂਲ ਅੰਦਰ 2017 ਤਕ ਪਖ਼ਾਨੇ ਦੀ ਸਹੂਲਤ ਦੇਣਾ। • ਬੱਚਿਆਂ ਦੀ ਸੁਰੱਖਿਆ ਲਈ ਬਣਾਏ ਲਿੰਗ ਅਪਰਾਧ ਐਕਟ 2012 ਤਹਿਤ ਕੁੜੀਆਂ ਲਈ ਸੁਰੱਖਿਆ ਭਰਪੂਰ ਵਾਤਾਵਰਨ ਦਾ ਨਿਰਮਾਣ ਕਰਨਾ। • ਲਿੰਗ ਅਨੁਪਾਤ ਵਧਾਉਣ ਅਤੇ ਬਾਲੜੀਆਂ ਲਈ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਚੁਣੇ ਹੋਏ ਪ੍ਰਤਿਨਿਧਾਂ ਅਤੇ ਨਿਮਨ ਪੱਧਰ 'ਤੇ ਅਹੁਦੇਦਾਰਾਂ ਨੂੰ ਸਮਾਜ ਦੇ ਮੋਹਰੀਆਂ ਵਜੋਂ ਸਿੱਖਿਅਤ ਕਰਨਾ।

ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਲਈ ਉਲੀਕੀ ਰਣਨੀਤੀ ਵਿਚ ਸ਼ਾਮਿਲ ਹੈ :

• ਪ੍ਰਭਾਵੀ ਸਮਾਜਿਕ ਜਾਗਰੂਕਤਾ ਅਤੇ ਸਮਾਜਿਕ ਚੇਤਨਾ ਲਹਿਰ ਨੂੰ ਅਮਲ ਵਿਚ ਲਿਆਉਣਾ ਤਾਂ ਕਿ ਬੱਚੀਆਂ ਵਾਸਤੇ ਬਰਾਬਰੀ ਦੇ ਅਧਿਕਾਰ ਅਤੇ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜਾ ਸਕੇ। • ਸੁਸ਼ਾਸਨ ਦੇ ਹਿੱਸੇ ਤਹਿਤ ਘਟਦੇ ਬਾਲ ਲਿੰਗ ਅਨੁਪਾਤ/ਐੱਸ ਆਰ ਬੀ ਦੇ ਮੁੱਦੇ ਨੂੰ ਜਨਤਾ ਵਿਚਕਾਰ ਚਰਚਾ ਦਾ ਮੁੱਦਾ ਬਣਾਉਣਾ। • ਲਿੰਗ ਅਨੁਪਾਤ ਪੱਖੋਂ ਗੰਭੀਰ ਜ਼ਿਲ੍ਹਿਆਂ ਅਤੇ ਸ਼ਹਿਰਾਂ ਤੇ ਤੀਬਰ ਅਤੇ ਏਕੀਕ੍ਰਿਤ ਕਾਰਜ ਯੋਜਨਾ ਤਹਿਤ ਧਿਆਨ ਕੇਂਦਰਿਤ ਕਰਨਾ। • ਪੰਚਾਇਤੀ ਰਾਜ ਸੰਸਥਾਵਾਂ/ਸ਼ਹਿਰੀ ਸਥਾਨਕ ਇਕਾਈਆਂ/ਨਿਮਨ ਪੱਧਰ 'ਤੇ ਕਾਮਿਆਂ ਨੂੰ ਸਥਾਨਕ ਭਾਈਚਾਰੇ/ਔਰਤਾਂ/ਨੌਜਵਾਨ ਸਮੂਹਾਂ ਦੀ ਭਾਈਵਾਲੀ ਵਿਚ ਜਾਗ੍ਰਿਤ ਅਤੇ ਸਿੱਖਿਅਤ ਕਰਨਾ। • ਇਹ ਯਕੀਨੀ ਬਣਾਉਣਾ ਕਿ ਸੇਵਾਵਾਂ ਦੇਣ ਦਾ ਢਾਂਚਾ/ਸਕੀਮਾਂ ਅਤੇ ਪ੍ਰੋਗਰਾਮ ਲਿੰਗ ਅਤੇ ਬੱਚਿਆਂ ਦੇ ਹੱਕਾਂ ਪ੍ਰਤਿ ਢੁਕਵੇਂ ਜਵਾਬਦੇਹ ਹੋਣ। •

ਅੰਤਰ-ਖੇਤਰੀ-ਅੰਤਰ ਸੰਸਥਾ ਮਿਲਾਪ ਨੂੰ ਜ਼ਿਲ੍ਹਾ/ਮੰਡਲ/ਨਿਮਨ ਪੱਧਰ ਤੋਂ ਸਮਰੱਥ ਕਰਨਾ।

ਇਸ ਪ੍ਰੋਗਰਾਮ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਦੋ ਮੁੱਖ ਅੰਗ ਜਨ ਸੰਚਾਰ ਲਹਿਰ ਹੈ ਜਿਸ ਨੂੰ ਰਾਸ਼ਟਰੀ, ਰਾਜ ਅਤੇ ਜ਼ਿਲ੍ਹਾ ਪੱਧਰੀ ਭਾਈਚਾਰਕ ਪੱਧਰ ਦੇ ਦਖ਼ਲ ਨਾਲ 100 ਜ਼ਿਲ੍ਹਿਆਂ ਵਿਚ ਅੰਤਰ-ਸੰਬੰਧਿਤ ਕੀਤਾ ਜਾ ਸਕਦਾ ਹੈ। ਇਸ ਨਾਲ ਪ੍ਰਭਾਵੀ ਨਤੀਜੇ ਲਈ ਵੱਖ-ਵੱਖ ਧਿਰਾਂ ਇਕੱਠੀਆਂ ਹੋਣਗੀਆਂ। ਬਹੁ-ਖੇਤਰੀ ਕਾਰਜ ਯੋਜਨਾ, ਜੋ ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲਾ ਅਤੇ ਮਨੁੱਖੀ ਸਰੋਤ ਮੰਤਰਾਲਾ ਦੀ ਸਲਾਹ ਨਾਲ ਉਲੀਕੀ ਗਈ ਹੈ, ਵਿਚ ਗਿਣਨਯੋਗ ਨਤੀਜੇ ਅਤੇ ਸੰਬੰਧਿਤ ਖੇਤਰਾਂ, ਰਾਜਾਂ ਅਤੇ ਜ਼ਿਲ੍ਹਿਆਂ ਦੇ ਸੂਚਕ ਸ਼ਾਮਿਲ ਹੋਣਗੇ। ਰਾਜ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ ਬਹੁ-ਖੇਤਰੀ ਕਾਰਜ ਯੋਜਨਾ ਲਈ ਰਾਜਾਂ ਦੀ ਟਾਸਕ ਫੋਰਸ ਦੇ ਮਾਧਿਅਮ ਨਾਲ ਇਕ ਲਚਕੀਲਾ ਢਾਂਚਾ ਅਪਣਾਉਣਗੇ ਜੋ ਜ਼ਿਲ੍ਹਿਆਂ, ਰਾਜਾਂ ਅੰਦਰ ਵਿਕਾਸ, ਅਮਲ ਅਤੇ ਨਿਗਰਾਨੀ ਰੱਖੇਗਾ ਤਾਂ ਕਿ ਸੰਬੰਧਿਤ ਨਿਗਰਾਨੀ ਯੋਗ ਟੀਚੇ ਪ੍ਰਾਪਤ ਕੀਤੇ ਜਾ ਸਕਣ।

ਇਸ ਪ੍ਰੋਗਰਾਮ ਦੀ ਸਫਲਤਾ ਲਈ ਇਕ ਜ਼ਰੀਆ, ਹਮਾਇਤ, ਭਾਈਚਾਰਕ ਲਾਮਬੰਦੀ ਅਤੇ ਜਾਗਰੂਕਤਾ ਵਧਾਉਣਾ ਹੈ। ਸਕੀਮ ਦੇ ਪ੍ਰਸਤਾਵ ਵਿਚ ਸੁਝਾਅ ਦਿਤੀ ਗਿਆ ਹੈ ਕਿ ਭਾਈਚਾਰਕ ਲਾਮਬੰਦੀ ਆਪਸੀ ਪਹਿਲਕਦਮੀਆਂ, ਜਿਵੇਂ *ਨਾਰੀ ਕੀ ਚੌਪਾਲ, ਬੇਟੀ ਜਨਮਮਹੋਸਵ, ਮਨ ਕੀ ਬਾਤ* ਆਦਿ ਰਾਹੀਂ ਕੀਤੀ ਜਾ ਸਕਦੀ ਹੈ। ਹਰ ਮਹੀਨੇ ਦਾ ਇਕ ਖ਼ਾਸ ਦਿਨ ਬੇਟੀ ਬਚਾਓ, ਬੇਟੀ ਪੜ੍ਹਾਓ, ਨੂੰ ਮਨਾਉਣ ਲਈ ਨਿਸਚਤ ਕੀਤਾ ਜਾ ਸਕਦਾ ਹੈ। ਰਾਸ਼ਟਰੀ ਬਾਲੜੀ ਦਿਵਸ ਸਾਰੀਆਂ ਧਿਰਾਂ ਵਲੋਂ ਹਰੇਕ ਸਾਲ 24 ਜਨਵਰੀ ਨੂੰ ਮਨਾਇਆ ਜਾ ਸਕਦਾ ਹੈ ਜਿਸ ਵਿਚ ਸਥਾਨਕ ਰਾਇ ਬਣਾਉਣ ਵਾਲੇ, ਪੀ ਆਰ ਆਈ ਦੇ ਮੈਂਬਰ, ਵਿਧਾਨਕਾਰ, ਸੰਸਦ ਮੈਂਬਰ ਆਦਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿਚ ਸ਼ਾਮਿਲ ਕੀਤੇ ਜਾ ਸਕਦੇ ਹਨ। ਅੰਤਰਰਾਸ਼ਟਰੀ ਇਸਤਰੀ ਦਿਵਸ ਲਿੰਗ ਬਰਾਬਰੀ, ਔਰਤਾਂ ਅਤੇ ਬਾਲੜੀਆਂ ਦੇ ਸ਼ਕਤੀਕਰਨ ਬਾਰੇ ਸਖ਼ਤ ਸਨੇਹਾ ਦੇਣ ਲਈ ਮਨਾਇਆ ਜਾ ਸਕਦਾ ਹੈ। ਹੋਰ, ਇਸ ਦਿਨ ਨੂੰ ਮਨਾ ਕੇ *ਬੇਟੀ ਬਚਾਓ - ਬੇਟੀ ਪੜ੍ਹਾਓ* ਸਕੀਮ ਤਹਿਤ ਸਸ਼ਕਤ ਮਾਵਾਂ ਦੇ ਯੋਗਦਾਨ ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਬਾਲੜੀਆਂ ਦੀ ਸੁਰੱਖਿਆ, ਮਾਣ-ਸਨਮਾਨ ਅਤੇ ਸਿੱਖਿਆ ਲਈ ਭਾਰਤ ਸਰਕਾਰ ਵਲੋਂ ਇਕ ਸਹੁੰ ਅਪਣਾਉਣੀ ਚਾਹੀਦੀ ਹੈ ਜੋ ਰਾਸ਼ਟਰੀ ਬਾਲ ਦਿਵਸ ਮੌਕੇ ਚੁੱਕੀ ਜਾ ਸਕਦੀ ਹੈ।

❑❑

## *ਪ੍ਰਧਾਨ ਮੰਤਰੀ ਵਲੋਂ ਮੁੰਡਿਆਂ-ਕੁੜੀਆਂ ਵਿਚਾਲੇ ਭੇਦਭਾਵ ਖਤਮ ਕਰਨ ਲਈ ਸੱਦਾ*

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਭਾਰਤ ਦੇ ਸਾਰੇ ਲੋਕਾਂ ਨੂੰ ਬੇਟੀਆਂ ਦੀ ਜ਼ਿੰਦਗੀ ਬਚਾਉਣ ਲਈ ਭਿਕਸ਼ੁਕ ਵਾਂਗ ਭਾਵਨਾਤਮਕ ਅਪੀਲ ਕੀਤੀ। ਉਨ੍ਹਾਂ ਨੇ 22 ਜਨਵਰੀ, 2015 ਨੂੰ ਹਰਿਆਣਾ ਦੇ ਪਾਨੀਪਤ ਵਿਚ *ਬੇਟੀ ਬਚਾਓ, ਬੇਟੀ ਪੜ੍ਹਾਓ* ਰਾਸ਼ਟਰੀ ਪ੍ਰੋਗਰਾਮ ਨੂੰ ਸ਼ੁਰੂ ਕਰਨ ਦੇ ਮੌਕੇ ਉਤੇ ਮਹਿਲਾਵਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਆਪ ਨੂੰ 21ਵੀਂ ਸਦੀ ਦੇ ਨਾਗਰਿਕ ਕਹਿਣ ਦਾ ਕੋਈ ਹੱਕ ਨਹੀਂ, ਜਦ ਤਕ ਸਾਡੀ 18ਵੀਂ ਸਦੀ ਦੀ ਮਾਨਸਿਕਤਾ ਹੈ। ਉਨ੍ਹਾਂ ਨੇ ਭਰੂਣ ਹੱਤਿਆ ਨੂੰ ਖਤਮ ਕਰ ਕੇ ਬੇਟੀਆਂ ਤੇ ਬੇਟਿਆਂ ਵਿਚਾਲੇ ਵਿਤਕਰੇ ਨੂੰ ਖਤਮ ਕਰਨ ਦਾ ਸੱਦਾ ਦਿਤਾ।

ਉਨ੍ਹਾਂ ਕਿਹਾ ਕਿ ਇਸ ਬੁਰਾਈ ਨੂੰ ਖਤਮ ਕਰਨ ਲਈ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ, ਨਹੀਂ ਤਾਂ ਅਸੀਂ ਮੌਜੂਦਾ ਪੀੜ੍ਹੀ ਨੂੰ ਸਿਰਫ਼ ਨੁਕਸਾਨ ਹੀ ਨਹੀਂ ਪਹੁੰਚਾਵਾਂਗੇ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਖ਼ਤਰਨਾਕ ਸੱਦਾ ਵੀ ਦੇ ਰਹੇ ਹਾਂ। ਉਨ੍ਹਾਂ ਨੇ ਭਰੂਣ ਹੱਤਿਆ ਕਰਨ ਵਾਲੇ ਡਾਕਟਰਾਂ ਨੂੰ ਆਪਣੇ ਜ਼ੋਰਦਾਰ ਸੁਨੇਹੇ ਵਿਚ ਦੁਬਾਰਾ ਯਾਦ ਕਰਵਾਇਆ ਕਿ ਉਨ੍ਹਾਂ ਦੀ ਡਾਕਟਰੀ ਸਿੱਖਿਆ ਜ਼ਿੰਦਗੀ ਨੂੰ ਬਚਾਉਣ ਦੇ ਉਦੇਸ਼ ਲਈ ਹੈ, ਨਾ ਕਿ ਲੜਕੀਆਂ ਨੂੰ ਮਾਰਨ ਲਈ।

ਉਨ੍ਹਾਂ ਨੇ ਕਿਹਾ ਕਿ ਭਾਵੇਂ ਇਹ ਪ੍ਰੋਗਰਾਮ ਹਰਿਆਣਾ ਦੇ ਪਾਨੀਪਤ ਵਿਚ ਆਯੋਜਿਤ ਕੀਤਾ ਗਿਆ ਹੈ, ਪਰ ਸੰਦੇਸ਼ ਸਮੁੱਚੇ ਦੇਸ਼ ਲਈ ਹੈ। ਪ੍ਰਧਾਨ ਮੰਤਰੀ ਨੇ ਪੁੱਛਿਆ ਕਿ ਜੇ ਧੀਆਂ ਨਹੀਂ ਜੰਮਣਗੀਆਂ ਤਾਂ ਤੁਸੀਂ ਕਿਸ ਤਰ੍ਹਾਂ ਆਪਣੀਆਂ ਨੂੰਹਾਂ ਲਿਆਓਗੇ। ਉਨ੍ਹਾਂ ਕਿਹਾ ਕਿ ਲੋਕ ਆਪਣੀਆਂ ਸਿੱਖਿਅਤ ਨੂੰਹਾਂ ਤਾਂ ਚਾਹੁੰਦੇ ਹਨ, ਪਰ ਆਪਣੀਆਂ ਲੜਕੀਆਂ ਨੂੰ ਸਿੱਖਿਆ ਦੇਣ ਲਈ ਸੰਕੋਚ ਕਰਦੇ ਹਨ ਅਤੇ ਉਨ੍ਹਾਂ ਨੇ ਇਸ ਪਖੰਡ ਨੂੰ ਵੀ ਖਤਮ ਕਰਨ ਲਈ ਕਿਹਾ।

ਪ੍ਰਧਾਨ ਮੰਤਰੀ ਨੇ ਪਾਨੀਪਤ ਦੇ ਪ੍ਰਸਿੱਧ ਉਰਦੂ ਵਿਦਵਾਨ ਅਲਤਾਫ਼ ਹੁਸੈਨ ਦਾ ਹਵਾਲਾ ਦਿਤਾ - ਓ ਭੈਣੋਂ, ਮਾਵੋਂ, ਧੀਓ - ਤੁਸੀਂ ਦੁਨੀਆਂ ਦੇ ਗਹਿਣੇ ਹੋ, ਤੁਸੀਂ ਕੌਮਾਂ ਦੀ ਜ਼ਿੰਦਗੀ ਹੋ, ਸੱਭਿਅਤਾ ਦੀ ਸ਼ਾਨ ਹੋ। ਪ੍ਰਧਾਨ ਮੰਤਰੀ ਨੇ ਬਾਲੜੀਆਂ ਦੀ ਮਹੱਤਤਾ 'ਤੇ ਰੌਸ਼ਨੀ ਪਾਉਂਦਿਆਂ ਦੂਜੇ ਪ੍ਰਾਚੀਨ ਸ਼ਾਸਤਰਾਂ ਦਾ ਵੀ ਹਵਾਲਾ ਦਿਤਾ।

ਪ੍ਰਧਾਨ ਮੰਤਰੀ ਨੇ ਪੁਲਾੜ ਯਾਤਰੀ ਕਲਪਨਾ ਚਾਵਲਾ ਨੂੰ ਵੀ ਉਦਾਹਰਣ ਦੇ ਤੌਰ ਤੇ ਯਾਦ ਕੀਤਾ, ਜੋ ਹਰਿਆਣਾ ਦੀ ਜੰਮਪਲ ਸੀ। ਕਿਸ ਤਰ੍ਹਾਂ ਲੜਕੀਆਂ ਆਪਣਾ ਨਾਂ ਰੌਸ਼ਨ ਕਰ ਸਕਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਲੜਕੀਆਂ ਅੱਜ ਖੇਡਾਂ, ਸਿੱਖਿਆ ਅਤੇ ਸਿਹਤ ਆਦਿ ਖੇਤਰਾਂ ਵਿਚ ਵਧੀਆ ਕੰਮ ਕਰ ਰਹੀਆਂ ਹਨ, ਇਥੋਂ ਤਕ ਕਿ ਖੇਤੀ ਵਿਚ ਵੀ ਉਨ੍ਹਾਂ ਨੇ ਅਹਿਮ ਯੋਗਦਾਨ ਪਾਇਆ ਹੈ।

ਪ੍ਰਧਾਨ ਮੰਤਰੀ ਨੇ ਅਦਾਕਾਰਾ ਮਾਧੁਰੀ ਦੀਕਸ਼ਿਤ ਦਾ ਜ਼ਿਕਰ ਕਰਦਿਆਂ ਧੰਨਵਾਦ ਕੀਤਾ ਜਿਸ ਨੇ ਇਸ ਪ੍ਰੋਗਰਾਮ ਵਿਚ ਹਿੱਸਾ ਲਿਆ। ਉਨ੍ਹਾਂ ਨੇ ਕਿਹਾ ਕਿ ਇਹ ਕਾਰਨ ਉਸ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਪ੍ਰਧਾਨ ਮੰਤਰੀ ਨੇ ਵਾਰਾਨਸੀ ਵਿਚ ਜੈਪੁਰ ਪਿੰਡ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਲਾਹ 'ਤੇ ਇਹ ਪਿੰਡ ਹੁਣ ਹਰੇਕ ਬਾਲੜੀ ਦੇ ਜਨਮ ਉਤੇ ਆਨੰਦ ਉਤਸਵ ਮਨਾਉਂਦਾ ਹੈ ਅਤੇ ਹਰੇਕ ਅਜਿਹੇ ਮੌਕੇ 'ਤੇ ਪੰਜ ਪੌਦੇ ਲਗਾਉਂਦਾ ਹੈ। ਉਨ੍ਹਾਂ ਨੇ ਦੇਸ਼ ਭਰ ਦੇ ਲੋਕਾਂ ਨੂੰ ਇਸ ਤਰ੍ਹਾਂ ਦੀ ਉਦਾਹਰਣ ਅਪਣਾਉਣ ਲਈ ਕਿਹਾ।

ਪ੍ਰਧਾਨ ਮੰਤਰੀ ਨੇ ਬਾਲੜੀਆਂ ਦੇ ਫ਼ਾਇਦੇ ਲਈ *ਸੁਕੰਨਿਆ ਸਮਰਿੱਧੀ ਅਕਾਊਂਟ* ਲਾਂਚ ਕੀਤਾ। ਉਨ੍ਹਾਂ ਨੇ ਬੇਟੀ ਬਚਾਓ, ਬੇਟੀ ਪੜ੍ਹਾਓ ਵਿਸ਼ੇ ਉੱਤੇ ਇਕ ਟਿਕਟ ਜਾਰੀ ਕੀਤੀ ਅਤੇ *ਬੇਟੀ ਬਚਾਓ, ਬੇਟੀ ਪੜ੍ਹਾਓ* ਸਹੁੰ ਵੀ ਚੁਕਾਈ।

ਮਹਿਲਾ ਅਤੇ ਬਾਲ ਵਿਕਾਸ ਕੇਂਦਰੀ ਮੰਤਰੀ ਸ੍ਰੀਮਤੀ ਮੇਨਕਾ ਗਾਂਧੀ ਨੇ ਕਿਹਾ ਕਿ ਇਹ ਸਕੀਮ ਸਿਰਫ਼ ਤਾਂ ਹੀ ਸਫਲ ਹੋ ਸਕਦੀ ਹੈ ਜੇ ਦੇਸ਼ ਵਾਸੀ ਅਤੇ ਸਰਕਾਰ ਮਿਲ ਕੇ ਕੰਮ ਕਰਨ। ਉਨ੍ਹਾਂ ਨੇ ਔਰਤਾਂ ਵਿਰੁੱਧ ਜ਼ੁਲਮ ਖ਼ਤਮ ਕਰਨ ਅਤੇ ਉਨ੍ਹਾਂ ਨੂੰ ਤਤਕਾਲ ਸਹਾਇਤਾ ਪ੍ਰਦਾਨ ਕਰਨ ਲਈ *ਵਨਸਟਾਪ ਕਰਾਇਸਿਜ਼ ਸੈਂਟਰ* ਬਣਾਉਣ ਦਾ ਵੀ ਐਲਾਨ ਕੀਤਾ।

ਫ਼ਿਲਮਸਟਾਰ ਮਾਧੁਰੀ ਦੀਕਸ਼ਿਤ ਨੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਉਹ ਬਾਲੜੀਆਂ ਨੂੰ ਪੋਸ਼ਣ ਅਤੇ ਸਿੱਖਿਆ ਪ੍ਰਦਾਨ ਕਰਨ। ਉਨ੍ਹਾਂ ਇੱਛਾ ਪ੍ਰਗਟਾਈ ਕਿ ਇਹ ਸਕੀਮ ਲੋਕਾਂ ਦੀ ਮਾਨਸਿਕਤਾ ਵਿਚ ਬਦਲਾਅ ਲਿਆਉਣ ਵਿਚ ਮਦਦ ਕਰੇਗੀ। ❑❑

# ਬੇਟੀ ਬਚਾਓ - ਬੇਟੀ ਪੜ੍ਹਾਓ (ਬੀ.ਬੀ.ਬੀ.ਪੀ.) ਸਕੀਮ

## ਪਿੱਠਭੂਮੀ ਤੇ ਪ੍ਰਸੰਗ

ਬਾਲ ਲਿੰਗ ਅਨੁਪਾਤ (ਸੀ ਐਸ ਆਰ) ਵਿਚ ਗਿਰਾਵਟ ਦਾ ਰੁਝਾਨ 1961 ਤੋਂ ਬਿਨਾਂ ਰੁਕੇ ਜਾਰੀ ਹੈ, ਜਿਵੇਂ ਕਿ 0-6 ਸਾਲ ਉਮਰ ਦੇ ਦਰਮਿਆਨ ਵਾਲੇ 1000 ਮੁੰਡਿਆਂ ਪਿੱਛੇ ਕੁੜੀਆਂ ਦੀ ਗਿਣਤੀ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। 1991 'ਚ 945 ਤੋਂ 2001 'ਚ 927 ਅਤੇ ਇਸ ਤੋਂ ਬਾਅਦ 2011 'ਚ ਇਸ ਦਾ 918 ਤਕ ਘਟਣਾ ਖ਼ਤਰੇ ਦੀ ਘੰਟੀ ਹੈ। ਬਾਲ ਲਿੰਗ ਅਨੁਪਾਤ 'ਚ ਕਮੀ ਮਹਿਲਾ ਸ਼ਕਤੀਕਰਨ ਦਾ ਵੱਡਾ ਸੂਚਕ ਹੈ। ਇਹ ਸੂਚਕ ਕੁੜੀਆਂ ਖ਼ਿਲਾਫ਼ ਜਨਮ ਤੋਂ ਪਹਿਲਾਂ (ਬੱਚੇ ਦਾ ਲਿੰਗ ਚੁਣਨ 'ਚ ਹੁੰਦੇ ਪੱਖਪਾਤ) ਅਤੇ ਜਨਮ ਤੋਂ ਬਾਅਦ ਹੁੰਦੇ ਵਿਤਕਰੇ ਨੂੰ ਦਰਸਾਉਂਦਾ ਹੈ। ਸਮਾਜਿਕ ਬਣਤਰ ਅਨੁਸਾਰ ਕੁੜੀਆਂ ਨਾਲ ਹੁੰਦੇ ਵਿਤਕਰੇ ਅਤੇ ਲਿੰਗ ਪਰਖਣ ਵਾਲੇ ਸਾਧਨਾਂ ਦੀ ਆਸਾਨ ਉਪਲੱਬਧਤਾ, ਘੱਟ ਕੀਮਤ ਅਤੇ ਗ਼ਲਤ ਵਰਤੋਂ ਕੁੜੀਆਂ ਨੂੰ ਲਿੰਗ ਆਧਾਰ 'ਤੇ ਖ਼ਤਮ ਕਰਨ ਦੇ ਅਹਿਮ ਕਾਰਨ ਹਨ, ਜਿਸ ਦਾ ਨਤੀਜਾ ਘੱਟ ਰਹੇ ਲਿੰਗ ਅਨੁਪਾਤ 'ਚ ਨਿਕਲਦਾ ਹੈ।

ਦੇਸ਼ ਦੇ ਵੱਖ ਵੱਖ ਖੇਤਰਾਂ 'ਚ ਇਸ ਅਨੁਪਾਤ 'ਚ ਵੱਡਾ ਵਖਰੇਵਾਂ ਦੇਖਣ ਨੂੰ ਮਿਲਦਾ ਹੈ। 21 ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿਚ ਬਾਲ ਲਿੰਗ ਅਨੁਪਾਤ ਦਾ ਮੰਦਾ ਹਾਲ ਹੈ, ਜਿਥੇ ਇਹ 3 ਤੋਂ 79 ਅੰਕਾਂ ਤਕ ਗਿਰਾਵਟ ਹੈ। 11 ਰਾਜਾਂ ਅਤੇ 2 ਕੇਂਦਰ ਸ਼ਾਸ਼ਤ ਪ੍ਰਦੇਸ਼ਾਂ 'ਚ ਪਿਛਲੇ ਦਹਾਕੇ ਦੌਰਾਨ ਵਾਧਾ ਵੇਖਣ ਨੂੰ ਮਿਲਿਆ ਹੈ। ਜ਼ਿਲ੍ਹਾ ਪੱਧਰ 'ਤੇ ਬਾਲ ਲਿੰਗ ਅਨੁਪਾਤ 'ਚ ਆਈਆਂ ਤਬਦੀਲੀਆਂ ਜ਼ਿਆਦਾ ਪ੍ਰਤੱਖ ਨਜ਼ਰ ਆਉਂਦੀਆਂ ਹਨ ਜਿਵੇਂ ਦੇਸ਼ ਦੇ 640 ਜ਼ਿਲ੍ਹਿਆਂ 'ਚੋਂ 429 ਜ਼ਿਲ੍ਹਿਆਂ 'ਚ ਬਾਲ ਲਿੰਗ ਅਨੁਪਾਤ ਘਟਿਆ ਹੈ। ਦੇਸ਼ ਦੇ ਸਾਰੇ ਹਿੱਸਿਆਂ, ਸ਼ਹਿਰੀ ਤੋਂ ਲੈ ਕੇ ਪੇਂਡੂ, ਦੂਰ-ਦੁਰਾਡੇ ਭਾਗਾਂ ਤੋਂ ਲੈ ਕੇ ਕਬਾਇਲੀ ਖੇਤਰਾਂ ਤਕ, ਇਹ ਘਾਟਾ ਵੇਖਣ ਨੂੰ ਮਿਲਦਾ ਹੈ।

ਕੁੜੀਆਂ ਦੀ ਹੋਂਦ, ਬਚਾਓ ਅਤੇ ਸਿੱਖਿਆ ਲਈ ਇਕੱਠੇ ਹੋ ਕੇ ਢੁਕਵੇਂ ਹੰਭਲੇ ਮਾਰਨੇ ਜ਼ਰੂਰੀ ਹਨ ਤਾਂ ਜੋ ਉਨ੍ਹਾਂ ਦਾ ਹੁਨਰ ਪੂਰੀ ਤਰ੍ਹਾਂ ਪ੍ਰਫੁੱਲਤ ਹੋ ਸਕੇ। ਤੁਰੰਤ ਕਦਮ ਚੁੱਕਣ ਦੀ ਲੋੜ ਨੂੰ ਪਛਾਣਦੇ ਹੋਏ ਸਰਕਾਰ ਨੇ 2014-15 ਦੇ ਬਜਟ ਭਾਸ਼ਨ 'ਚ 'ਬੇਟੀ ਬਚਾਓ, ਬੇਟੀ ਪੜ੍ਹਾਓ' (ਬੀ.ਬੀ.ਬੀ.ਪੀ) ਸਕੀਮ ਦਾ ਐਲਾਨ ਕੀਤਾ ਹੈ ਤਾਂ ਜੋ ਮਾਦਾ ਬੱਚਿਆਂ ਦਾ ਸ਼ਕਤੀਕਰਨ ਹੋ ਸਕੇ ਅਤੇ ਉਨ੍ਹਾਂ ਨੂੰ ਸਿੱਖਿਆ ਪ੍ਰਦਾਨ ਹੋ ਸਕੇ। 7 ਜੁਲਾਈ 2014 ਨੂੰ ਪ੍ਰਧਾਨ ਮੰਤਰੀ ਦਫ਼ਤਰ ਵਿਚ ਹੋਈ ਮੀਟਿੰਗ 'ਚ ਫ਼ੈਸਲਾ ਕੀਤਾ ਗਿਆ ਕਿ ਮਹਿਲਾ ਅਤੇ ਬੱਚਾ ਵਿਕਾਸ ਮੰਤਰਾਲਾ *ਬੀਬੀਬੀਪੀ* ਦੇ ਨਾਹਰੇ ਹੇਠ ਲੋਕ ਮੁਹਿੰਮ ਸ਼ੁਰੂ ਕਰਨ ਲਈ ਨੋਡਲ ਮੰਤਰਾਲਾ ਹੋਵੇਗਾ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ ਅਤੇ ਸਕੂਲ ਸਿੱਖਿਆ ਤੇ ਸਾਖਰਤਾ ਵਿਭਾਗ ਵਲੋਂ ਇਸ ਮੁਹਿੰਮ ਨੂੰ ਹਮਾਇਤ ਦਿਤੀ ਜਾਵੇਗੀ। 15 ਅਗਸਤ 2014 ਨੂੰ ਪ੍ਰਧਾਨ ਮੰਤਰੀ ਵਲੋਂ ਦਿਤੇ ਆਜ਼ਾਦੀ ਦਿਵਸ ਭਾਸ਼ਨ 'ਚ ਇਸ ਮੁੱਦੇ ਦਾ ਜ਼ਿਕਰ ਵੀ ਕੀਤਾ ਗਿਆ।

ਬੇਟੀ ਬਚਾਓ - ਬੇਟੀ ਪੜ੍ਹਾਓ (ਬੀ.ਬੀ.ਬੀ.ਪੀ.) ਯੋਜਨਾ ਨੂੰ ਇਕ ਰਾਸ਼ਟਰੀ ਮੁਹਿੰਮ ਅਤੇ ਬਹੁ-ਖੰਡੀ ਕਾਰਜ ਰਾਹੀਂ ਸਾਰੇ ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ 'ਚ 100 ਚੋਣਵੇਂ ਜ਼ਿਲ੍ਹਿਆਂ ਵਿਚ ਲਾਗੂ ਕੀਤਾ ਜਾਵੇਗਾ। ਇਹ ਮਹਿਲਾ ਅਤੇ ਬੱਚਾ ਵਿਕਾਸ ਮੰਤਰਾਲਾ, ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਅਤੇ ਮਨੁੱਖੀ ਵਸੀਲੇ ਵਿਕਾਸ ਮੰਤਰਾਲਾ ਦਾ ਸਾਂਝਾ ਉਪਰਾਲਾ ਹੈ। ਇਨ੍ਹਾਂ 'ਚ 12 ਜ਼ਿਲ੍ਹੇ ਹਰਿਆਣਾ ਦੇ, 11 ਪੰਜਾਬ ਦੇ, 5 ਜੰਮੂ-ਕਸ਼ਮੀਰ ਦੇ, 2 ਉੱਤਰਾਖੰਡ ਦੇ ਅਤੇ ਹਿਮਾਚਲ ਪ੍ਰਦੇਸ਼ ਦਾ ਇਕ ਜ਼ਿਲ੍ਹਾ ਅਤੇ ਚੰਡੀਗੜ੍ਹ ਸ਼ਾਮਿਲ ਹਨ।

ਇਸ ਸਕੀਮ ਦੇ ਉਦੇਸ਼ ਹੇਠ ਲਿਖੇ ਹਨ :

*(i) ਲਿੰਗ ਆਧਾਰਿਤ ਭਰੂਣ ਹੱਤਿਆ ਨੂੰ ਰੋਕਣਾ :* ਜਨਮ ਤੋਂ ਪਹਿਲਾਂ ਲਿੰਗ ਨਿਰਧਾਰਣ ਤਕਨੀਕ (ਲਿੰਗ ਚੋਣ ਰੋਕ) ਐਕਟ, 1994 (ਸੀ ਐਂਡ ਪੀ ਐੱਨ ਡੀ ਟੀ ਐਕਟ) ਸਮੇਤ ਇਸ ਬਾਰੇ ਸਾਰੇ ਮੌਜੂਦ ਕਾਨੂੰਨ ਅਤੇ ਐਕਟ ਸਖ਼ਤੀ ਨਾਲ ਲਾਗੂ ਕਰਨਾ।

*(ii) ਕੁੜੀਆਂ ਦੀ ਹੋਂਦ ਅਤੇ ਸੁਰੱਖਿਆ ਯਕੀਨੀ ਬਣਾਉਣਾ :* ਸੰਵਿਧਾਨ ਦੀ ਧਾਰਾ 21 'ਜ਼ਿੰਦਗੀ ਅਤੇ ਆਜ਼ਾਦੀ ਦੇ ਬਚਾਓ' ਨੂੰ ਦੇਸ਼ ਦੇ ਨਾਗਰਿਕਾਂ ਦੇ ਜਾਇਜ਼ ਹੱਕ ਵਲੋਂ ਪਰਿਭਾਸ਼ਿਤ ਕਰਦਾ ਹੈ। ਕੁੜੀਆਂ ਅਤੇ ਮੁੰਡਿਆਂ ਦੀ ਮੌਤ ਦਰ 'ਚ ਵਖਰੇਵਾਂ ਵੱਖ-ਵੱਖ ਸਿਹਤ ਸੰਭਾਲ ਅਤੇ ਪੌਸ਼ਟਿਕ ਸੇਵਾਵਾਂ ਤਕ ਪਹੁੰਚ ਦੇ ਫ਼ਰਕ ਅਤੇ ਮੁੰਡਿਆਂ ਦੀ ਸਾਂਭ ਸੰਭਾਲ ਅਤੇ ਇਲਾਜ 'ਚ ਦਿਤੀ ਜਾਂਦੀ ਤਰਜੀਹ ਨੂੰ ਦਰਸਾਉਂਦਾ ਹੈ। ਕੁੜੀਆਂ ਨੂੰ ਬਰਾਬਰੀ ਦੇ ਹੱਕ, ਸਿਹਤ ਸੰਭਾਲ ਅਤੇ ਉਨ੍ਹਾਂ ਦੀ ਹੋਂਦ ਬਚਾਉਣ ਲਈ ਵੱਖ-ਵੱਖ ਹੱਕਾਂ ਤਕ ਪਹੁੰਚ ਅਤੇ ਪੁਰਖ ਪ੍ਰਧਾਨ ਸੋਚ ਵਿਚ ਤਬਦੀਲੀਆਂ ਲਿਆਉਣੀਆਂ ਜ਼ਰੂਰੀ ਹਨ। ਇਸ ਤੋਂ ਇਲਾਵਾ, ਕੁੜੀਆਂ ਅਤੇ ਔਰਤਾਂ ਦੇ ਸੁਰੱਖਿਆ ਲਈ ਬਣਾਏ ਗਏ ਵੱਖ-ਵੱਖ ਕਾਨੂੰਨਾਂ ਨੂੰ ਲਾਗੂ ਕਰਨਾ ਜ਼ਰੂਰੀ ਹੈ ਤਾਂ ਜੋ ਮਾਦਾ ਬੱਚੇ ਲਈ ਇਕ ਸਿਹਤਮੰਦ ਅਤੇ ਸੁਰੱਖਿਅਤ ਵਾਤਾਵਰਨ ਯਕੀਨੀ ਬਣਾਇਆ ਜਾ ਸਕੇ।

*(iii) ਕੁੜੀਆਂ ਦੀ ਸਿੱਖਿਆ ਅਤੇ ਸ਼ਮੂਲੀਅਤ ਯਕੀਨੀ ਬਣਾਉਣਾ :* ਕੁੜੀਆਂ ਦੀ ਜ਼ਿੰਦਗੀ ਦੇ ਵੱਖ-ਵੱਖ ਅੰਤਰ-ਕਾਲਾਂ ਦੌਰਾਨ ਸੇਵਾਵਾਂ ਅਤੇ ਹੱਕਾਂ ਤਕ ਪਹੁੰਚ ਅਤੇ ਉਪਲਬਧਤਾ ਉਨ੍ਹਾਂ ਦੇ ਵਿਕਾਸ 'ਤੇ ਪ੍ਰਭਾਵ ਪਾਉਂਦੀ ਹੈ। ਪੌਸ਼ਟਿਕ ਖੁਰਾਕ, ਸਿਹਤ-ਸੰਭਾਲ, ਸਿੱਖਿਆ ਅਤੇ ਬਚਾਓ ਨਾਲ ਸਬੰਧਿਤ ਜ਼ਰੂਰੀ ਲੋੜਾਂ ਦਾ ਪੂਰਾ ਹੋਣਾ ਜ਼ਰੂਰੀ ਹੈ ਤਾਂ ਜੋ ਹਰ ਕੁੜੀ ਦਾ ਹੁਨਰ ਪੂਰੀ ਤਰ੍ਹਾਂ ਪ੍ਰਫੁੱਲਤ ਹੋ ਸਕੇ ਖ਼ਾਸ ਤੌਰ 'ਤੇ ਸ਼ੁਰੂਆਤੀ ਬਚਪਨ ਦੀ ਚੰਗੀ ਸੰਭਾਲ, ਮੁੱਢਲੀ ਤੇ ਸੈਕੰਡਰੀ ਸਿੱਖਿਆ ਦੇ ਹੱਕ।

ਸਿੱਖਿਆ ਦਾ ਅਧਿਕਾਰ (ਆਰ ਟੀ ਈ) ਐਕਟ, 2010 ਬੱਚਿਆਂ ਨੂੰ ਨੇੜੇ ਦੇ ਸਕੂਲ ਵਿਚ ਪ੍ਰਾਇਮਰੀ ਸਿੱਖਿਆ ਪੂਰੀ ਹੋਣ ਤਕ ਮੁਫ਼ਤ ਅਤੇ ਜ਼ਰੂਰੀ ਸਿੱਖਿਆ ਲੈਣ ਦਾ ਹੱਕ ਦਿੰਦਾ ਹੈ। ਇਸ ਤੋਂ ਇਲਾਵਾ, ਸਰਵਵਿਆਪੀ ਮੁੱਢਲੀ ਸਿੱਖਿਆ ਪ੍ਰਾਪਤੀ ਹਿਤ ਸਰਵ ਸਿੱਖਿਆ ਅਭਿਆਨ (ਐਸ ਐਸ ਏ) ਇਕ ਫਲੈਗਸ਼ਿਪ ਪ੍ਰੋਗਰਾਮ ਹੈ ਅਤੇ ਇਸ ਨੂੰ ਭਾਰਤੀ ਸੰਵਿਧਾਨ ਦੀ 86ਵੀਂ ਸੋਧ ਰਾਹੀਂ ਲਾਗੂ ਕੀਤਾ ਗਿਆ ਹੈ ਅਤੇ ਇਸ ਰਾਹੀਂ 6-14 ਉਮਰ ਵਰਗ ਦੇ ਬੱਚਿਆਂ ਨੂੰ ਮੁਫ਼ਤ ਅਤੇ ਜ਼ਰੂਰੀ ਸਿੱਖਿਆ ਦਾ ਮੌਲਿਕ ਅਧਿਕਾਰ ਦਿਤਾ ਗਿਆ ਹੈ। ਇਨ੍ਹਾਂ ਸੇਵਾਵਾਂ ਤੋਂ ਵਾਂਝੇ ਰੱਖਣਾ ਬੱਚਿਆਂ ਦੇ ਹੱਕਾਂ ਦੀ ਉਲੰਘਣਾ ਹੈ, ਜਿਸ ਦਾ ਉਨ੍ਹਾਂ ਦੇ ਸਮੁੱਚੇ ਜੀਵਨ 'ਤੇ ਨਾਂਹ-ਪੱਖੀ ਅਸਰ ਪੈਂਦਾ ਹੈ। ਇਸ ਦਾ ਭਵਿੱਖ ਦੇ ਮਨੁੱਖੀ ਵਿਕਾਸ 'ਤੇ ਵੀ ਬਹੁਤ ਬੁਰਾ ਅਸਰ ਪੈਂਦਾ ਹੈ।

ਕੁੜੀਆਂ ਨਾਲ ਵਿਤਕਰਾ ਅਤੇ ਉਨ੍ਹਾਂ ਨੂੰ ਅਣਗੌਲਿਆ ਕਰਨ ਨਾਲ ਉਨ੍ਹਾਂ 'ਚ ਸਵੈ-ਮਾਣ ਦੀ ਘਾਟ ਜੀਵਨ ਭਰ ਲਈ ਹੀਣਤਾ ਪੈਦਾ ਹੁੰਦੀ ਹੈ ਅਤੇ ਉਹ ਸਮਾਜਿਕ ਮੁੱਖ ਧਾਰਾ 'ਚੋਂ ਬਾਹਰ ਹੋ ਜਾਂਦੀਆਂ ਹਨ। ਕੁੜੀਆਂ ਨੂੰ ਆਪਣੇ ਵਿਚਾਰ ਪ੍ਰਗਟਾਉਣ ਅਤੇ ਸਮਾਜਿਕ, ਆਰਥਿਕ ਅਤੇ ਸਿਆਸੀ ਅਗਵਾਈ ਦੇ ਸਾਰੇ ਪੱਧਰਾਂ 'ਤੇ ਪੂਰੀ ਸਰਗਰਮੀ, ਬਰਾਬਰੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਹਿੱਤ ਯੋਗ ਉਪਰਾਲੇ ਕੀਤੇ ਜਾਣਗੇ।

ਲਿੰਗ ਬਰਾਬਰੀ ਲਈ ਚਿਰਕਾਲੀ ਦਖ਼ਲਾਂ ਦਾ ਨਿਸ਼ਾਨਾ ਯੋਗ ਵਾਤਾਵਰਨ ਪੈਦਾ ਕਰਨਾ ਹੋਵੇਗਾ, ਜਿਸ ਵਿਚ ਰੁਜ਼ਗਾਰ ਦੇ ਮੌਕੇ, ਬਚਾਓ ਤੇ ਰੱਖਿਆ ਅਤੇ ਤੇਜ਼ ਨਿਆਂ ਸ਼ਾਮਿਲ ਹੋਵੇਗਾ।

ਉਪਰੋਕਤ ਉਦੇਸ਼ ਸੰਬੰਧਿਤ ਮੰਤਰਾਲਿਆਂ/ਵਿਭਾਗਾਂ/ਜ਼ਿਲ੍ਹਾ ਪ੍ਰਸ਼ਾਸਨਾਂ ਨਾਲ ਮਿਲ ਕੇ ਸਾਂਝੇ ਯਤਨਾਂ ਰਾਹੀਂ ਪ੍ਰਾਪਤ ਕੀਤੇ ਜਾਣਗੇ।

### ਨਿਗਰਾਨੀ ਵਾਲੇ ਟੀਚੇ

(i) ਬਾਲ ਲਿੰਗ ਅਨੁਪਾਤ ਪੱਖੋਂ ਚਿੰਤਾਜਨਕ 100 ਜ਼ਿਲ੍ਹਿਆਂ 'ਚ ਜਨਮ ਸਮੇਂ ਲਿੰਗ ਅਨੁਪਾਤ (ਐਸ ਆਰ ਬੀ) 'ਚ ਇਕ ਸਾਲ ਦੌਰਾਨ 10 ਅੰਕਾਂ ਦਾ ਸੁਧਾਰ ਕਰਨਾ।

(ii) ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਮੌਤ ਦਰ ਦੇ ਲਿੰਗੀ ਫ਼ਰਕ ਨੂੰ 2011 ਵਿਚਲੇ 8 ਅੰਕਾਂ ਤੋਂ ਘਟਾ ਕੇ 2017 ਤਕ 4 ਅੰਕ ਤਕ ਲਿਆਉਣਾ।

(iii) 5 ਸਾਲ ਤੋਂ ਘੱਟ ਉਮਰ ਦੀਆਂ ਘੱਟ ਭਾਰ ਵਾਲੀਆਂ ਅਤੇ ਕਮਜ਼ੋਰ ਕੁੜੀਆਂ ਦੀ ਗਿਣਤੀ ਘਟਾ ਕੇ ਕੁੜੀਆਂ ਦੇ ਪੌਸ਼ਟਿਕ ਆਹਾਰ ਦੇ ਪੱਧਰ 'ਚ ਸੁਧਾਰ ਕਰਨਾ।

(iv) ਸਾਂਝੇ ਆਈ ਸੀ ਡੀ ਐੱਸ ਐੱਨ ਆਰ ਐੱਚ ਐੱਮ ਜੱਚਾ ਬੱਚਾ ਸੁਰੱਖਿਆ ਕਾਰਡ ਵਰਤ ਕੇ ਸੰਗਠਿਤ ਵਿਕਾਸ ਯੋਜਨਾ ਦੀ ਸਰਵਵਿਆਪਕਤਾ, ਕੁੜੀਆਂ ਦੀ ਹਾਜ਼ਰੀ ਅਤੇ ਬਰਾਬਰ ਸੰਭਾਲ ਦਾ ਨਿਰੀਖਣ ਯਕੀਨੀ ਬਣਾਉਣਾ।

(v) 2013-14 ਵਿਚ ਕੁੜੀਆਂ ਦੇ ਸੈਕੰਡਰੀ ਸਿੱਖਿਆ 'ਚ 76 ਫ਼ੀਸਦੀ ਦਾਖ਼ਲੇ ਨੂੰ 2017 'ਚ 79 ਫ਼ੀਸਦੀ ਤਕ ਵਧਾਉਣਾ।

(vi) 2017 ਤਕ 100 ਚੋਣਵੇਂ ਜ਼ਿਲ੍ਹਿਆਂ ਦੇ ਹਰ ਸਕੂਲ 'ਚ ਕੁੜੀਆਂ ਲਈ ਪਖ਼ਾਨਾ ਉਪਲੱਬਧ ਕਰਾਉਣਾ।

(vii) ਕੁੜੀਆਂ ਲਈ ਪ੍ਰੋਟੈਕਸ਼ਨ ਆਫ਼ ਚਿਲਡਰਨ ਫ਼ਰਾਮ ਸੈਕਸੂਅਲ ਔਫੈਂਸਿਜ਼ (ਪੀ ਓ ਸੀ ਐੱਸ ਓ) ਐਕਟ 2012 ਰਾਹੀਂ ਬਚਾਓ ਪੱਖੀ ਮਹੌਲ ਮੁਹੱਈਆ ਕਰਵਾਉਣਾ।

(viii) ਭਾਈਚਾਰਿਆਂ ਨੂੰ ਸੀ ਐੱਸ ਆਰ ਸੁਧਾਰਨ ਅਤੇ ਕੰਨਿਆ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਚੁਣੇ ਹੋਏ ਨੁਮਾਇੰਦਿਆਂ/ਨਿਮਨ ਪੱਧਰ 'ਤੇ ਕਾਰਜਕਰਤਾਵਾਂ ਨੂੰ ਭਾਈਚਾਰਕ ਚੈਂਪੀਅਨਾਂ ਵਜੋਂ ਸਿਖਲਾਈ ਦੇਣਾ

### ਮੁੱਖ ਰਣਨੀਤੀਆਂ

ਇਹ ਸਕੀਮ 'ਬੇਟੀ ਬਚਾਓ - ਬੇਟੀ ਪੜ੍ਹਾਓ' ਲਈ ਰਾਸ਼ਟਰੀ ਰਣਨੀਤੀ ਅਧੀਨ ਸੀ ਐੱਸ ਆਰ ਸੁਧਾਰਨ ਲਈ ਕੀਤੇ ਜਾਣ ਵਾਲੇ ਸੋਧਤ ਦਖਲਾਂ 'ਤੇ ਆਧਾਰਿਤ ਹੈ। ਇਹ ਗੱਲ ਸਵੀਕਾਰਦੇ ਹੋਏ ਕਿ ਲਿੰਗ ਅਨੁਪਾਤ 'ਚ ਘਾਟੇ ਦਾ ਮੁੱਦਾ ਗੁੰਝਲਦਾਰ ਅਤੇ ਬਹੁ-ਪਰਤੀ ਹੈ, ਇਸ ਸਕੀਮ ਨੂੰ ਕੁੜੀਆਂ ਦੀ ਹੋਂਦ ਬਚਾਉਣ, ਰੱਖਿਆ ਅਤੇ ਸਿੱਖਿਆ ਦੇ ਵਡੇਰੇ ਪਾਸਾਰਾਂ ਅਧੀਨ ਲਾਗੂ ਕੀਤਾ ਜਾਵੇਗਾ। ਇਸ ਕੰਮ ਲਈ ਬਹੁ-ਵਰਗੀ ਰਣਨੀਤੀ ਅਪਣਾਈ ਜਾਵੇਗੀ, ਜਿਹੜੀ ਕਿ ਕੁੜੀਆਂ ਅਤੇ ਮਹਿਲਾਵਾਂ ਦੀ ਇੱਜ਼ਤ, ਉਨ੍ਹਾਂ ਦੇ ਹੱਕਾਂ ਦੀ ਰਾਖੀ ਅਤੇ ਪੂਰਨਤਾ ਦੇ ਪ੍ਰਮੁੱਖ ਸਿਧਾਂਤਾਂ 'ਤੇ ਆਧਾਰਿਤ ਹੋਵੇਗੀ ਤੇ ਜਿਸ ਵਿਚ ਲਿੰਗ ਆਧਾਰਿਤ ਹਿੰਸਾ ਦਾ ਖ਼ਾਤਮਾ ਵੀ ਸ਼ਾਮਿਲ ਹੈ।

ਮੁੱਖ ਰਣਨੀਤੀਆਂ ਹੇਠ ਲਿਖੇ ਅਨੁਸਾਰ ਹੋਣਗੀਆਂ :

(i) ਕੁੜੀਆਂ ਨੂੰ ਬਰਾਬਰੀ ਦਾ ਹੱਕ ਦੇਣ ਅਤੇ ਸਮਾਜਿਕ ਰਹੁ-ਰੀਤਾਂ 'ਚ ਤਬਦੀਲੀ ਲਿਆਉਣ ਲਈ ਸਮਾਜਿਕ ਜਾਗਰੂਕਤਾ ਅਤੇ ਸੰਚਾਰ ਮੁਹਿੰਮ ਦਾ ਤਾਣਾ-ਬਾਣਾ ਬਣਾਉਣਾ।

(ii) ਬਾਲ ਲਿੰਗ ਅਨੁਪਾਤ 'ਚ ਸੁਧਾਰ ਨੂੰ ਚੰਗੇ ਪ੍ਰਸ਼ਾਸਨ ਦਾ ਪ੍ਰਮੁੱਖ ਵਿਕਾਸ ਸੂਚਕ ਬਣਾਉਣਾ,

(iii) ਲਿੰਗ ਅਨੁਪਾਤ ਪੱਖੋਂ ਬਹੁਤੇ ਪਿਛੜੇ ਅਤੇ ਬਾਲ ਲਿੰਗ ਅਨੁਪਾਤ 'ਚ ਚਿੰਤਾਜਨਕ ਜ਼ਿਲ੍ਹਿਆਂ ਅਤੇ ਸ਼ਹਿਰਾਂ ਵੱਲ ਤੇਜ਼ ਪ੍ਰਭਾਵੀ ਧਿਆਨ ਕੇਂਦਰਿਤ ਕਰਨਾ।

(iv) ਸਥਾਨਕ ਸਮੁਦਾਇਕ/ਮਹਿਲਾ/ਨੌਜਵਾਨ ਗਰੁੱਪਾਂ (ਅਹਿੰਸਾ ਸੰਦੇਸ਼ਵਾਹਕਾਂ) ਦੇ ਸਹਿਯੋਗ ਨਾਲ, ਮੁਢਲੀ ਕਤਾਰ ਦੀਆਂ ਵਰਕਰ ਟੀਮਾਂ ਨੂੰ ਸਮਾਜਿਕ ਪਰਿਵਰਤਨ ਲਈ ਪ੍ਰੇਰਕ ਵਜੋਂ ਸੰਚਾਲਿਤ ਕਰਨਾ ਤੇ ਸਮਰੱਥ ਬਣਾਉਣਾ।

(v) ਪੰਚਾਇਤੀ ਰਾਜ ਸੰਸਥਾਵਾਂ/ਸ਼ਹਿਰੀ ਸਥਾਨਕ ਸੰਸਥਾਵਾਂ ਦਾ ਅਧਿਕਾਰ ਖੇਤਰ ਵਧਾਉਣਾ - ਖ਼ਾਸ ਤੌਰ 'ਤੇ ਮਹਿਲਾ ਪੰਚਾਇਤਾਂ/ਸ਼ਹਿਰੀ ਸਥਾਨਕ ਸੰਸਥਾਵਾਂ ਦੇ ਮੈਂਬਰਾਂ ਦਾ, ਤਾਂ ਜੋ ਪੰਚਾਇਤਾਂ ਅਤੇ ਸ਼ਹਿਰੀ ਵਾਰਡਾਂ ਨੂੰ ਭਾਈਚਾਰਕ ਹਮਾਇਤ ਰਾਹੀਂ ਕੁੜੀਆਂ ਪੱਖੀ ਬਣਾਇਆ ਜਾ ਸਕੇ।

### ਯੋਜਨਾ ਦੇ ਅੰਗ

*(i) ਬੇਟੀ ਬਚਾਓ, ਬੇਟੀ ਪੜ੍ਹਾਓ* ਲਈ ਜਨ ਸੰਚਾਰ ਮੁਹਿੰਮ 'ਬੇਟੀ ਬਚਾਓ, ਬੇਟੀ ਪੜ੍ਹਾਓ' ਸਕੀਮ ਨੂੰ ਲਾਗੂ ਕਰਕੇ ਇਕ ਰਾਸ਼ਟਰ ਪੱਧਰੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਤਾਂ ਜੋ ਕੁੜੀਆਂ ਦੇ ਜਨਮ ਦਾ ਜਸ਼ਨ ਮਨਾਉਣ ਅਤੇ ਉਸ ਨੂੰ ਸਿੱਖਿਆ ਪ੍ਰਦਾਨ ਕਰਨ ਸੰਬੰਧੀ ਜਾਗਰੂਕਤਾ ਪੈਦਾ ਹੋ ਸਕੇ। ਇਸ ਮੁਹਿੰਮ ਦਾ ਮੁੱਖ ਨਿਸ਼ਾਨਾ ਕੁੜੀਆਂ ਨੂੰ ਬਿਨਾਂ ਪੱਖ-ਪਾਤ ਦੇ ਜਨਮ ਦੇਣਾ, ਪਾਲਣਾ ਅਤੇ ਸਿੱਖਿਅਤ ਕਰਨਾ ਹੋਵੇਗਾ ਤਾਂ ਜੋ ਉਹ ਇਸ ਦੇਸ਼ ਦੀਆਂ ਬਰਾਬਰ ਹੱਕ ਵਾਲੀਆਂ ਸਸ਼ਕਤ ਨਾਗਰਿਕ ਬਣ ਸਕਣ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਵਿਭਾਗ ਡੀ ਏ ਵੀ ਪੀ ਨੂੰ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ, ਮਨੁੱਖੀ ਸਰੋਤ ਮੰਤਰਾਲਾ ਅਤੇ ਮਹਿਲਾ ਅਤੇ ਬੱਚਾ

ਵਿਕਾਸ ਮੰਤਰਾਲਾ ਨਾਲ ਮਿਲਕੇ ਮੀਡੀਆ ਮੁਹਿੰਮ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

### (ii) ਲਿੰਗ ਅਨੁਪਾਤ ਪੱਖੋਂ ਪਿਛੜੇ 100 ਜ਼ਿਲ੍ਹਿਆਂ 'ਚ ਬਹੁ-ਵਰਗੀ ਦਖ਼ਲ

ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਸਾਰੇ ਰਾਜਾਂ/ਕੇਂਦਰਾਂ ਸ਼ਾਸ਼ਤ ਪ੍ਰਦੇਸ਼ਾਂ ਨੂੰ ਕਲਾਵੇ 'ਚ ਲੈਂਦੇ ਹੋਏ 100 ਚੋਣਵੇਂ ਜ਼ਿਲ੍ਹਿਆਂ 'ਚ ਬਹੁ-ਵਰਗੀ ਐਕਸ਼ਨ ਸਕੀਮ ਸ਼ੁਰੂ ਕਰੇਗਾ। ਇਹ ਕਦਮ ਸਿਹਤ ਅਤੇ ਪਰਿਵਾਰ ਕਲਿਆਣ ਤੇ ਮਨੁੱਖੀ ਮੰਤਰਾਲਾ ਦੀ ਸਲਾਹ ਨਾਲ ਚੁੱਕੇ ਜਾਣਗੇ। ਨਾਪੇ-ਮਾਪੇ ਜਾ ਸਕਣ ਵਾਲੇ ਨਤੀਜੇ ਅਤੇ ਸੂਚਕ ਸੰਬੰਧਿਤ ਖੇਤਰਾਂ, ਸੂਬਿਆਂ ਅਤੇ ਜ਼ਿਲ੍ਹਿਆਂ ਨੂੰ ਨਾਲ ਜੋੜਨਗੇ ਤਾਂ ਜੋ ਬਾਲ ਲਿੰਗ ਅਨੁਪਾਤ ਸੁਧਾਰਨ ਲਈ ਜ਼ਰੂਰੀ ਬਹੁ-ਵਰਗੀ ਅਮਲ ਕੀਤਾ ਜਾ ਸਕੇ। ਇਸ ਕੰਮ ਲਈ ਸੂਬਾਈ ਟਾਸਕ ਫੋਰਸਾਂ ਲਈ ਉਦਾਰ ਢਾਂਚਾ ਅਪਣਾਉਣਗੀਆਂ ਤਾਂ ਜੋ ਸੂਬਾਈ ਵਿਸ਼ੇਸ਼ ਨਾਪੇ ਜਾ ਸਕਣ ਵਾਲੇ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਸੂਬਾਈ/ਜ਼ਿਲ੍ਹਾ ਕਾਰਜ ਯੋਜਨਾ ਦਾ ਵਿਕਾਸ ਹੋ ਸਕੇ ਅਤੇ ਇਸ ਨੂੰ ਲਾਗੂ ਕਰਕੇ ਨਾਪਿਆ ਜਾ ਸਕੇ ਸੂਬੇ/ਜ਼ਿਲ੍ਹੇ ਵੀ ਇਸ ਤਰ੍ਹਾਂ ਆਪਣੀਆਂ ਯੋਜਨਾਵਾਂ ਦਾ ਵਿਕਾਸ ਕਰਨਗੇ।

ਕੇਂਦਰ ਵਿਚ ਇਸ ਪ੍ਰਸਤਾਵ ਅਧੀਨ ਸੰਬੰਧਿਤ ਮੰਤਰਾਲਿਆਂ, ਜਿਨ੍ਹਾਂ 'ਚ ਸਿਹਤ ਤੇ ਪਰਿਵਾਰ ਕਲਿਆਣ, ਮਨੁੱਖੀ ਵਸੀਲੇ ਵਿਕਾਸ ਅਤੇ ਮਹਿਲਾ ਤੇ ਬਾਲ ਵਿਕਾਸ ਮੰਤਰਾਲਾ ਸ਼ਾਮਿਲ ਹਨ, ਨਾਲ ਸੰਬੰਧ ਜੋੜੇ ਜਾਣਗੇ। ਰਾਜ/ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਦੇ ਪੱਧਰ 'ਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਲਿੰਗ ਅਨੁਪਾਤ ਮੁੱਦੇ ਨੂੰ ਤਰਜੀਹੀ ਏਜੰਡਾ ਬਣਾਉਣ ਲਈ ਸੰਬੰਧਿਤ ਵਿਭਾਗਾਂ ਨਾਲ ਨੇੜੇ ਹੋ ਕੇ ਕੰਮ ਕਰੇਗਾ। ਇਸ ਤੋਂ ਅੱਗੇ, ਰਾਸ਼ਟਰੀ ਅਤੇ ਰਾਜ ਪੱਧਰਾਂ 'ਤੇ ਮੌਜੂਦਾ ਸਰਕਾਰੀ ਸਿਖਲਾਈ ਸੰਸਥਾਵਾਂ ਤੇ ਸਵੈਧੀਨ ਸਿਖਲਾਈ ਸੰਸਥਾਵਾਂ ਨਾਲ ਸੰਬੰਧ ਜੋੜੇ ਜਾਣਗੇ ਤਾਂ ਜੋ ਬਾਲ ਲਿੰਗ ਅਨੁਪਾਤ ਨਾਲ ਸੰਬੰਧਿਤ ਮੁੱਦਿਆਂ ਬਾਰੇ ਸਿਖਲਾਈ ਦਿਤੀ ਜਾ ਸਕੇ। ਸੰਬੰਧਿਤ ਵਿਭਾਗਾਂ/ਸੂਬਿਆਂ ਨਾਲ ਚੰਗੀਆਂ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਤਾਂ ਜੋ ਇਨ੍ਹਾਂ ਨੂੰ ਅਪਣਾਉਣ ਬਾਰੇ ਉਤਸ਼ਾਹ ਪੈਦਾ ਕੀਤਾ ਜਾ ਸਕੇ।

ਜ਼ਿਲ੍ਹਾ ਪੱਧਰ 'ਤੇ ਪੰਚਾਇਤਾਂ, ਆਂਗਨਵਾੜੀ ਕੇਂਦਰਾਂ, ਪ੍ਰਾਇਮਰੀ ਸਿਹਤ ਕੇਂਦਰਾਂ ਨਾਲ ਤਾਲਮੇਲ

ਲਿੰਗ ਨਾਜ਼ੁਕ ਜ਼ਿਲ੍ਹਿਆਂ ਦੀ ਸੂਚੀ ਜੋ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਘੇਰੇ ਹੇਠ ਲੈਂਦੀ ਹੈ

| ਰਾਜ/ਕੇਂਦਰ ਸ਼ਾਸ਼ਤ ਪ੍ਰਦੇਸ਼ ਦਾ ਨਾਂ | ਜ਼ਿਲ੍ਹੇ | ਜਨਸੰਖਿਆ 2001 | ਜਨਸੰਖਿਆ 2011 | ਰਾਜ/ਕੇਂਦਰ ਸ਼ਾਸ਼ਤ ਪ੍ਰਦੇਸ਼ ਦਾ ਨਾਂ | ਜ਼ਿਲ੍ਹੇ | ਜਨਸੰਖਿਆ 2001 | ਜਨਸੰਖਿਆ 2011 |
|---|---|---|---|---|---|---|---|
| ਅੰਡੇਮਾਨ ਤੇ ਨਿਕੋਬਾਰ | ਨਿਕੋਬਾਰ | 937 | 945 | | ਜਾਲਨਾ | 903 | 870 |
| ਆਂਧਰ ਪ੍ਰਦੇਸ਼ | ਵਾਈ ਐੱਸ ਆਰ | 951 | 918 | ਮਨੀਪੁਰ | ਸੇਨਾਪਤੀ | 962 | 893 |
| ਅਰੁਣਾਚਲ ਪ੍ਰਦੇਸ਼ | ਦਿਬਾਂਗ ਵੈੱਲੀ | 874 | 889 | ਮੇਘਾਲਿਆ | ਰੀਭੋਇ | 972 | 953 |
| ਅਸਮ | ਕਾਮਰੂਪ ਮਹਾਂਨਗਰ | 943 | 946 | ਮਿਜ਼ੋਰਮ | ਸੈਹਾ | 950 | 932 |
| ਬਿਹਾਰ | ਵੈਸ਼ਾਲੀ | 937 | 904 | ਨਾਗਾਲੈਂਡ | ਲੌਂਗਲੇਂਗ | 964 | 885 |
| ਚੰਡੀਗੜ੍ਹ | ਚੰਡੀਗੜ੍ਹ | 845 | 880 | ਐੱਨ.ਸੀ.ਟੀ ਦਿੱਲੀ | ਦੱਖਣ-ਪੱਛਮੀ | 846 | 845 |
| ਛੱਤੀਸਗੜ੍ਹ | ਰਾਏਗੜ੍ਹ | 964 | 947 | | ਉੱਤਰ-ਪੱਛਮੀ | 857 | 865 |
| ਦਾਦਰ ਤੇ ਨਗਰ ਹਵੇਲੀ | ਦਾਦਰ ਤੇ ਨਗਰ ਹਵੇਲੀ | 979 | 926 | | ਪੂਰਬੀ | 865 | 871 |
| | | | | | ਦੱਖਣੀ | 859 | 872 |
| ਦਮਨ ਤੇ ਦੀਉ | ਦਮਨ | 907 | 897 | | ਉੱਤਰੀ | 886 | 873 |
| ਗੋਆ | ਉੱਤਰੀ ਗੋਆ | 938 | 939 | ਓਡੀਸ਼ਾ | ਨੈਯਾਗੜ੍ਹ | 904 | 855 |
| ਗੁਜਰਾਤ | ਸੂਰਤ | 859 | 835 | ਪੁੱਚੂਚੇਰੀ | ਯਾਨਮ | 964 | 921 |
| | ਮਹੇਸਨਾ | 801 | 842 | ਪੰਜਾਬ | ਤਰਨ ਤਾਰਨ | 784 | 820 |
| | ਗਾਂਧੀਨਗਰ | 816 | 847 | | ਗੁਰਦਾਸਪੁਰ | 789 | 821 |
| | ਅਹਿਮਦਾਬਾਦ | 835 | 857 | | ਅੰਮ੍ਰਿਤਸਰ | 792 | 826 |
| | ਰਾਜਕੋਟ | 854 | 862 | | ਮੁਕਤਸਰ | 811 | 831 |
| ਹਰਿਆਣਾ | ਮਹੇਂਦਰਗੜ੍ਹ | 818 | 775 | | ਮਾਨਸਾ | 782 | 836 |
| | ਝੱਜਰ | 801 | 782 | | ਪਟਿਆਲਾ | 776 | 837 |
| | ਰੇਵਾੜੀ | 811 | 787 | | ਸੰਗਰੂਰ | 784 | 840 |
| | ਸੋਨੀਪਤ | 788 | 798 | | ਸਾਹਿਬਜ਼ਾਦਾ ਅਜੀਤ ਸਿੰਘ ਨਗਰ | 785 | 841 |
| | ਅੰਬਾਲਾ | 782 | 810 | | | | |
| | ਕੁਰੂਕਸ਼ੇਤਰ | 771 | 818 | | ਫਤਹਿਗੜ੍ਹ ਸਾਹਿਬ | 766 | 842 |
| | ਰੋਹਤਕ | 799 | 820 | | ਬਰਨਾਲਾ | 792 | 843 |
| | ਕਰਨਾਲ | 809 | 824 | | ਫ਼ਿਰੋਜ਼ਪੁਰ | 822 | 847 |
| | ਯਮੁਨਾ ਨਗਰ | 806 | 826 | ਰਾਜਸਥਾਨ | ਝੁਨਝੁਨੂ | 863 | 837 |
| | ਕੈਥਲ | 791 | 828 | | ਸਿਕਾਰ | 885 | 848 |
| | ਭਿਵਾਨੀ | 841 | 832 | | ਕਾਰੌਲੀ | 873 | 852 |
| | ਪਾਨੀਪਤ | 809 | 837 | | ਗੰਗਾਨਗਰ | 850 | 854 |
| ਹਿਮਾਚਲ ਪ੍ਰਦੇਸ਼ | ਊਨਾ | 837 | 875 | | ਧੌਲਪੁਰ | 860 | 857 |
| ਜੰਮੂ ਤੇ ਕਸ਼ਮੀਰ | ਜੰਮੂ | 819 | 795 | | ਜੈਪੁਰ | 899 | 861 |
| | ਪੁਲਵਾਮਾ | 1046 | 829 | | ਦੌਸਾ | 906 | 865 |
| | ਕਠੂਆ | 847 | 831 | | ਅਲਵਰ | 887 | 865 |
| | ਬਡਗਾਮ | 963 | 832 | | ਭਰਤਪੁਰ | 879 | 869 |
| | ਅਨੰਤਨਾਗ | 977 | 841 | | ਸਵਾਈਮਾਧੋਪੁਰ | 902 | 871 |
| ਝਾਰਖੰਡ | ਧਨਵਾਦ | 951 | 916 | ਸਿੱਕਮ | ਉੱਤਰੀ ਜ਼ਿਲ੍ਹਾ | 995 | 929 |
| ਕਰਨਾਟਕ | ਬੀਜਾਪੁਰ | 928 | 931 | ਤਮਿਲਨਾਡੂ | ਕੁੱਡਾਲੋਰ | 957 | 896 |
| ਕੇਰਲ | ਥਰੀਸੁਰ | 958 | 950 | ਤੇਲੰਗਾਨਾ | ਹੈਦਰਾਬਾਦ | 943 | 914 |
| ਲਕਸ਼ਦੀਪ | ਲਕਸ਼ਦੀਪ | 959 | 911 | ਤ੍ਰਿਪੁਰਾ | ਦੱਖਣੀ ਤ੍ਰਿਪੁਰਾ | 961 | 951 |
| ਮੱਧ ਪ੍ਰਦੇਸ਼ | ਮੋਰੇਨਾ | 837 | 829 | ਉੱਤਰ ਪ੍ਰਦੇਸ਼ | ਬਾਘਪਤ | 850 | 841 |
| | ਗਵਾਲੀਅਰ | 853 | 840 | | ਗੌਤਮ ਬੁੱਧ ਨਗਰ | 854 | 843 |
| | ਭਿੰਡ | 832 | 843 | | ਗਾਜ਼ੀਆਬਾਦ | 854 | 850 |
| | ਦਾਤੀਆ | 874 | 856 | | ਮੇਰਠ | 857 | 852 |
| ਮਹਾਂਰਾਸ਼ਟਰ | ਬਿਡ | 894 | 807 | | ਬੁਲੰਦਸ਼ਹਿਰ | 867 | 854 |
| | ਜਲਗਾਉਂ | 880 | 842 | | ਆਗਰਾ | 866 | 861 |
| | ਅਹਿਮਦਨਗਰ | 884 | 852 | | ਮੁਜ਼ੱਫ਼ਰਨਗਰ | 859 | 863 |
| | ਬੁਲਦਾਨਾ | 908 | 855 | | ਮਹਾਮਾਇਆ ਨਗਰ | 886 | 865 |
| | ਔਰੰਗਾਬਾਦ | 890 | 858 | | ਝਾਂਸੀ | 886 | 866 |
| | ਵਾਸ਼ੀਮ | 918 | 863 | | ਮਥੁਰਾ | 872 | 870 |
| | ਕੋਲਹਾਪੁਰ | 839 | 863 | ਉੱਤਰਾਖੰਡ | ਪਿਥੌਰਾਗੜ੍ਹ | 902 | 816 |
| | ਓਸਮਾਨਾਬਾਦ | 894 | 867 | | ਚੰਪਾਵਤ | 934 | 873 |
| | ਸੰਗਲੀ | 851 | 867 | ਪੱਛਮ ਬੰਗਾਲ | ਕੋਲਕਾਤਾ | 927 | 933 |

*2011 ਦੀ ਮਰਦਮਸ਼ੁਮਾਰੀ ਅਨੁਸਾਰ ਰਾਸ਼ਟਰੀ ਬਾਲ ਲਿੰਗ ਅਨੁਪਾਤ ਪ੍ਰਤਿ 1000 ਲੜਕਿਆਂ ਪਿੱਛੇ ਲੜਕੀਆਂ ਦੀ ਸੰਖਿਆ 918 ਹੈ।

ਨੂੰ ਮਜ਼ਬੂਤ ਕੀਤਾ ਜਾਵੇਗਾ। ਵੱਖ-ਵੱਖ ਵਿਭਾਗਾਂ ਦੇ ਜ਼ਮੀਨੀ ਪੱਧਰ ਦੇ ਕਾਰਕੁੰਨਾਂ ਨੂੰ ਸੀ.ਐੱਸ.ਆਰ. ਕੁੜੀਆਂ ਦੀ ਮਹੱਤਤਾ ਤੇ ਉਨ੍ਹਾਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਰਗੇ ਮੁੱਦਿਆਂ ਬਾਰੇ ਜਾਗਰੂਕ ਅਤੇ ਸਿੱਖਿਅਤ ਕੀਤਾ ਜਾਵੇਗਾ। ਇਸ ਦੇ ਨਤੀਜੇ ਵਜੋਂ ਕੁੜੀਆਂ ਦੀ ਹੋਂਦ ਬਚਾਉਣ, ਰੱਖਿਆ ਅਤੇ ਸਿੱਖਿਆ ਬਾਰੇ ਯੋਗ ਮਾਹੌਲ ਯਕੀਨੀ ਬਣਾਉਣ ਲਈ ਭਾਈਚਾਰਕ ਜਾਗਰੂਕਤਾ ਅਤੇ ਹਿੱਸੇਦਾਰੀ ਪੈਦਾ ਹੋ ਸਕੇਗੀ।

**ਪ੍ਰਾਜੈਕਟ ਲਾਗੂ ਕਰਨਾ**

ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਇਸ ਸਕੀਮ ਨੂੰ ਕੇਂਦਰ ਤੋਂ ਵਿੱਤੀ ਨਿਯੰਤ੍ਰਣ ਤੇ ਲਾਗੂ ਕਰਨ ਲਈ ਜ਼ਿੰਮੇਵਾਰ ਹੋਵੇਗਾ। ਰਾਜ ਪੱਧਰ 'ਤੇ ਸਕੱਤਰ ਮਹਿਲਾ ਅਤੇ ਬਾਲ ਵਿਭਾਗ ਸਕੀਮ ਦੀ ਦਿਸ਼ਾ ਅਤੇ ਲਾਗੂ ਕਰਨ ਲਈ ਜ਼ਿੰਮੇਵਾਰ ਹੋਵੇਗਾ। ਤਜਵੀਜ਼ਸ਼ੁਦਾ ਸਕੀਮ ਦਾ ਢਾਂਚਾ ਹੇਠ ਲਿਖੇ ਅਨੁਸਾਰ ਹੋਵੇਗਾ :

ਰਾਸ਼ਟਰੀ ਪੱਧਰ 'ਤੇ 'ਬੇਟੀ ਬਚਾਓ' ਸਕੀਮ ਲਈ ਸਕੱਤਰ, ਮਹਿਲਾ ਤੇ ਬਾਲ ਵਿਕਾਸ ਦੀ ਅਗਵਾਈ ਹੇਠ ਇਕ ਰਾਸ਼ਟਰੀ ਟਾਸਕ ਫੋਰਸ ਬਣਾਈ ਜਾਵੇਗੀ। ਇਸ ਵਿਚ ਸੰਬੰਧਿਤ ਮੰਤਰਾਲਿਆਂ ਜਿਵੇਂ ਕਿ ਸਿਹਤ ਅਤੇ ਪਰਿਵਾਰ ਕਲਿਆਣ, ਮਨੁੱਖੀ ਸਰੋਤ ਵਿਕਾਸ, ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ, ਅਪੰਗਤਾ ਮਾਮਲੇ ਵਿਭਾਗ ਅਤੇ ਸੂਚਨਾ ਤੇ ਪ੍ਰਸਾਰਨ ਮੰਤਰਾਲਾ, ਲਿੰਗ ਵਿਸ਼ੇਸ਼ਗਾਂ ਅਤੇ ਸਮਾਜਿਕ ਸੰਸਥਾਵਾਂ ਦੇ ਮੈਂਬਰਾਂ ਦੀ ਸ਼ਮੂਲੀਅਤ ਹੋਵੇਗੀ।

ਇਹ ਟਾਸਕ ਫੋਰਸ ਗਾਈਡੈਂਸ ਅਤੇ ਮਦਦ ਦੇਣ ਤੋਂ ਇਲਾਵਾ, ਸੂਬਾਈ ਯੋਜਨਾਵਾਂ ਦਾ ਨਿਰੀਖਣ ਕਰੇਗੀ ਅਤੇ ਪ੍ਰਭਾਵੀ ਤੌਰ ਤੇ ਲਾਗੂ ਕਰਨ ਯਕੀਨੀ ਬਣਾਏਗੀ। ਸੰਯੁਕਤ ਸੰਚਾਰ ਕਾਰਜ ਕਮੇਟੀ (ਜੇ.ਸੀ.ਏ.ਸੀ.) ਲਈ ਇਕ ਸਬ ਗਰੁੱਪ ਬਣਾਇਆ ਜਾਵੇਗਾ। ਇਸ ਵਿਚੋਂ ਸੰਬੰਧਿਤ ਮੰਤਰਾਲਿਆਂ ਦੇ ਪ੍ਰਤੀਨਿਧੀ ਸ਼ਾਮਲ ਹੋਣਗੇ ਜਿਹੜੇ ਸਾਂਝੀ ਅਤੇ ਬਹੁ-ਪਾਸਾਰੀ ਰਾਸ਼ਟਰੀ ਸੰਚਾਰ ਅਤੇ ਮੀਡੀਆ ਮੁਹਿੰਮ ਨੂੰ ਤਿਆਰ ਕਰਨਗੇ। ਇਸ ਕਮੇਟੀ ਦੀ ਮੀਟਿੰਗ ਹਰੇਕ ਤਿਮਾਹੀ ਹੋਵੇਗੀ।

ਇਸ ਸਕੀਮ ਦਾ ਕਰਤਾ-ਧਰਤਾ ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਹੋਵੇਗਾ ਜਿਸ ਦਾ ਮੁੱਖ ਕੰਮ ਬਹੁ-ਵਰਗੀ ਦਖ਼ਲਾਂ ਨੂੰ ਨਾਪਣਾ ਅਤੇ ਸੰਗਠਿਤ ਕਰਨਾ ਹੋਵੇਗਾ। ਸੰਬੰਧਿਤ ਮੰਤਰਾਲੇ ਪ੍ਰਭਾਵੀ ਲਾਗੂਕਰਨ ਲਈ ਵਰਗੀਕ੍ਰਿਤ ਸੂਚਨਾਵਾਂ ਮੁਹੱਈਆ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ। ਮਹਿਲਾ ਤੇ ਬਾਲ ਵਿਕਾਸ ਵਿਭਾਗ ਦੀ ਜ਼ਿੰਮੇਵਾਰੀ ਮਹਿਲਾ ਵਿਕਾਸ ਬਿਊਰੋ ਰਾਹੀਂ ਇਸ ਸਕੀਮ ਦੇ ਲਾਗੂਕਰਨ ਨੂੰ ਸੰਗਠਿਤ ਕਰਨ ਦੀ ਹੋਵੇਗੀ। ਇਸ ਸਕੀਮ ਨੂੰ ਲਾਗੂ ਅਤੇ ਸੰਗਠਿਤ ਕਰਨ ਲਈ ਪਰਿਯੋਜਨਾ ਪ੍ਰਬੰਧਨ ਇਕਾਈ (ਪੀ.ਐੱਸ.ਯੂ) ਵਲੋਂ ਰਾਸ਼ਟਰੀ ਇਸਤਰੀ ਸਰੋਤ ਕੇਂਦਰ (ਐੱਨ.ਆਰ. ਸੀ.ਡਬਲਿਊ) ਅਤੇ ਰਾਸ਼ਟਰੀ ਇਸਤਰੀ ਸ਼ਕਤੀਕਰਨ ਮਿਸ਼ਨ (ਐੱਨ.ਐੱਸ. ਈ.ਡਬਲਿਊ) ਨਾਲ ਮਿਲ ਕੇ ਤਕਨੀਕੀ ਨੁਕਤੇ ਦਿਤੇ ਜਾਣਗੇ।

ਰਾਜ ਪੱਧਰ 'ਤੇ ਇਸ ਸਕੀਮ ਨੂੰ ਲਾਗੂ ਕਰਨ ਲਈ ਰਾਜ ਕਾਰਜ ਦਲ (ਐੱਸ.ਟੀ.ਐਫ਼) ਬਣਾਉਣਗੇ। ਜਿਸ ਵਿਚ ਸੰਬੰਧਿਤ ਵਿਭਾਗਾਂ (ਸਿਹਤ ਤੇ ਪਰਿਵਾਰ ਭਲਾਈ, ਸਿੱਖਿਆ, ਪੰਚਾਇਤੀ ਰਾਜ/ਪੇਂਡੂ ਵਿਕਾਸ) ਤੋਂ ਇਲਾਵਾ ਰਾਜ ਕਾਨੂੰਨੀ ਸੇਵਾ ਅਥਾਰਟੀ ਅਤੇ ਅਪੰਗਤਾ ਮਾਮਲੇ ਵਿਭਾਗ ਦੇ ਨੁਮਾਇੰਦੇ ਸ਼ਾਮਿਲ ਹੋਣਗੇ। ਇਸ ਸਕੀਮ ਲਈ ਵਿਭਾਗਾਂ ਦਰਮਿਆਨ ਬਿਹਤਰ ਤਾਲਮੇਲ ਦੀ ਜ਼ਰੂਰਤ ਹੋਣ ਕਾਰਨ ਇਸ ਕਾਰਜ ਦਲ ਦੀ ਅਗਵਾਈ ਮੁੱਖ ਸਕੱਤਰ ਵਲੋਂ ਕੀਤੀ ਜਾਵੇਗੀ। ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਕਾਰਜ ਦਲ ਦਾ ਮੁਖੀ ਕੇਂਦਰੀ ਪ੍ਰਸ਼ਾਸਨ ਦਾ ਪ੍ਰਸ਼ਾਸਕ ਹੋਵੇਗਾ। ਕਈ ਸੂਬੇ/ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਮਹਿਲਾ ਸ਼ਕਤੀਕਰਨ, ਲਿੰਗ ਅਤੇ ਬਾਲ ਸੰਬੰਧਿਤ ਮੁੱਦਿਆਂ ਲਈ ਉਨ੍ਹਾਂ ਦੇ ਘਰੇਲੂ ਪ੍ਰਬੰਧ ਲਾਗੂ ਹਨ ਜਿਨ੍ਹਾਂ ਨੂੰ ਰਾਜ/ਕੇਂਦਰੀ ਸ਼ਾਸ਼ਤ ਕਾਰਜ ਦਲਾਂ ਵਜੋਂ ਮਾਨਤਾ ਦਿਤੀ ਜਾ ਸਕਦੀ ਹੈ ਜਾਂ ਮਜ਼ਬੂਤ ਕੀਤਾ ਜਾ ਸਕਦਾ ਹੈ। ਮਹਿਲਾ ਤੇ ਬਾਲ ਵਿਕਾਸ/ਸਮਾਜਿਕ ਕਲਿਆਣ ਵਿਭਾਗ ਦਾ ਪ੍ਰਮੁੱਖ ਸਕੱਤਰ ਇਸ ਕਾਰਜ ਦਲ ਦਾ ਕਨਵੀਨਰ ਹੋਵੇਗਾ। ਰਾਜ/ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਇਸ ਸਕੀਮ ਨੂੰ ਲਾਗੂ ਕਰਨ ਸੰਬੰਧੀ ਸਾਰੀਆਂ ਕਾਰਵਾਈਆਂ ਨੂੰ ਸੰਗਠਿਤ ਕਰਨ ਦੀ ਜ਼ਿੰਮੇਵਾਰੀ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਹੋਵੇਗੀ ਜੋ ਕਿ ਆਈ.ਸੀ.ਡੀ.ਐੱਸ. ਡਾਇਰੈਕਟਰ ਰਾਹੀਂ ਇਸ ਨੂੰ ਪੂਰਾ ਕਰੇਗਾ। ਰਾਜ ਕਾਰਜ ਯੋਜਨਾ ਨੂੰ ਲਾਗੂ ਕਰਨ ਲਈ ਤਕਨੀਕੀ ਅਤੇ ਸੰਗਠਿਤ ਮਦਦ ਮੁਹੱਈਆ ਕਰਨ ਲਈ ਰਾਜ ਇਸਤਰੀ ਸਰੋਤ ਕੇਂਦਰ (ਸੀ.ਆਰ.ਸੀ.ਡਬਲਿਊ) ਸਕੱਤਰੇਤ ਵਜੋਂ ਕੰਮ ਕਰੇਗਾ। ਇਕ ਲਿੰਗ ਵਿਸ਼ੇਸ਼ਗ ਜਾਂ ਸੀ.ਐੱਸ.ਓ. ਮੈਂਬਰ ਨੂੰ ਵੀ ਕਾਰਜ ਦਲ 'ਚ ਸ਼ਾਮਿਲ ਕੀਤਾ ਜਾ ਸਕਦਾ ਹੈ।

ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਕੁਲੈਕਟਰ/ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਇਕ ਜ਼ਿਲ੍ਹਾ ਕਾਰਜ ਦਲ (ਡੀ.ਟੀ.ਐੱਫ਼) ਬਣਾਇਆ ਜਾਵੇਗਾ। ਇਸ ਵਿਚ ਸੰਬੰਧਿਤ ਵਿਭਾਗਾਂ (ਸਿਹਤ ਤੇ ਪਰਿਵਾਰ ਭਲਾਈ : ਯੋਗ ਅਥਾਰਿਟੀ (ਪੀ.ਸੀ. ਪੀ.ਐੱਨ.ਡੀ.ਟੀ), ਸਿੱਖਿਆ, ਪੰਚਾਇਤੀ ਰਾਜ/ਪੇਂਡੂ ਵਿਕਾਸ, ਪੁਲਿਸ) ਦੇ ਨੁਮਾਇੰਦਿਆਂ ਤੋਂ ਇਲਾਵਾ ਜ਼ਿਲ੍ਹਾ ਕਾਨੂੰਨ ਸੇਵਾ ਅਥਾਰਿਟੀ (ਡੀ.ਐੱਲ.ਐੱਸ.ਏ) ਦੇ ਨੁਮਾਇੰਦੇ ਸ਼ਾਮਿਲ ਹੋਣਗੇ ਜਿਹੜੇ ਜ਼ਿਲ੍ਹਾ ਕਾਰਜ ਯੋਜਨਾ ਦੇ ਪ੍ਰਭਾਵੀ ਲਾਗੂਕਰਨ, ਨਾਪਣ ਅਤੇ ਨਿਰੀਖ਼ਣ ਨੂੰ ਯਕੀਨੀ ਬਣਾਉਣਗੇ। ਜ਼ਿਲ੍ਹੇ 'ਚ ਕਾਰਜ ਯੋਜਨਾ ਨੂੰ ਲਾਗੂ ਕਰਨ ਲਈ ਤਕਨੀਕੀ ਮਦਦ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ (ਡੀ.ਪੀ.ਓ) ਵਲੋਂ ਜ਼ਿਲ੍ਹਾ ਆਈ.ਸੀ.ਡੀ.ਐੱਸ. ਦਫ਼ਤਰ ਰਾਹੀਂ ਮੁਹੱਈਆ ਕਰਵਾਈ ਜਾਵੇਗੀ ਜਿਥੇ ਬਲਾਕ ਪੱਧਰ ਦੀਆਂ ਕਾਰਜ ਯੋਜਨਾਵਾਂ ਨੂੰ ਵਰਤ ਕੇ ਜ਼ਿਲ੍ਹਾ ਕਾਰਜ ਯੋਜਨਾ ਨੂੰ ਅੰਤਿਮ ਰੂਪ ਦਿਤਾ ਜਾਵੇਗਾ। ਇਕ ਲਿੰਗ ਵਿਸ਼ੇਸ਼ਗ ਜਾਂ ਸੀ.ਐੱਸ.ਓ. ਦੇ ਮੈਂਬਰ ਨੂੰ ਵੀ ਕਾਰਜ ਦਲ 'ਚ ਸ਼ਾਮਿਲ ਕੀਤਾ ਜਾ ਸਕਦਾ ਹੈ।

ਬਲਾਕ ਪੱਧਰ 'ਤੇ ਸਬ ਡਿਵੀਜ਼ਨਲ ਮੈਜਿਸਟ੍ਰੇਟ/ਸਬ ਡਿਵੀਜ਼ਨਲ ਅਫ਼ਸਰ/ਬਲਾਕ ਵਿਕਾਸ ਅਫ਼ਸਰ (ਰਾਜ ਸਰਕਾਰਾਂ ਦੇ ਫ਼ੈਸਲੇ ਅਨੁਸਾਰ) ਦੀ ਅਗਵਾਈ ਹੇਠ ਇਕ ਬਲਾਕ ਪੱਧਰੀ ਕਮੇਟੀ ਬਣਾਈ ਜਾਵੇਗੀ ਜੋ ਬਲਾਕ ਕਾਰਜ ਯੋਜਨਾ ਦੇ ਪ੍ਰਭਾਵੀ ਲਾਗੂਕਰਨ ਅਤੇ ਨਿਰੀਖਣ ਨੂੰ ਯਕੀਨੀ ਬਣਾਏਗੀ।

ਗ੍ਰਾਮ ਪੰਚਾਇਤ/ਵਾਰਡ ਪੱਧਰ 'ਤੇ ਸੰਬੰਧਿਤ ਗ੍ਰਾਮ ਪੰਚਾਇਤ/ਵਾਰਡ ਦੇ ਕੰਮ-ਕਾਜ ਨੂੰ ਸੰਭਾਲਣ ਲਈ ਚੁਣੀ ਹੋਈ ਪੰਚਾਇਤ ਸੰਮਤੀ/ਵਾਰਡ ਸੰਮਤੀ (ਸੰਬੰਧਿਤ ਰਾਜ ਸਰਕਾਰਾਂ ਦੇ ਫ਼ੈਸਲੇ ਅਨੁਸਾਰ) ਇਸ ਸਕੀਮ ਅਧੀਨ ਕਾਰਵਾਈਆਂ ਸ਼ੁਰੂ ਕਰਨ ਤੇ ਉਨ੍ਹਾਂ ਦੇ ਨਿਰੀਖਣ ਲਈ ਜ਼ਿੰਮੇਵਾਰ ਹੋਵੇਗੀ।

ਪਿੰਡ ਪੱਧਰ 'ਤੇ, ਪਿੰਡ ਸਿਹਤ ਸੰਭਾਲ ਅਤੇ ਆਹਾਰ ਕਮੇਟੀਆਂ (ਪੰਚਾਇਤਾਂ ਦੀਆਂ ਉਪ ਕਮੇਟੀਆਂ) ਇਸ ਸਕੀਮ ਨੂੰ ਪਿੰਡ ਪੱਧਰ 'ਤੇ ਲਾਗੂ ਕਰਨਗੀਆਂ। ਫਰੰਟ ਲਾਈਨ ਕਾਮੇ (ਏ.ਡਬਲਿਊ.ਡਬਲਿਊ, ਆਸ਼ਾ ਅਤੇ ਏ.ਐਨ.ਐੱਮ.) ਸੀ.ਐੱਮ.ਆਰ. ਦੇ ਮੁੱਦੇ 'ਤੇ ਜਾਗਰੂਕਤਾ ਪੈਦਾ ਕਰਕੇ, ਅੰਕੜੇ ਇਕੱਠੇ ਕਰਕੇ, ਮਾਦਾ ਬੱਚੇ ਅਤੇ ਉਨ੍ਹਾਂ ਦੇ ਪਰਿਵਾਰਾਂ ਸੰਬੰਧੀ ਸਕੀਮਾਂ/ਪ੍ਰੋਗਰਾਮਾਂ

ਬਾਰੇ ਸੂਚਨਾ ਪ੍ਰਦਾਨ ਕਰਕੇ ਜ਼ਮੀਨੀ ਪੱਧਰ 'ਤੇ ਕਾਰਵਾਈਆਂ ਚਲਾਉਣਗੇ। ਮਾਨਤਾ ਪ੍ਰਾਪਤ ਸ਼ਹਿਰਾਂ/ਸ਼ਹਿਰੀ ਖੇਤਰਾਂ 'ਚ ਇਹ ਸਕੀਮ ਨਗਰ-ਪਾਲਿਕਾ ਨਿਗਮ ਦੀ ਦੇਖ-ਰੇਖ ਅਤੇ ਅਗਵਾਈ ਹੇਠ ਲਾਗੂ ਕੀਤੀ ਜਾਵੇਗੀ।

### ਬਜਟ

*ਬੇਟੀ ਬਚਾਓ - ਬੇਟੀ ਪੜ੍ਹਾਓ* ਮੁਹਿੰਮ ਲਈ ਬਜਟ ਘੋਸ਼ਣਾ ਅਧੀਨ 100 ਕਰੋੜ ਰੁਪਏ ਦੀ ਬਜਟ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ 12ਵੀਂ ਯੋਜਨਾ ਅਧੀਨ ਸਕੀਮ 'ਬਾਲੜੀਆਂ ਦੀ ਸਾਂਭ-ਸੰਭਾਲ ਤੇ ਸੁਰੱਖਿਆ ਦੀ ਯੋਜਨਾ 'ਆਊਟ ਲੇਅ ਰਾਹੀਂ 100 ਕਰੋੜ ਰੁਪਏ ਇਕੱਠੇ ਕੀਤੇ ਜਾਣਗੇ। ਰਾਸ਼ਟਰੀ ਅਤੇ ਸੂਬਾਈ ਪੱਧਰ 'ਤੇ ਕਾਰਪੋਰੇਸ਼ਨ ਸਮਾਜਿਕ ਜ਼ਿੰਮੇਵਾਰੀ ਰਾਹੀਂ ਵਾਧੀਕ ਵਸੀਲੇ ਜੁਟਾਏ ਜਾ ਸਕਦੇ ਹਨ।

ਸਕੀਮ ਦੀ ਸੰਭਵਿਤ ਲਾਗਤ 200 ਕਰੋੜ ਰੁਪਏ ਹੈ, 200 ਕਰੋੜ ਰੁਪਏ 'ਚੋਂ 115 ਕਰੋੜ ਰੁਪਏ ਚਾਲੂ ਵਿੱਤੀ ਵਰ੍ਹੇ 2014-15 (6 ਮਹੀਨੇ ਲਈ) ਦੌਰਾਨ ਜਾਰੀ ਕਰਨ ਦੀ ਤਜਵੀਜ਼ ਹੈ, ਜਦਕਿ 2015-16 ਤੇ 2016-17 ਦੌਰਾਨ ਕ੍ਰਮਵਾਰ 45 ਕਰੋੜ ਰੁਪਏ ਅਤੇ 40 ਕਰੋੜ ਰੁਪਏ ਜਾਰੀ ਕੀਤੇ ਜਾਣਗੇ।

ਕੇਂਦਰੀ ਪੱਧਰ 'ਤੇ ਮਹਿਲਾ ਤੇ ਬਾਲ ਵਿਕਾਸ ਮੰਤਰਾਲਾ ਸਕੀਮ ਦੇ ਬਜਟ ਕੰਟਰੋਲ ਤੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਹੋਵੇਗਾ। ਮੰਤਰਾਲਾ ਸੰਬੰਧਿਤ ਸਰਕਾਰ ਦੇ ਕਾਰਜ ਯੋਜਨਾ ਦੀ ਮਨਜ਼ੂਰੀ ਤੋਂ ਬਾਅਦ ਰਾਜ ਸਰਕਾਰਾਂ ਨੂੰ ਫ਼ੰਡ ਭੇਜ ਦੇਵੇਗਾ।

### ਦੇਖ-ਰੇਖ ਪ੍ਰਬੰਧ

ਸਕੀਮ ਦੇ ਦੇਖ-ਰੇਖ ਯੋਗ ਨਿਸ਼ਾਨਿਆਂ, ਨਤੀਜਿਆਂ ਅਤੇ ਪ੍ਰਕਿਰਿਆ ਸੂਚਕਾਂ ਦੀ ਪ੍ਰਗਤੀ ਜਾਣਨ ਲਈ ਰਾਸ਼ਟਰੀ, ਸੂਬਾਈ, ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰਾਂ 'ਤੇ ਇਕ ਦੇਖ-ਰੇਖ ਪ੍ਰਬੰਧ ਦੀ ਵਿਵਸਥਾ ਕੀਤੀ ਜਾਵੇਗੀ। ਰਾਸ਼ਟਰੀ ਪੱਧਰ 'ਤੇ ਸਕੱਤਰ, ਐੱਮ.ਡਬਲਿਊ.ਸੀ.ਡੀ. ਅਧੀਨ ਇਕ ਰਾਸ਼ਟਰੀ ਕਾਰਜ ਦਲ ਤਿਮਾਹੀ ਪ੍ਰਗਤੀ ਦੀ ਦੇਖ-ਰੇਖ ਨਿਯਮਤ ਤੌਰ 'ਤੇ ਕਰੇਗੀ। ਸੂਬਾਈ ਪੱਧਰ 'ਤੇ ਮੁੱਖ ਸਕੱਤਰ ਦੀ ਅਗਵਾਈ ਵਾਲੀ ਰਾਜ ਕਾਰਜ ਦਲ ਪ੍ਰਗਤੀ ਦੀ ਨਿਗਰਾਨੀ ਕਰੇਗੀ। ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਕਲੈਕਟਰ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਰਾਹੀਂ ਸਾਰੇ ਵਿਭਾਗਾਂ ਦੀ ਅਗਵਾਈ ਕਰਨਗੇ ਤੇ ਉਨ੍ਹਾਂ ਦੀ ਕਾਰਵਾਈਆਂ ਦਰਮਿਆਨ ਤਾਲ-ਮੇਲ ਪੈਦਾ ਕਰਨਗੇ। ਉਹ ਜ਼ਿਲ੍ਹਾ ਪੱਧਰ 'ਤੇ ਵਿਭਾਗ ਕਾਰਜ ਯੋਜਨਾਵਾਂ 'ਚ ਦਰਸਾਈਆਂ ਕਾਰਵਾਈਆਂ ਦੀ ਪ੍ਰਗਤੀ ਦਾ ਮਹੀਨੇਵਾਰ ਨਿਰੀਖਣ ਕਰਨਗੇ। ਡੀ.ਸੀ. ਸੀ.ਐੱਸ.ਆਰ. ਨਾਲ ਸੰਬੰਧਿਤ ਪਛਾਣ ਯੋਗ ਸੂਚਕਾਂ 'ਚ ਆਈਆਂ ਮਾਪਣਯੋਗ ਤਬਦੀਲੀਆਂ ਨੂੰ ਮਾਨਤਾ ਦੇਣ ਲਈ ਜ਼ਿੰਮੇਵਾਰ ਹੋਣਗੇ।

*(ਪੀ.ਆਈ.ਬੀ., ਚੰਡੀਗੜ੍ਹ)*

***ਸਫ਼ਾ 38 ਦੀ ਬਾਕੀ***

ਦਖ਼ਲ ਦਵਾਈ ਦੀ ਰਸਮੀ ਪ੍ਰਣਾਲੀ ਤਕ ਸੀਮਤ ਹਨ। ਸਮਾਜ ਨੂੰ ਸਿਹਤ ਸੇਵਾਵਾਂ ਦੇਣ ਦੀ ਪ੍ਰਕਿਰਿਆ ਵਿਚ ਸ਼ਾਮਿਲ ਕਰਨਾ ਕਿਸੇ ਵੀ ਦਖ਼ਲ ਦੀ ਸਵੀਕਾਰਤਾ ਵਧਾਉਣ ਲਈ ਬੇਹੱਦ ਅਹਿਮ ਹੈ। ਠੀਕ ਹੀ, ਆਸ਼ਾ (ਮਾਨਤਾ ਪ੍ਰਾਪਤ ਸਮਾਜਿਕ ਸਿਹਤ ਕਾਰਜਕਰਤਾ) ਦਾ ਸੰਕਲਪ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਦੀ ਰੂਪ-ਰੇਖਾ ਬਣਾਉਣ ਵਾਲੇ ਪ੍ਰੋਗਰਾਮ ਦੀ ਰੀੜ੍ਹ ਦੀ ਹੱਡੀ ਸਾਬਤ ਹੋਇਆ ਜਿਸ ਵਿਚ ਸਮਾਜ ਅਤੇ ਰਸਮੀ ਸਿਹਤ ਪ੍ਰਣਾਲੀ ਵਿਚਾਲੇ ਕੜੀ ਨੂੰ ਯਕੀਨੀ ਬਣਾਇਆ ਗਿਆ (ਪਾਵੇਲ-ਜੈਕਸਨ, 2013)।

ਪੇਂਡੂ ਖੇਤਰਾਂ ਵਿਚ ਟੈਲੀਮੈਡੀਸਨ ਦੇ ਪਸਾਰ ਲਈ ਸਮਾਜਿਕ-ਸਭਿਆਚਾਰਕ ਰੁਕਾਵਟਾਂ ਨੂੰ ਦੂਰ ਕਰਨਾ, ਯਕੀਨੀ ਤੌਰ ਤੇ ਟੈਲੀਮੈਡੀਸਨ ਨੂੰ ਮੁਢਲੀ ਸੰਭਾਲ ਵਿਚ ਸ਼ਾਮਿਲ ਕਰਨ 'ਤੇ ਨਿਰਭਰ ਕਰਦਾ ਹੈ। ਭਾਰਤ ਵਿਚ ਉਪਰ ਵਰਨਣ ਕੀਤੀਆਂ ਗਈਆਂ ਟੈਲੀਮੈਡੀਸਨ ਦੀਆਂ ਜ਼ਿਆਦਾਤਰ ਪਹਿਲਕਦਮੀਆਂ ਨੇ ਕੇਂਦਰੀ ਸਥਾਨਾਂ ਤੋਂ ਉਪ-ਨਗਰਾਂ ਅੰਦਰ 'ਮਾਹਰ' ਦੀ ਸਲਾਹ ਨੂੰ ਸੰਭਵ ਕੀਤਾ ਹੈ ਜਿਸ ਨਾਲ ਉਪ ਅਤੇ ਸ਼ਾਖਾ ਸੰਭਾਲ ਪ੍ਰਣਾਲੀ ਵਿਕਸਤ ਹੋਈ ਹੈ। ਤਕਨੀਕ ਪ੍ਰਕਿਰਿਆ ਅਤੇ ਪ੍ਰਣਾਲੀ ਦੀ ਰੂਪ-ਰੇਖਾ ਬਣਾਉਣ ਦੇ ਮਾਮਲੇ ਵਿਚ ਪਹਿਲਕਦਮੀ 'ਉਪਰ ਤੋਂ ਹੇਠਾਂ' ਵਾਲੀ ਰਹੀ ਹੈ। ਮੁਢਲੀ ਸਾਂਭ-ਸੰਭਾਲ ਦੇ ਖੇਤਰ ਵਿਚ ਟੈਲੀਮੈਡੀਸਨ ਦੀ ਸੰਭਾਵਨਾ ਦੀ ਪੂਰੀ ਵਰਤੋਂ ਨਹੀਂ ਕੀਤੀ ਗਈ। ਅਸਲ ਵਿਚ, ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਸਿਹਤ ਸੇਵਾਵਾਂ ਦੇਣ ਦੀ ਪ੍ਰਣਾਲੀ ਅੰਦਰ ਟੈਲੀਮੈਡੀਸਨ ਦਾ ਵੱਧ ਤੋਂ ਵੱਧ ਪਸਾਰ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿਚ ਟੈਲੀਮੈਡੀਸਨ ਨੂੰ ਮੁਢਲੀ ਸਾਂਭ ਸੰਭਾਲ ਵਿਚ ਸ਼ਾਮਿਲ ਕਰਨ 'ਤੇ ਨਿਰਭਰ ਕਰਦਾ ਹੈ। ਗ਼ੌਰ ਕਰਨ ਵਾਲੀ ਗੱਲ ਹੈ ਕਿ ਉਪਰ ਵਰਣਿਤ ਦਖ਼ਲਾਂ ਦੇ ਉਲਟ, ਮੁਢਲੀ ਸਾਂਭ-ਸੰਭਾਲ ਵਾਸਤੇ ਟੈਲੀਮੈਡੀਸਨ ਲਈ 'ਹੇਠੋਂ ਉਪਰ' ਵਾਲੀ ਪਹਿਲ ਦੀ ਲੋੜ ਹੈ, ਸਮਾਜ ਤੋਂ ਸ਼ੁਰੂ ਕਰਦਿਆਂ : ਸਮਾਜ ਦੀਆਂ ਲੋੜਾਂ ਦਾ ਅੰਦਾਜ਼ਾ ਲਾਉਣਾ, ਸਮਾਜਿਕ ਤਕਨਾਲੋਜੀ ਪ੍ਰਣਾਲੀਆਂ ਦਾ ਮੁੱਲੰਕਣ ਜਿਥੇ ਦਖ਼ਲ ਨੂੰ ਲਾਗੂ ਕੀਤਾ ਜਾਣਾ ਹੈ; ਸਥਾਨਕ ਸੋਚ ਵਾਲੇ ਨੇਤਾਵਾਂ ਦੀ ਸ਼ਮੂਲੀਅਤ। ਮੁਢਲੀ ਸਾਂਭ-ਸੰਭਾਲ ਦੇ ਪੱਧਰ 'ਤੇ ਹੇਠੋਂ ਉਤਲੀ ਪਹਿਲਕਦਮੀ ਨੂੰ ਲਾਗੂ ਕਰਨ ਨਾਲ ਯਕੀਨੀ ਤੌਰ ਤੇ ਉੱਪ ਪੱਧਰ ਤੇ ਸ਼ਾਖਾ ਪੱਧਰ 'ਤੇ ਟੈਲੀਮੈਡੀਸਨ ਦੀ ਪ੍ਰਭਾਵਿਕਤਾ ਅਤੇ ਸਵੀਕਾਰਤਾ ਵਧ ਜਾਵੇਗੀ। ਮੁਢਲੀ ਸਾਂਭ-ਸੰਭਾਲ ਦੀ ਟੈਲੀਮੈਡੀਸਨ ਵਾਸਤੇ ਤਕਨਾਲੋਜੀ, ਪ੍ਰਣਾਲੀ ਅਤੇ ਪ੍ਰਕਿਰਿਆ ਦੀ ਰੂਪ-ਰੇਖਾ ਤਿਆਰ ਕਰਨ ਸਮੇਂ ਸਮਾਜ ਵਿਚ ਪ੍ਰਚਲਿਤ ਸਮਾਜਿਕ-ਤਕਨਾਲੋਜੀ ਪ੍ਰਣਾਲੀਆਂ ਨੂੰ ਧਿਆਨ ਵਿਚ ਰੱਖਣਾ ਹੋਵੇਗਾ, ਜਿਵੇਂ ਕਿ ਜਨਸੰਖਿਆ ਦਾ ਸਿਹਤ ਸੇਵਾਵਾਂ ਲੈਣ ਦਾ ਮੌਜੂਦਾ ਰਵੱਈਆ। ਹੋਰ, ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਦੀ ਰੂਪ-ਰੇਖਾ ਦਾ ਆਧਾਰ ਸੂਚਨਾ ਦੀ ਵੰਡ ਤੇ ਫ਼ੈਲਾਅ ਬੁਨਿਆਦੀ ਢਾਂਚੇ ਦੀ ਵਿਹਾਰਕਤਾ ਅਤੇ ਜਨਸੰਖਿਆ ਦੀਆਂ ਲੋੜਾਂ 'ਤੇ ਆਧਾਰਿਤ ਹੋਣਾ ਚਾਹੀਦਾ ਹੈ।

## ਸਿੱਟਾ

ਸਿਹਤ ਸੇਵਾਵਾਂ ਦੇ ਖੇਤਰ ਵਿਚ ਤਕਨਾਲੋਜੀ ਦੇ ਵਿਆਪਕ ਇਸਤੇਮਾਲ ਲਈ ਬਹੁ-ਪੱਧਰੀ ਰੁਕਾਵਟਾਂ 'ਤੇ ਪਾਰ ਪਾਉਣ ਦੀ ਲੋੜ ਹੈ, ਜਿਵੇਂ ਨੀਤੀ, ਸਰੋਤ ਅਤੇ ਸਮਾਜਿਕ-ਸਭਿਆਚਾਰਕ ਪੱਧਰ/ ਟੈਲੀਮੈਡੀਸਨ ਦੇ ਸਫਲਤਾਪੂਰਵਕ ਲਾਗੂ ਕਰਨ ਲਈ ਸਾਰੀਆਂ ਧਿਰਾਂ ਦੀ ਸ਼ਮੂਲੀਅਤ ਜ਼ਰੂਰੀ ਹੈ, ਜਿਵੇਂ ਮਾਹਰ, ਆਮ ਡਿਊਟੀ ਵਾਲੇ ਡਾਕਟਰ, ਚਿਕਿਤਸਾ ਸਹਾਇਕ, ਤਕਨਾਲੋਜੀ ਸਟਾਫ਼, ਤਾਲਮੇਲ ਸਟਾਫ਼ ਨੀਤੀ ਘਾੜੇ ਅਤੇ ਸਭ ਤੋਂ ਅਹਿਮ, ਰੂਪ-ਰੇਖਾ ਬਣਾਉਣ ਦੇ ਪੜਾਅ ਤੋਂ ਹੀ ਸਮਾਜ ਨੂੰ ਧਿਆਨ ਵਿਚ ਰੱਖਣਾ।

*(ਲੇਖਕ ਕ੍ਰਮਵਾਰ ਅਸਿਸਟੈਂਟ ਪ੍ਰੋਫ਼ੈਸਰ, ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ, ਅਹਿਮਦਾਬਾਦ ਅਤੇ ਪ੍ਰੋਫ਼ੈਸਰ, ਡਿਜੀਟਲ ਐਂਡ ਹੈੱਡ ਆਫ਼ ਮੈਨੇਜਮੈਂਟ ਐਂਡ ਸਿਸਟਮ ਸੈਕਸ਼ਨ, ਸਕੂਲ ਆਫ਼ ਮੈਨੇਜਮੈਂਟ ਸਵੈਨਸੀ ਯੂਨੀਵਸਟੀ, ਯੂ.ਕੇ. ਹਨ।)*

*e-mail :y.k.dwivedi@swansea.ac.uk*

*:rajeshc@iimahd.ernet.in*

## ਰਾਸ਼ਟਰੀ ਮੁਕੱਦਮੇਬਾਜ਼ੀ ਨੀਤੀ

ਭਾਰਤ ਸਰਕਾਰ ਵਲੋਂ ਹਾਲ ਹੀ ਵਿਚ ਰਾਸ਼ਟਰੀ ਮੁਕੱਦਮੇਬਾਜ਼ੀ ਨੀਤੀ ਬਣਾਈ ਗਈ ਸੀ। ਇਸ ਨੀਤੀ ਦਾ ਆਧਾਰ ਇਹ ਮਾਨਤਾ ਹੈ ਕਿ ਸਰਕਾਰ ਅਤੇ ਇਸ ਦੀਆਂ ਵੱਖ-ਵੱਖ ਏਜੰਸੀਆਂ, ਅਦਾਲਤਾਂ ਅਤੇ ਟ੍ਰਿਬਿਊਨਲਾਂ ਅੰਦਰ ਦੇਸ਼ ਵਿਚ ਪ੍ਰਮੁੱਖ ਮੁਕੱਦਮੇਬਾਜ਼ ਹਨ। ਇਸ ਦਾ ਉਦੇਸ਼ ਸਰਕਾਰ ਨੂੰ ਇਕ ਨਿਪੁੰਨ ਅਤੇ ਜ਼ਿੰਮੇਵਾਰ ਮੁਕੱਦਮੇਬਾਜ਼ ਵਿਚ ਤਬਦੀਲ ਕਰਨਾ ਅਤੇ ਅਦਾਲਤਾਂ ਅੰਦਰ ਸਰਕਾਰੀ ਮੁਕੱਮੇਬਾਜ਼ੀ ਨੂੰ ਘਟਾਉਣਾ ਹੈ ਤਾਂ ਕਿ ਰਾਸ਼ਟਰੀ ਨਿਆਂਇਕ ਮਿਸ਼ਨ ਤਹਿਤ ਲਮਕੇ ਮਾਮਲਿਆਂ ਦੀ ਔਸਤ ਉਡੀਕ 15 ਸਾਲ ਤੋਂ 3 ਸਾਲ ਕਰਨ ਦਾ ਟੀਚਾ ਹਾਸਲ ਕੀਤਾ ਜਾ ਸਕੇ। ਇਹ ਨੀਤੀ ਇਸ ਮਾਨਤਾ 'ਤੇ ਵੀ ਆਧਾਰਿਤ ਹੈ ਕਿ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ, ਬੁਨਿਆਦੀ ਹੱਕਾਂ ਦਾ ਸਨਮਾਨ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਸਰਕਾਰੀ ਮੁਕੱਦਮੇਬਾਜ਼ੀ ਦਾ ਸੰਚਾਲਨ ਕਰਨ ਵਾਲਿਆਂ ਨੂੰ ਇਹ ਬੁਨਿਆਦੀ ਅਸੂਲ ਭੁੱਲਣਾ ਨਹੀਂ ਚਾਹੀਦਾ।

***ਮਿਸ਼ਨ ਬਿਆਨ :*** ਮਿਸ਼ਨ ਬਿਆਨ ਵਿਚ ਅੱਗੇ ਆਖਿਆ ਗਿਆ ਹੈ ਕਿ ਸਰਕਾਰ ਦਾ ਜ਼ਬਰਦਸਤੀ ਦਾ ਮੁਕੱਦਮੇਬਾਜ਼ ਬਣਨਾ ਬੰਦ ਹੋਣਾ ਚਾਹੀਦਾ ਹੈ। ਇਹ ਧਾਰਨਾ ਕਿ ਅੰਤਿਮ ਫ਼ੈਸਲੇ ਲਈ ਮਾਮਲਿਆਂ ਨੂੰ ਅਦਾਲਤਾਂ 'ਤੇ ਛੱਡ ਦੇਣਾ ਚਾਹੀਦਾ ਹੈ, ਨੂੰ ਤਿਲਾਂਜਲੀ ਦੇਣ ਦੀ ਲੋੜ ਹੈ। ਸੌਖੀ ਪਹੁੰਚ, "ਅਦਾਲਤਾਂ ਨੂੰ ਫ਼ੈਸਲਾ ਕਰਨ ਦਿਉ", ਦਾ ਤਿਆਗ ਅਤੇ ਨਿੰਦਾ ਹੋਣੀ ਚਾਹੀਦੀ ਹੈ। ਸਰਕਾਰ ਦੀ ਤਰਫ਼ੋਂ ਮੁਦੱਦਮੇ ਲੜਨ ਵਾਲਿਆਂ ਨੂੰ ਰਾਸ਼ਟਰੀ ਮਿਸ਼ਨ ਵਿਚ ਅਦਾਲਤੀ ਸੁਧਾਰਾਂ ਬਾਰੇ ਸ਼ਾਮਿਲ ਕੀਤੇ ਗਏ ਨੇਮਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜਿਸ ਵਿਚ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਨੂੰ ਦਰਪੇਸ਼ ਆਉਣ ਵਾਲੀਆਂ ਰੁਕਾਵਟਾਂ ਅਤੇ ਗ਼ੈਰ-ਜ਼ਰੂਰੀ ਸਰਕਾਰੀ ਮਾਮਲਿਆਂ ਨੂੰ ਹਟਾਉਣਾ ਆਦਿ ਸ਼ਾਮਿਲ ਹੈ। ਮੁਕੱਦਮੇਬਾਜ਼ੀ 'ਚ ਪਹਿਲ ਹਾਸਿਲ ਕਰਨੀ ਪਵੇਗੀ ਜਿਸ ਤਹਿਤ ਭਲਾਈ ਸੰਬੰਧੀ ਮੁਕੱਦਮੇਬਾਜ਼ੀ, ਸਮਾਜਿਕ ਸੁਧਾਰ, ਕਮਜ਼ੋਰ ਤਬਕੇ, ਬਜ਼ੁਰਗ ਨਾਗਰਿਕ ਅਤੇ ਸਹਾਇਤਾ ਚਾਹੁਣ ਵਾਲੇ ਦੂਜੇ ਵਰਗਾਂ ਨੂੰ ਸਭ ਤੋਂ ਵੱਧ ਪਹਿਲ ਦੇਣੀ ਬਣਦੀ ਹੈ।

***ਧਿਰਾਂ ਅਤੇ ਜਵਾਬਦੇਹੀ :*** ਇਸ ਨੀਤੀ ਦੀ ਸਫਲਤਾ ਯਕੀਨੀ ਬਣਾਉਣ ਲਈ ਸਾਰੀਆਂ ਧਿਰਾਂ ਨੂੰ ਬਣਦੀ ਭੂਮਿਕਾ ਨਿਭਾਉਣੀ ਹੋਵੇਗੀ – ਕਾਨੂੰਨ ਅਤੇ ਨਿਆਂ ਮੰਤਰਾਲਾ, ਵੱਖ-ਵੱਖ ਵਿਭਾਗਾਂ ਦੇ ਮੁਖੀ, ਕਾਨੂੰਨੀ ਅਧਿਕਾਰੀ ਅਤੇ ਸਰਕਾਰੀ ਸਲਾਹਕਾਰ, ਨਿੱਜੀ ਅਫ਼ਸਰ ਜੋ ਸੰਬੰਧਿਤ ਮੁਕੱਦਮੇਬਾਜ਼ੀ ਨਾਲ ਜੁੜੇ ਹੋਣ। ਇਸ ਨੀਤੀ ਦੀ ਸਫਲਤਾ ਸਖ਼ਤੀ ਨਾਲ ਅਮਲ ਕਰਨ 'ਤੇ ਨਿਰਭਰ ਹੈ। ਵਿਭਾਗਾਂ ਦੇ ਮੁਖੀਆਂ ਵਲੋਂ ਨੋਡਲ ਅਫ਼ਸਰ ਨਿਯੁਕਤ ਕੀਤੇ ਜਾਣਗੇ। ਜਵਾਬਦੇਹੀ ਇਸ ਨੀਤੀ ਦਾ ਕੇਂਦਰੀ ਧੁਰਾ ਹੋਣ ਵਜੋਂ ਇਹ ਵੱਖ-ਵੱਖ ਪੱਧਰਾਂ – ਮੁਕੱਦਮੇਬਾਜ਼ੀ ਦੇ ਇੰਚਾਰਜ, ਮਾਮਲਿਆਂ ਨੂੰ ਲੜਨ ਵਾਲੇ, ਸਾਰੇ ਸੰਬੰਧਿਤ ਵਕੀਲ ਅਤੇ ਨੋਡਲ ਅਫ਼ਸਰਾਂ ਦੇ ਪੱਧਰ 'ਤੇ ਇਹ ਯਕੀਨੀ ਬਣਾਇਆ ਜਾਵੇਗਾ। ਉੱਚ ਤਾਕਤੀ ਕਮੇਟੀਆਂ ਹੋਣਗੀਆਂ ਤਾਂ ਕਿ ਇਸ ਨੀਤੀ ਦੇ ਅਮਲ ਅਤੇ ਜਵਾਬਦੇਹੀ 'ਤੇ ਨਿਗਰਾਨੀ ਰੱਖੀ ਜਾ ਸਕੇ। ਪੈਨਲਾਂ ਦੀ ਸਥਾਪਨਾ ਲਈ ਜਾਂਚ ਕਮੇਟੀਆਂ ਹਰੇਕ ਪੱਧਰ 'ਤੇ ਬਣਾਈਆਂ ਜਾਣਗੀਆਂ ਤਾਂ ਕਿ ਸਰਕਾਰੀ ਪੈਨਲਾਂ ਦਾ ਹਿੱਸਾ ਬਣਨ ਤੋਂ ਪਹਿਲਾਂ ਇਛੁੱਕ ਵਿਅਕਤੀਆਂ ਦੀ ਮਹਾਰਤ ਅਤੇ ਸਮਰਥਾ ਦਾ ਅੰਦਾਜ਼ਾ ਲਾਇਆ ਜਾ ਸਕੇ। ਜ਼ੋਰ ਮੁੱਖ ਤੌਰ ਤੇ ਕੁਸ਼ਲਤਾ, ਡੋਮੇਨ ਮਹਾਰਤ ਤੇ ਵਿਸ਼ੇ ਦੀ ਵਿਸ਼ੇਸ਼ਤਾ ਉੱਤੇ ਹੋਵੇਗਾ।

***ਮਿਸ਼ਨ ਦੇ ਤੌਰ ਤਰੀਕਿਆਂ ਨੂੰ ਲਾਗੂ ਕਰਨਾ :*** ਸਰਕਾਰੀ ਵਕੀਲ ਕਾਬਲ ਹੋਣ ਅਤੇ ਉਨ੍ਹਾਂ ਕੋਲ ਕੰਪਿਊਟਰ, ਇੰਟਰਨੈੱਟ ਆਦਿ ਦੀ ਸਹੂਲਤ ਵੀ ਹੋਵੇ। ਸਰਕਾਰੀ ਵਕੀਲਾਂ ਲਈ ਸਾਂਝੀਆਂ ਖੋਜ ਸਹੂਲਤਾਂ ਅਤੇ ਸਾਮਾਨ ਮੁਹੱਈਆ ਕਰਵਾਇਆ ਜਾਵੇ ਤਾਂ ਕਿ ਉਹ ਮਾਮਲਿਆਂ ਦਾ ਇਕੱਤਰੀਕਰਨ ਕਰ ਸਕਣ। ਨੋਡਲ ਅਫ਼ਸਰ ਮਾਮਲਿਆਂ ਦੇ ਕੁਸ਼ਲ ਪ੍ਰਬੰਧਨ ਲਈ ਜ਼ਿੰਮੇਵਾਰ ਹੋਣਗੇ। ਇਸ ਵਿਚ ਮਾਮਲਿਆਂ ਦੀ ਨਿਰੰਤਰ ਨਿਗਰਾਨੀ ਸ਼ਾਮਿਲ ਹੋਵੇਗੀ, ਖ਼ਾਸ ਕਰਕੇ ਇਹ ਮੁੱਲੰਕਣ ਕਰਨ ਲਈ ਕਿ ਕਿਧਰੇ ਮਾਮਲੇ ਲੀਹੋਂ ਤਾਂ ਨਹੀਂ ਲੱਥ ਗਏ ਜਾਂ ਗ਼ੈਰ-ਜ਼ਰੂਰੀ ਤੌਰ ਤੇ ਦੇਰੀ ਤਾਂ ਨਹੀਂ ਹੋ ਗਈ। ਅਧੂਰੇ ਸਾਰਅੰਸ਼ ਦੇਣ ਦੀ ਪ੍ਰਥਾ ਬੰਦ ਹੋਣੀ ਚਾਹੀਦੀ ਹੈ। ਵਕੀਲ ਅਧੂਰੇ ਸਾਰਅੰਸ਼ ਦੇਣ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਇਹ ਜ਼ਿੰਮੇਵਾਰੀ ਨੋਡਲ ਅਫ਼ਸਰ ਦੀ ਹੋਵੇਗੀ ਕਿ ਵਾਰ-ਵਾਰ ਮੁਲਤਵੀ ਹੋਣ ਵਾਲੇ ਮਾਮਲਿਆਂ ਦੀ ਜਾਣਕਾਰੀ ਵਿਭਾਗ ਦੇ ਮੁਖੀ ਦੇ ਧਿਆਨ ਵਿਚ ਲਿਆਵੇ ਅਤੇ ਉਹ ਮੁਲਤਵੀ ਕੀਤੇ ਜਾਣ ਦੇ ਕਾਰਨਾਂ ਬਾਰੇ ਜਾਣਨ ਲਈ ਸੁਤੰਤਰ ਹੋਵੇਗਾ। ਏਜੰਸੀ ਦਾ ਮੁਖੀ ਇਹ ਪੱਕਾ ਕਰੇਗਾ ਕਿ ਮਾਮਲੇ ਦੇ ਰਿਕਾਰਡ 'ਚ ਮੁਲਤਵੀ ਕਰਨ ਦੇ ਕਾਰਨ ਦੱਸੇ ਗਏ ਹੋਣ, ਜੇ ਮਾਮਲਾ ਵਾਰ-ਵਾਰ ਮੁਲਤਵੀ ਹੋ ਰਿਹਾ ਹੋਵੇ। ਮਾਮਲੇ ਵਿਚ ਲਾਪ੍ਰਵਾਹੀ ਵਰਤਣ ਦਾ ਗੰਭੀਰ ਨੋਟਿਸ ਲਿਆ ਜਾਵੇਗਾ ਤੇ ਅਜਿਹੇ ਮਾਮਲੇ ਉੱਚ ਤਾਕਤੀ ਕਮੇਟੀ ਕੋਲ ਭੇਜ ਕੇ ਉੱਚਿਤ ਨਿਪਟਾਰਾ ਕੀਤਾ ਜਾਵੇਗਾ। ਜੇ ਵਕੀਲਾਂ ਦਾ ਕਸੂਰ ਸਾਬਤ ਹੋਇਆ ਤਾਂ ਉਨ੍ਹਾਂ ਨੂੰ ਮੁਅੱਤਲ ਕੀਤਾ ਜਾਵੇਗਾ ਜਾਂ ਫਿਰ ਉਨ੍ਹਾਂ ਦੇ ਨਾਮ ਸਰਕਾਰੀ ਪੈਨਲ ਤੋਂ ਹਟਾ ਦਿਤੇ ਜਾਣਗੇ।

***ਲੋਕਹਿਤ ਮੁਕੱਦਮੇ :*** ਜਨਹਿਤ ਯਾਚਿਕਾ ਨਾਲ ਸੰਤੁਲਤ ਢੰਗ ਨਾਲ ਸਿੱਝਿਆ ਜਾਣਾ ਚਾਹੀਦਾ ਹੈ। ਜਨਹਿਤ ਯਾਚਿਕਾਵਾਂ ਨੂੰ ਆਰਾਮਦਾਰੀ ਦੇ ਮਾਮਲੇ ਨਹੀਂ ਸਮਝਣਾ ਚਾਹੀਦਾ ਕਿ ਜੋ ਕੰਮ ਕਰਨਾ ਸਰਕਾਰ ਲਈ ਮੁਸ਼ਕਿਲ ਹੈ, ਉਸ ਨੂੰ ਅਦਾਲਤਾਂ ਕਰਨ। ਇਹ ਸਚਾਈ ਹੈ ਕਿ ਜਨਹਿਤ ਯਾਚਿਕਾਵਾਂ ਵਿਚ ਵਾਧਾ ਇਸ ਧਾਰਨਾ ਕਰਕੇ ਹੁੰਦਾ ਹੈ ਕਿ ਸਰਕਾਰਾਂ ਕੰਮ ਨਹੀਂ ਕਰਦੀਆਂ। ਇਹ ਧਾਰਨਾ ਬਦਲਣ ਦੀ ਲੋੜ ਹੈ।

***ਬਕਾਇਆ :*** ਅਟਾਰਨੀ ਜਨਰਲ ਦਾ ਦਫ਼ਤਰ ਅਤੇ ਸੋਲਿਸਿਟਰ ਜਨਰਲ ਸਾਰੇ ਬਕਾਇਆ ਪਏ ਮਾਮਲਿਆਂ ਦੀ ਸਮੀਖਿਆ, ਮਾਮੂਲੀ ਅਤੇ ਅਫ਼ਸੋਸਜਨਕ ਮਾਮਲਿਆਂ ਨੂੰ ਯੋਗ ਮਾਮਲਿਆਂ ਤੋਂ ਵੱਖ ਕਰਨ ਲਈ ਜ਼ਿੰਮੇਵਾਰ ਹੋਣਗੇ। ਮਾਮਲਿਆਂ ਦਾ ਸਮੂਹ ਬਣਾ ਕੇ ਵਰਗੀਕਰਨ ਕੀਤਾ ਜਾਵੇਗਾ। ਮਾਮਲਿਆਂ ਦੇ ਸਮੂਹੀਕਰਨ ਦੀ ਪ੍ਰਥਾ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ ਜਿਸ ਤਹਿਤ ਮਾਮਲਿਆਂ ਨੂੰ ਪਛਾਣ ਇਕ ਨੰਬਰ ਵਿਸ਼ੇ ਅਤੇ ਕਾਨੂੰਨ ਦੇ ਮੁਤਾਬਕ ਦਿਤਾ ਜਾਵੇ। ਇਸ ਪ੍ਰਕਿਰਿਆ ਨੂੰ ਸੌਖਾ ਕਰਨ ਲਈ ਫਾਰਮ ਤਿਆਰ ਕੀਤੇ ਜਾਣ ਜੋ ਮਾਮਲਾ ਦਾਇਰ ਕਰਨ ਸਮੇਂ ਵਕੀਲਾਂ ਨੂੰ ਭਰਨੇ ਪੈਣਗੇ। ਵਰਗੀਕਰਨ ਨੂੰ ਲਾਗੂ ਕਰਨ, ਵਾਪਸ ਲੈਣ ਯੋਗ ਮਾਮਲਿਆਂ ਦੀ ਸਮੀਖਿਆ ਲਈ ਪੈਨਲ ਸਥਾਪਤ ਕੀਤੇ ਜਾਣਗੇ। ਇਸ ਵਿਚ ਉਹ ਮਾਮਲੇ ਸ਼ਾਮਿਲ ਹੋਣਗੇ ਜੋ ਅਦਾਲਤ ਦੇ ਫ਼ੈਸਲਿਆਂ ਤਹਿਤ ਆਉਂਦੇ ਹਨ ਅਤੇ ਜਿਨ੍ਹਾਂ ਮਾਮਲਿਆਂ ਵਿਚ ਕੋਈ ਜਾਨ ਨਹੀਂ ਹੁੰਦੀ, ਨੂੰ ਵਾਪਸ ਲਿਆ ਜਾ ਸਕਦਾ ਹੈ। ਇਹ ਸਾਰਾ ਕੁੱਝ ਸਮਾਂਬੱਧ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ।❑❑

## ਕੀ ਤੁਸੀਂ ਜਾਣਦੇ ਹੋ?

### ਸੀ ਆਈ ਬੀ ਆਈ ਐੱਲ ਸਕੋਰ

ਅਗਸਤ 2000 ਵਿਚ ਸਥਾਪਤ, ਕਰੈਡਿਟ ਇਨਫਰਮੇਸ਼ਨ ਬਿਓਰੋ (ਇੰਡੀਆ) ਲਿਮਟਿਡ ਜਾਂ ਸੀ ਆਈ ਬੀ ਆਈ ਐੱਲ ਭਾਰਤ ਦੀ ਪਹਿਲੀ ਕਰਜ਼ਾ ਸੂਚਨਾ ਕੰਪਨੀ (ਸੀ ਆਈ ਸੀ) ਹੈ ਜੋ ਕਿ ਭਾਰਤ ਦੀ ਵਿੱਤੀ ਪ੍ਰਣਾਲੀ ਵਿਚ ਮਹੱਤਵਪੂਰਨ ਯੋਗਦਾਨ ਲਈ ਤਿਆਰ ਕੀਤੀ ਗਈ ਹੈ ਤਾਂ ਕਿ ਕਰਜ਼ਾ ਪ੍ਰਦਾਨ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਕਾਰੋਬਾਰ ਦਾ ਪ੍ਰਬੰਧ ਕਰਨ ਅਤੇ ਉਪਭੋਗਤਾਵਾਂ ਨੂੰ ਸੋਧੀਆਂ ਦਰਾਂ 'ਤੇ ਉਨ੍ਹਾਂ ਦੇ ਕਰਜ਼ ਨੂੰ ਸੁਰੱਖਿਅਤ ਕਰਨ ਵਿਚ ਮਦਦ ਮਿਲ ਸਕੇ। ਸੀ ਆਈ ਸੀ ਬੀ ਆਈ ਐੱਲ ਇਕ ਵਿਅਕਤੀ ਦੀਆਂ ਕਰਜ਼ੇ ਅਤੇ ਕਰੈਡਿਟ ਕਾਰਡ ਨਾਲ ਸੰਬੰਧਿਤ ਅਦਾਇਗੀਆਂ ਦਾ ਰਿਕਾਰਡ ਇਕੱਠਾ ਕਰਦਾ ਹੈ ਅਤੇ ਸੰਭਾਲਦਾ ਹੈ। ਮੈਂਬਰ ਬੈਂਕ ਅਤੇ ਕਰੈਡਿਟ ਸੰਸਥਾਵਾਂ ਇਹ ਰਿਕਾਰਡ ਹਰ ਮਹੀਨੇ ਸੀ ਆਈ ਬੀ ਆਈ ਐੱਲ ਨੂੰ ਸੌਂਪ ਦਿੰਦੇ ਹਨ ਅਤੇ ਇਸ ਤੋਂ ਬਾਅਦ ਇਹ ਸੂਚਨਾ ਕਰੈਡਿਟ ਇਨਫਰਮੇਸ਼ਨ ਰਿਪੋਰਟ (ਸੀ ਆਈ ਆਰ) ਅਤੇ ਕਰੈਡਿਟ ਸਕੋਰ ਤਿਆਰ ਕਰਨ ਲਈ ਉਪਯੋਗ ਕੀਤੀ ਜਾਂਦੀ ਹੈ ਅਤੇ ਫਿਰ ਇਹ ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਨੂੰ ਮੁਹੱਈਆ ਕਰ ਦਿਤੀ ਜਾਂਦੀ ਹੈ ਅਤੇ ਇਸ ਨਾਲ ਉਨ੍ਹਾਂ ਨੂੰ ਕਰਜ਼ੇ ਵਾਸਤੇ ਆਈਆਂ ਅਰਜ਼ੀਆਂ ਦਾ ਮੁੱਲੰਕਣ ਕਰਨ ਅਤੇ ਕਰਜ਼ਾ ਮਨਜ਼ੂਰ ਕਰਨ ਵਿਚ ਮਦਦ ਮਿਲਦੀ ਹੈ। ਸੀ ਆਈ ਬੀ ਆਈ ਐੱਲ ਕਿਸੇ ਵੀ ਰਿਕਾਰਡ ਵਿਚ ਪਰਿਵਰਤਨ ਜਾਂ ਮਿਟਾ ਨਹੀਂ ਸਕਦੀ ਅਤੇ ਨਾ ਹੀ ਇਹ ਚੰਗੇ ਮਾੜੇ ਕਰਜ਼ ਦੀ ਕਿਸੇ ਸੂਚੀ ਨੂੰ ਸੰਭਾਲ ਸਕਦੀ ਹੈ। ਕਰੈਡਿਟ ਸਕੋਰ ਰਿਣਦਾਤਾ ਲਈ ਪਹਿਲੀ ਛਾਪ ਦਿੰਦਾ ਹੈ। ਜਿੰਨਾ ਵਧੀਆ ਸਕੋਰ ਹੋਵੇਗਾ ਕਰਜ਼ਾ ਮਨਜ਼ੂਰ ਹੋਣ ਦਾ ਇਤਫ਼ਾਕ ਵੀ ਉਨਾ ਹੀ ਵਧੀਆ ਹੋਵੇਗਾ।

ਬਹੁਤ ਸਾਰੇ ਤੱਤ ਸੀ ਆਈ ਬੀ ਆਈ ਐੱਲ ਸਕੋਰ ਨੂੰ ਪ੍ਰਭਾਵਿਤ ਕਰਦੇ ਹਨ। ਸਰਬ ਪ੍ਰਥਮ ਹੈ ਤੁਹਾਡੇ ਕਰਜ਼ ਦਾ ਇਤਿਹਾਸ ਜੋ ਕਰੈਡਿਟ ਸਕੋਰ ਦਾ 35 ਪ੍ਰਤਿਸ਼ਤ ਆਧਾਰ ਹੈ। ਕਰਜ਼ੇ ਦੀਆਂ ਸਾਰੀਆਂ ਕਿਸ਼ਤਾਂ ਅਤੇ ਬਿੱਲ ਸਮਾਂ ਸੀਮਾ ਦੇ ਅੰਦਰ ਪੂਰੇ ਹੋਣੇ ਚਾਹੀਦੇ ਹਨ। ਇਕ ਇਕੱਲੀ ਗ਼ਲਤੀ ਤੁਹਾਡੇ ਸਕੋਰ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ। ਜੋ ਤੁਹਾਡੇ ਕੋਲ ਹੈ ਤੁਹਾਡਾ ਰਿਣਦਾਤਾ ਤੁਹਾਡੇ ਸਕੋਰ ਵਿਚ 30 ਪ੍ਰਤਿਸ਼ਤ ਜੋੜਦਾ ਹੈ। ਦੋ ਮਹੱਤਵਪੂਰਨ ਚੀਜ਼ਾਂ ਹਨ; ਤੁਹਾਨੂੰ ਦਿਤੀ ਗਈ ਕੁੱਲ ਕਾਰਡ ਸੀਮਾ ਅਤੇ ਪੈਸੇ ਦੀ ਪ੍ਰਤਿਸ਼ਤ ਜੋ ਤੁਸੀਂ ਵਰਤ ਰਹੇ ਹੋ। ਜਿੰਨੇ ਸਮੇਂ ਤੋਂ ਤੁਸੀਂ ਕਾਰਡ ਵਰਤ ਰਹੇ ਹੋ 15 ਪ੍ਰਤਿਸ਼ਤ ਫ਼ਾਇਦਾ ਮਿਲੇਗਾ। ਜੇ ਤੁਸੀਂ ਸਮੇਂ ਸਿਰ ਅਦਾਇਗੀ ਕਰਦੇ ਹੋ ਤਾਂ ਇਸ ਦਾ ਤੁਹਾਡੇ ਸਕੋਰ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ। ਨਵੇਂ ਕਰੈਡਿਟ/ਕਰਜ਼ ਦੀ ਸਾਰੀ ਰਾਸ਼ੀ ਜਿਸ ਵਾਸਤੇ ਤੁਸੀਂ ਅਰਜ਼ੀ ਦਿਤੀ ਹੈ ਉਸ ਦਾ ਅੰਸ਼ 10 ਪ੍ਰਤਿਸ਼ਤ ਹੈ। ਕਰਜ਼ੇ ਦੇ ਇਤਿਹਾਸ ਨੂੰ ਚੈੱਕ ਕਰਨ ਲਈ ਬੈਂਕ ਦੁਆਰਾ ਕੀਤੀ ਗਈ ਬਹੁਤ ਸਾਰੀ ਪੁੱਛ-ਪੜਤਾਲ ਅਤੇ ਕਰਜ਼ਾ ਮੋੜਨ ਦੀ ਯੋਗਤਾ ਤੁਹਾਡੇ ਸਕੋਰ 'ਤੇ ਨਕਾਰਾਤਮਕ ਪ੍ਰਭਾਵ ਪਾਵੇਗੀ। ਸੁਰੱਖਿਅਤ ਕਰਜ਼ ਅਤੇ ਕਰੈਡਿਟ ਕਾਰਡ ਦਾ ਮਿਸ਼ਰਤ ਸੰਤੁਲਨ ਇਕੱਲੀ ਕਿਸਮ ਦੇ ਕਰਜ਼ੇ ਨਾਲੋਂ ਜ਼ਿਆਦਾ ਸਕੋਰ ਹਾਸਲ ਕਰਨ ਵਿਚ ਮਦਦ ਕਰੇਗਾ (ਇਸ ਦਾ ਤੁਹਾਡੇ ਸਕੋਰ 'ਤੇ 10 ਪ੍ਰਤਿਸ਼ਤ ਪ੍ਰਭਾਵ ਹੈ)। 300 ਤੋਂ ਲੈ ਕੇ 900 ਪੁਆਇੰਟ ਵਿਚਕਾਰ ਸਕੋਰ ਅਤੇ 700 ਤੋਂ ਜ਼ਿਆਦਾ ਸਕੋਰ ਵਧੀਆ ਕਰਜ਼ਾ ਪ੍ਰਬੰਧਨ ਵੱਲ ਇਸ਼ਾਰਾ ਕਰਦਾ ਹੈ।

### ਮਾਈਕਰੋਬਾਇਓਮੀ

ਮਾਈਕਰੋਬਾਇਓਮੀ ਸ਼ਬਦ ਜੋਸ਼ੂਆ ਲੈਡਰਬਰਗ ਵਲੋਂ ਦਿਤਾ ਗਿਆ ਹੈ। ਮਾਈਕਰੋਬਾਇਓਮੀ ਸਹਿਜੀਵੀ ਦੇ ਪਰਿਸਥਿਤੀ ਸਮੁਦਾਇ, ਸਹਿਭੋਗੀ ਅਤੇ ਰੋਗਜਨਕ ਮਾਈਕਰੋਆਰਗੇਨਿਜ਼ਮ ਵੱਲ ਸੰਕੇਤ ਕਰਦੀ ਹੈ ਜੋ ਕਿ ਸਾਡੇ ਸਰੀਰ ਦੇ ਖਲਾਅ ਜਿਵੇਂ ਪੇਟ ਦੀਆਂ ਅੰਤੜੀਆਂ, ਅੰਗਾਂ, ਸਾਡੇ ਮੂੰਹ ਵਿਚਲੇ ਥੁੱਕ, ਸਤਹਿ 'ਤੇ ਅਤੇ ਚਮੜੀ ਦੀਆਂ ਡੂੰਘੀਆਂ ਤਹਿਆਂ ਦੋਧੀ-ਗ੍ਰੰਥੀਆਂ ਵਿਚ, ਮੂੰਹ ਦੀ ਲੇਸ ਅਤੇ ਸਾਡੀਆਂ ਅੱਖਾਂ ਦੀ ਕੋਆ ਝਿੱਲੀ ਵਿਚ) ਵਿਚ ਰਹਿੰਦੀ ਹੈ। ਇਹ ਰੋਗਾਣੂ ਸੰਬੰਧੀ ਸਮੂਹ, ਸਾਡੇ ਸਰੀਰ ਲਈ ਵੱਖ-ਵੱਖ ਲਾਭਕਾਰੀ ਕਾਰਜ ਕਰਦੇ ਹਨ ਜੋ ਸਾਡੇ ਜੀਵਨ ਲਈ ਬਹੁਤ ਹੀ ਮਹੱਤਵਪੂਰਨ ਹੁੰਦੇ ਹਨ।

ਇਹ ਜਾਤੀਗਤ ਦ੍ਰਿਸ਼ਟੀ ਤੋਂ ਜਟਿਲ ਹਨ ਅਤੇ ਆਹਾਰ ਪਾਚਣ ਵਜੋਂ ਵਿਭਿੰਨ ਹਨ। ਇਹ ਭੋਜਨ ਨੂੰ ਪਚਾਉਣ ਅਤੇ ਕਾਰਬੋਹਾਈਡਰੇਟ ਜੋ ਆਹਾਰ ਨਲੀ ਦੇ ਉਪਰਲੇ ਹਿੱਸੇ 'ਤੇ ਪਚਦਾ ਨਹੀਂ ਉਸ ਨੂੰ ਖਮੀਰਨ ਕਿਰਿਆ ਅਤੇ ਸੋਖਣ ਦੀ ਪ੍ਰਕਿਰਿਆ ਦੁਆਰਾ ਪਚਾ ਕੇ ਊਰਜਾ ਪੈਦਾ ਕਰਨ ਲਈ ਅਤਿ ਲੋੜੀਂਦਾ ਹੈ। ਇਹ ਰੋਗਾਣੂ ਸੰਬੰਧੀ ਸਮੂਹ ਬੀਮਾਰੀ ਫ਼ੈਲਾਉਣ ਵਾਲੇ ਕਾਰਕ ਜਿਵੇਂ ਬੈਕਟੀਰੀਆ, ਹਮਲਾਵਰ, ਉੱਲੀ (ਫੰਗਸ), ਪਰਜੀਵੀ, ਜੀਵ ਜ਼ਹਿਰ ਅਤੇ ਵਾਇਰਸ ਜੋ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਜ਼ਰੀਏ ਸਾਡੇ ਸਰੀਰ 'ਤੇ ਹਮਲਾ ਕਰਦੇ ਹਨ ਉਨ੍ਹਾਂ ਨੂੰ ਰੋਕਣ ਲਈ ਇਕ ਕੁਦਰਤੀ ਰੋਧਕ ਦਾ ਕੰਮ ਕਰਦੇ ਹਨ। ਇਹ ਜ਼ਰੂਰੀ ਪੌਸ਼ਟਿਕ ਤੱਤਾਂ ਦਾ ਸਮਨਵੈ ਵੀ ਕਰਦੇ ਹਨ ਅਤੇ ਵਿਟਾਮਿਨ ਬੀ-1, ਬੀ-2, ਬੀ-3, ਬੀ-6, ਬੀ-12, ਫੋਲਿਕ ਏਸਿਡ, ਪੈਂਟੋਥੈਨਿਕ ਏਸਿਡ ਅਤੇ ਵਿਟਾਮਿਨ ਕੇ-2 (ਮੈਨਾਕੁਈਨੋਨ), ਇਥੋਂ ਤਕ ਕਿ ਪਿੱਤ ਰਸਾਇਣ ਦੇ ਉਪ-ਪਾਚਣ ਸਟਰੌਲ ਅਤੇ ਜੀਨੋਬਾਇਓਟਿਕ ਵਰਗੇ ਵਿਟਾਮਿਨਾਂ ਦੇ ਸਮਨਵੈ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੁੰਦੇ ਹਨ। ਇਹ ਲਾਭਦਾਇਕ ਮਾਈਕਰੋਆਗੇਨਿਜਮ (ਜਿਸ ਨੂੰ ਆਮ ਤੌਰ ਤੇ ਪਰੋਬਾਇਓਟਾ ਕਿਹਾ ਜਾਂਦਾ ਹੈ) ਆਹਾਰ ਨਲੀ ਦੀ ਦੀਵਾਰ ਕੋਲ ਪੀ ਐੱਚ ਨੂੰ ਘਟਾਉਂਦੇ ਹਨ ਅਤੇ ਨੁਕਸਾਨਦਾਇਕ ਬੈਕਟੀਰੀਆ ਨੂੰ ਅੱਗੇ ਫ਼ੈਲਣ ਅਤੇ ਵਧਣ ਨਹੀਂ ਦਿੰਦੇ।

ਮਨੁੱਖਾਂ ਵਿਚ ਮਾਈਕਰੋਬਾਇਓਮੀ 100 ਟ੍ਰਿਲੀਅਨ ਤੋਂ ਜ਼ਿਆਦਾ ਮਾਈਕਰੋਆਰਗੇਨਿਜ਼ਮ ਦੀ ਸੰਖਿਆ ਹੈ। ਮਨੁੱਖੀ ਸਰੀਰ ਵਿਚ ਮਨੁੱਖੀ ਸੈੱਲਾਂ ਨਾਲੋਂ 10 ਗੁਣਾ ਜ਼ਿਆਦਾ ਮਾਈਕਰੋਬਾਇਲ ਸੈੱਲ ਮੌਜੂਦਾ ਹੁੰਦੇ ਹਨ ਜਦ ਕਿ ਸਮੁੱਚੇ ਮਾਈਕਰੋਬਾਇਓਮੀ ਦਾ ਵਜ਼ਨ ਲਗਭਗ 200 ਗ੍ਰਾਮ ਹੁੰਦਾ ਹੈ। ਆਮ ਤੌਰ ਤੇ ਇਹ ਮਾਈਕਰੋਬਾਇਓਟਾ ਗ਼ੈਰ ਰੋਗਜਨਕ ਹਨ ਜਦ ਤਕ ਕਿ ਇਨ੍ਹਾਂ ਦਾ ਵਿਕਾਸ ਅਸਾਧਾਰਨ ਤੌਰ ਤੇ ਉੱਚਾ ਨਾ ਹੋਵੇ। ਇਹ ਇਕਸੁਰਤਾ ਵਿਚ ਸਹਿਜੀਵੀ ਦੀ ਤਰ੍ਹਾਂ ਵਿਚਰਦੇ ਹਨ ਜਦ ਕਿ ਇਹ ਆਪਣੇ ਮੇਜ਼ਬਾਨ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ। ਮਨੁੱਖੀ ਸਰੀਰ ਵਿਚ ਮਿਲਣ ਵਾਲੇ ਮਾਈਕਰੋਬਜ਼ ਦੀ ਜ਼ਿਆਦਾਤਰ ਸੰਖਿਆ ਬੈਕਟੀਰੀਆ ਨਹੀਂ ਹੈ ਪਰ ਆਰਕੀਆ ਨਾਮ ਦੇ ਇਕਹਿਰੇ ਸੈੱਲ ਆਰਗੇਨਿਜ਼ਮ ਦੇ ਬੜੇ ਹੀ ਪੁਰਾਣੇ ਬਾਇਓਲੋਜੀਕਲ ਖੇਤਰ ਨਾਲ ਸੰਬੰਧਿਤ ਹਨ। ਇਕ ਸਰਵੇਖਣ ਅਨੁਸਰ, ਸਰੀਰ ਦੇ ਵਿਸ਼ੇਸ਼ ਹਿੱਸੇ 'ਤੇ ਵੱਖ-ਵੱਖ ਤਰ੍ਹਾਂ ਦਾ ਮਾਈਕਰੋਬਜ਼ ਵੱਖ-ਵੱਖ ਲੋਕਾਂ ਲਈ ਸਮਾਨ ਕਾਰਜ ਕਰ ਸਕਦਾ ਹੈ। ❑❑

## ਪ੍ਰਧਾਨ ਮੰਤਰੀ ਵਲੋਂ ਦਿੱਲੀ ਵਿਚ ਘਰੇਲੂ ਬਿਜਲੀ ਬਚਤ ਯੋਜਨਾ ਤੇ ਰਾਸ਼ਟਰੀ ਪੱਧਰ 'ਤੇ ਘਰਾਂ ਅਤੇ ਸੜਕਾਂ 'ਤੇ ਐੱਲ ਈ ਡੀ ਬੱਲਬ ਲਗਾਏ ਜਾਣ ਸੰਬੰਧੀ ਯੋਜਨਾਵਾਂ ਦੀ ਸ਼ੁਰੂਆਤ

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 5 ਜਨਵਰੀ ਨੂੰ ਐੱਲ ਈ ਡੀ ਬੱਲਬ ਨੂੰ "ਪ੍ਰਕਾਸ਼ ਪਥ" ਦੇ ਤੌਰ ਤੇ ਪੇਸ਼ ਕਰਦੇ ਹੋਏ ਦਿੱਲੀ ਵਿਚ ਬਿਜਲੀ ਬਚਤ ਅਤੇ ਘਰਾਂ ਤੇ ਸੜਕਾਂ ਉੱਤੇ ਐੱਲ ਈ ਡੀ ਬਲਬ ਲਗਾਏ ਜਾਣ ਸੰਬੰਧੀ ਰਾਸ਼ਟਰੀ ਯੋਜਨਾ ਦੀ ਸ਼ੁਰੂਆਤ ਕੀਤੀ। ਪ੍ਰਧਾਨ ਮੰਤਰੀ ਨੇ ਸਾਊਥ ਬਲਾਕ ਵਿਚ ਇਕ ਬੱਲਬ ਦੀ ਥਾਂ ਉਤੇ ਐੱਲ ਈ ਡੀ ਬੱਲਬ ਲਗਾਇਆ। ਸਾਊਥ ਬਲਾਕ ਵਿਚ ਆਮ ਬੱਲਬਾਂ ਦੀ ਥਾਂ ਉੱਤੇ ਐੱਲ ਈ ਡੀ ਬੱਲਬ ਲਗਾਏ ਜਾਣ ਨਾਲ ਪ੍ਰਤਿ ਮਹੀਨਾ 7 ਹਜ਼ਾਰ ਯੂਨਿਟ ਬਿਜਲੀ ਬਚੇਗੀ। ਇਸ ਮੌਕੇ ਉਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਐੱਲ ਈ ਡੀ ਬੱਲਬ ਨਾਲ ਬਿਜਲੀ ਬਚਾਉਣ ਦੇ ਕੰਮ ਨੂੰ ਲੋਕ-ਮੁਹਿੰਮ ਬਣਾਉਣ ਦੀ ਲੋੜ ਹੈ ਤੇ ਬਿਜਲੀ ਪੈਦਾ ਕਰਨ ਨਾਲੋਂ ਬਿਜਲੀ ਬਚਾਉਣਾ ਕਿਤੇ ਸਸਤਾ ਹੈ। ਉਨ੍ਹਾਂ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਬਿਜਲੀ ਪੈਦਾ ਕਰਨ ਨਾਲੋਂ ਬਿਜਲੀ ਬਚਾਉਣਾ ਇਸ ਲਈ ਮੁਸ਼ਕਿਲ ਹੈ ਕਿਉਂਕਿ ਜਿਥੇ ਇਕ ਉਤਪਾਦਨ ਇਕਾਈ ਭਾਰੀ ਮਾਤਰਾ ਵਿਚ ਬਿਜਲੀ ਪੈਦਾ ਕਰਦੀ ਹੈ, ਉਥੇ ਬਿਜਲੀ ਬਚਾਉਣ ਲਈ ਕਰੋੜਾਂ ਲੋਕਾਂ ਦੀ ਸਰਗਰਮ ਹਿੱਸੇਦਾਰੀ ਦਾ ਹੋਣਾ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਲਈ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ ਅਤੇ ਪ੍ਰਸਿੱਧ ਅਤੇ ਸੀਨੀਅਰ ਨਾਗਰਿਕਾਂ ਨੂੰ ਐੱਲ ਈ ਡੀ ਬੱਲਬ ਲਗਾਏ ਜਾਣ ਦੀਆਂ ਮੁਹਿੰਮਾਂ ਨਾਲ ਜੋੜੇ ਜਾਣ ਦੀ ਵੀ ਲੋੜ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਪ੍ਰੋਗਰਾਮ ਦੀ ਸ਼ੁਰੂਆਤ ਬੱਲਬ ਨਿਰਮਾਤਾਵਾਂ ਲਈ ਇਕ ਚੁਨੌਤੀ ਹੈ ਕਿ ਉਹ ਗੁਣਵੱਤਾ ਨਾਲ ਸਮਝੌਤਾ ਕੀਤੇ ਬਿਨਾਂ ਬਿਹਤਰ ਐੱਲ ਈ ਡੀ ਬੱਲਬ ਦਾ ਉਤਪਾਦਨ ਕਰਨ। ਜਾਗਰੂਕਤਾ ਪੈਦਾ ਕਰਨ ਦੇ ਤਰੀਕਿਆਂ ਅਤੇ ਬਿਜਲੀ ਬਚਾਉਣ ਦੇ ਸੁਨੇਹੇ ਨੂੰ ਦੂਰ-ਦੂਰ ਤਕ ਪਹੁੰਚਾਉਣ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਨਵੇਂ ਸਾਲ ਵਿਚ ਡਾਇਰੀਆਂ ਅਤੇ ਕਲੰਡਰਾਂ ਵਰਗੇ ਤੋਹਫੇ ਦੀ ਥਾਂ 'ਤੇ ਐੱਲ ਈ ਡੀ ਬੱਲਬਾਂ ਨੂੰ ਤੋਹਫੇ ਦੇ ਤੌਰ ਤੇ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਸੁਝਾਅ ਦਿਤਾ ਕਿ ਕੰਪਨੀਆਂ ਲਾਭਾਂਸ਼ ਦਿੰਦੇ ਸਮੇਂ ਐੱਲ ਈ ਡੀ ਬੱਲਬਾਂ ਦੀ ਵੰਡ ਵੀ ਕਰ ਸਕਦੇ ਹਨ ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਪੱਧਰ ਉਤੇ ਟੀਚਾ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਕ ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਵਿਚ ਇਸ ਯੋਜਨਾ ਨੂੰ ਪਹਿਲ ਦੇਣੀ ਚਾਹੀਦੀ ਹੈ।

ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਇਸ ਪ੍ਰੋਗਰਾਮ ਵਿਚ ਉੱਦਮੀਆਂ, ਸੀਨੀਅਰ ਨਾਗਰਿਕਾਂ ਅਤੇ ਆਮ ਲੋਕਾਂ ਦੀ ਭਾਗੀਦਾਰੀ ਰਾਸ਼ਟਰ ਪ੍ਰੇਮ ਦਾ ਕਾਰਜ ਹੈ, ਕਿਉਂਕਿ ਇਸ ਨਾਲ ਬਿੱਲਾਂ ਵਿਚ ਕਮੀ ਆਵੇਗੀ, ਇਹ ਇਕ ਤਰ੍ਹਾਂ ਦੀ ਸਮਾਜ ਸੇਵਾ ਹੈ ਅਤੇ ਇਸ ਨਾਲ ਵਾਤਾਵਰਨ ਸੁਰੱਖਿਆ ਹੋਵੇਗੀ। ਇਹ ਪਹਿਲ ਦੇਸ਼ ਭਰ ਵਿਚ ਬਿਜਲੀ ਬਚਾਉਣ ਦੇ ਸੁਨੇਹੇ ਦੇ ਪ੍ਰਸਾਰ ਲਈ ਸਰਕਾਰ ਦਾ ਯਤਨ ਹੈ। ਐੱਲ ਈ ਡੀ ਬੱਲਬ ਸਾਧਾਰਨ ਬੱਲਬ ਦੇ ਮੁਕਾਬਲੇ ਵਿਚ 50 ਗੁਣਾ ਵੱਧ ਸਮੇਂ ਤਕ ਚਲਦਾ ਹੈ। ਇਸ ਤੋਂ ਇਲਾਵਾ, ਸੀ ਐਫ ਐਲ ਦੇ ਮੁਕਾਬਲੇ ਵਿਚ ਐੱਲ ਈ ਡੀ ਬੱਲਬ 8 ਤੋਂ 10 ਗੁਣਾ ਵੱਧ ਟਿਕਾਊ ਹੁੰਦਾ ਹੈ ਅਤੇ ਇਸ ਲਈ ਇਸ ਨਾਲ ਬਿਜਲੀ ਅਤੇ ਪੈਸੇ ਦੋਹਾਂ ਦੀ ਬਚਤ ਹੁੰਦੀ ਹੈ।

ਪ੍ਰਧਾਨ ਮੰਤਰੀ ਨੇ ਘਰੇਲੂ ਬਿਜਲੀ ਬਚਤ ਯੋਜਨਾ ਡੀ ਏ ਐੱਲ ਪੀ ਦੇ ਹੇਠ ਦਿੱਲੀ ਦੇ ਉਪਭੋਗਤਾਵਾਂ ਵਲੋਂ ਐੱਲ ਈ ਡੀ ਬੱਲਬ ਪ੍ਰਾਪਤ ਕਰਨ ਦੀਆਂ ਅਰਜ਼ੀਆਂ ਲਈ ਰਜਿਸਟ੍ਰੇਸ਼ਨ ਲਈ ਇਕ ਵੈੱਬ ਆਧਾਰਿਤ ਪ੍ਰਣਾਲੀ ਸ਼ੁਰੂਆਤ ਕੀਤੀ ਹੈ। ਉਪਭੋਗਤਾ ਵੈੱਬਸਾਈਟ www.eeslindia.org ਉੱਤੇ ਵੀ ਮਿੱਥੇ ਨੰਬਰ ਉੱਤੇ ਐੱਸ ਐੱਮ ਐੱਸ ਭੇਜ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਸ੍ਰੀ ਨਰੇਂਦਰ ਮੋਦੀ ਨੇ ਸਭ ਤੋਂ ਪਹਿਲਾਂ ਰਜਿਸਟ੍ਰੇਸ਼ਨ ਕਰਨ ਵਾਲੇ ਦਿਨ ਦੇ ਇਕ ਆਮ ਨਾਗਰਿਕ ਨੂੰ ਦੋ ਐੱਲ ਈ ਡੀ ਬੱਲਬ ਪ੍ਰਦਾਨ ਕੀਤੇ।

ਮਾਰਚ, 2015 ਨਾਲ ਐੱਲ ਈ ਡੀ ਬੱਲਬਾਂ ਨੂੰ ਪੜਾਅਵਾਰ ਤਰੀਕੇ ਨਾਲ ਵੰਡੇ ਜਾਣਗੇ। ਟੀਚਾ ਰੱਖਿਆ ਗਿਆ ਹੈ ਕਿ ਮਾਰਚ, 2016 ਤਕ 100 ਸ਼ਹਿਰਾਂ ਵਿਚ ਘਰਾਂ ਅਤੇ ਸੜਕਾਂ ਉਤੇ ਐੱਲ ਈ ਡੀ ਬੱਲਬ ਲਗਾਏ ਜਾਣ ਦਾ ਪ੍ਰੋਜੈਕਟ ਪੂਰਾ ਕਰ ਲਿਆ ਜਾਵੇਗਾ।

ਦਿੱਲੀ ਵਿਚ ਘਰੇਲੂ ਉਪਭੋਗਤਾਵਾਂ ਨੂੰ ਐੱਲ ਈ ਡੀ ਬੱਲਬ 10 ਰੁਪਏ ਦੇ ਸ਼ੁਰੂਆਤੀ ਭੁਗਤਾਨ ਉੱਤੇ ਦਿਤੇ ਜਾਣਗੇ ਅਤੇ 12 ਮਹੀਨਿਆਂ ਤਕ ਪ੍ਰਤਿ ਬੱਲਬ 10 ਰੁਪਏ ਉਨ੍ਹਾਂ ਦੇ ਬਿਜਲੀ ਦੇ ਬਿੱਲ ਵਿਚੋਂ ਵਸੂਲੇ ਜਾਣਗੇ। ਇਸ ਤਰ੍ਹਾਂ ਐੱਲ ਈ ਡੀ ਬੱਲਬ, ਬਾਜ਼ਾਰ ਕੀਮਤ 350 ਤੋਂ 600 ਰੁਪਏ ਪ੍ਰਤਿ ਬੱਲਬ ਦੇ ਮੁਕਾਬਲੇ ਵਿਚ ਇਸ ਯੋਜਨਾ ਦੇ ਹੇਠ ਘਰੇਲੂ ਉਪਭੋਗਤਾਵਾਂ ਨੂੰ ਪ੍ਰਤਿ ਬੱਲਬ 130 ਰੁਪਏ ਦੀ ਕੀਮਤ ਉਤੇ ਦਿਤੇ ਜਾਣਗੇ। ਦਿੱਲੀ ਦੇ ਘਰਾਂ ਵਿਚ ਇਕ ਐੱਲ ਈ ਡੀ ਬੱਲਬ ਲਗਾਉਣ ਨਾਲ ਲਗਭਗ 162 ਰੁਪਏ ਦੀ ਸਾਲਾਨਾ ਬਚਤ ਦਾ ਅਨੁਮਾਨ ਹੈ। ਐੱਲ ਈ ਡੀ ਬੱਲਬਾਂ ਦੇ ਤਿੰਨ ਸਾਲ ਦੀ ਗਾਰੰਟੀ ਹੋਵੇਗੀ।

## ਫਾਜ਼ਿਲਕਾ ਜ਼ਿਲ੍ਹੇ ਦੇ ਕੁੱਲ 362 ਪਿੰਡਾਂ ਵਿਚ 358 ਪਿੰਡਾਂ ਦਾ ਜ਼ਮੀਨ ਰਿਕਾਰਡ ਆਨ-ਲਾਈਨ ਹੋਇਆ

ਪੰਜਾਬ ਸਰਕਾਰ ਵਲੋਂ ਪੰਜਾਬ ਦੇ ਕਿਸਾਨਾਂ ਅਤੇ ਹੋਰ ਜ਼ਮੀਨ ਮਾਲਕਾਂ ਨੂੰ ਆਪਣੇ ਜ਼ਮੀਨੀ ਰਿਕਾਰਡ ਦੀਆਂ ਫ਼ਰਦਾਂ ਆਦਿ ਲੈਣ ਲਈ ਜ਼ਿਲ੍ਹਾ ਪੱਧਰ, ਸਬ ਡਵੀਜ਼ਨ ਅਤੇ ਸਬ ਤਹਿਸੀਲ ਪੱਧਰ 'ਤੇ ਖੋਲ੍ਹੇ ਗਏ ਫ਼ਰਦ ਕੇਂਦਰ ਜ਼ਮੀਨ ਮਾਲਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ. ਮਨਜੀਤ ਸਿੰਘ ਬਰਾੜ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਫ਼ਰਦ ਕੇਂਦਰਾਂ ਰਾਹੀਂ ਜ਼ਮੀਨ ਮਾਲਕਾਂ ਨੂੰ 20 ਰੁਪਏ ਪ੍ਰਤਿ ਪੰਨਾ ਵਸੂਲ ਕੇ 15 ਮਿੰਟਾਂ ਵਿਚ ਫ਼ਰਦ ਮੁਹੱਈਆ ਕਰਵਾ ਦਿਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਚੱਲ ਰਹੇ ਫ਼ਰਦ ਕੇਂਦਰਾਂ ਰਾਹੀਂ ਅਪ੍ਰੈਲ 2014 ਤੋਂ 31 ਦਸੰਬਰ

*ਬਾਕੀ ਸਫ਼ਾ 53 ਉੱਤੇ*

# ਪੰਜਾਬ ਵਿਚ ਨਸ਼ੇ ਅਤੇ ਵਰਤੋਂ ਵਿਰੁੱਧ ਜਾਗ੍ਰਿਤੀ

ਗੁਰਭਜਨ ਸਿੰਘ ਗਿੱਲ

ਸ਼ਰਾਬ ਤੋਂ ਬਿਨਾਂ ਬਾਕੀ ਸਾਰੇ ਹੀ ਨਸ਼ੇ ਪੰਜਾਬ ਵਿਚ ਵਿਕਣ 'ਤੇ ਪਾਬੰਦੀ ਹੈ ਪਰ ਹਕੀਕਤਾਂ ਕੁਝ ਹੋਰ ਹਨ। ਵੱਡਿਆਂ ਸ਼ਹਿਰਾਂ ਦੇ ਚੌਕ ਚੁਰਸਤੇ, ਪਾਨ ਵੇਚਣ ਵਾਲਿਆਂ ਦੇ ਖੋਖਿਆਂ ਬਹਾਨੇ ਜ਼ਰਦਾ ਅਤੇ ਹੋਰ ਨਸ਼ੀਲੀਆਂ ਵਸਤਾਂ ਦਾ ਕਾਰੋਬਾਰ ਕਰਨ ਵਾਲਿਆਂ ਨੇ ਮੱਲੇ ਹੋਏ ਹਨ।

***ਸੱਚ ਤਾਂ ਇਹ ਹੈ ਕਿ ਪੰਜਾਬ ਦੀ ਜਵਾਨੀ ਨੇ ਤਾਂ ਇਸ ਹੜ੍ਹ ਵਿਚ ਰੁੜ੍ਹਨਾ ਹੀ ਸੀ, ਬੱਚੇ ਵੀ ਜਵਾਨੀ ਦੀ ਦਹਿਲੀਜ਼ ਟੱਪਣ ਤੋਂ ਪਹਿਲਾਂ ਹੀ ਇਨ੍ਹਾਂ ਦਾ ਸ਼ਿਕਾਰ ਹੋ ਰਹੇ ਹਨ। ਫ਼ਿਕਰਮੰਦੀ ਦੀ ਘੜੀ ਹੈ। ਸਰਕਾਰ, ਸਮਾਜ, ਧਾਰਮਿਕ ਜਥੇਬੰਦੀਆਂ, ਖੇਡ ਕਲੱਬਾਂ, ਸਾਹਿਤ ਸਭਾਵਾਂ ਅਤੇ ਮੁਹੱਲਿਆਂ ਦੀਆਂ ਵਿਕਾਸ ਸਭਾਵਾਂ ਇਸ ਨਸ਼ੀਲੇ ਹੜ੍ਹ ਦੇ ਪਾਣੀ ਨੂੰ ਠੱਲ੍ਹ ਪਾ ਸਕਦੀਆਂ ਹਨ।***

ਅੰਕੜੇ ਦੱਸਦੇ ਹਨ ਕਿ ਜਿਸ ਤੰਬਾਕੂ ਨੂੰ ਦੁਨੀਆਂ ਦਾ ਕੋਈ ਵੀ ਧਰਮ ਵਰਤਣਯੋਗ ਵਸਤੂ ਨਹੀਂ ਮੰਨਦਾ ਅਤੇ ਜਿਸ ਦੇ ਖ਼ਿਲਾਫ਼ ਸਿਹਤ ਸੰਗਠਨਾਂ ਦੀਆਂ ਕੋਸ਼ਿਸ਼ਾਂ ਪਿਛਲੇ ਲੰਬੇ ਸਮੇਂ ਤੋਂ ਨਿਰੰਤਰ ਜਾਰੀ ਹਨ, ਹਰ ਵਰ੍ਹੇ 40 ਲੱਖ ਜਾਨਾਂ ਦਾ ਖੌਅ ਬਣਦਾ ਹੈ। ਅੰਦਾਜ਼ਨ ਰੋਜ਼ਾਨਾ ਗਿਆਰਾਂ ਹਜ਼ਾਰ ਬੰਦੇ ਸਮੇਤ ਔਰਤਾਂ ਸਿਵਿਆਂ ਦੇ ਰਾਹ ਪੈਂਦੇ ਹਨ। ਜੇਕਰ ਇਹੀ ਹਵਾ ਵਗਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦ ਸੰਨ 2020 ਤਕ 70 ਲੱਖ ਜਾਨਾਂ ਹਰ ਵਰ੍ਹੇ ਮੌਤ ਦੀ ਭੇਟਾ ਚੜ੍ਹਿਆ ਕਰਨਗੀਆਂ। ਤੰਬਾਕੂ ਨੂੰ ਆਦਮੀ ਨਹੀਂ ਪੀਂਦਾ, ਤੰਬਾਕੂ ਆਦਮੀ ਨੂੰ ਪੀਂਦਾ ਹੈ। ਇਸ ਇਕੱਲੇ ਦੁਸ਼ਮਣ ਕਾਰਨ 30 ਜਾਨ ਲੇਵਾ ਬੀਮਾਰੀਆਂ ਮਨੁੱਖੀ ਸਰੀਰ ਨੂੰ ਚਿੰਬੜਦੀਆਂ ਹਨ। ਫੇਫੜਿਆਂ ਦੇ ਕੈਂਸਰ ਤੋਂ ਲੈ ਕੇ ਗਲੇ ਦੇ ਕੈਂਸਰ ਤਕ। ਇਹ ਵੀ ਅੰਕੜੇ ਬੋਲਦੇ ਹਨ ਕਿ ਤੰਬਾਕੂ ਦੀ ਵਿੱਕਰੀ ਤੋਂ ਸਰਕਾਰ ਨੂੰ ਸਾਲਾਨਾ ਕਮਾਈ ਸਿਰਫ਼ 6 ਹਜ਼ਾਰ ਕਰੋੜ ਰੁਪਏ ਹੁੰਦੀ ਹੈ ਜਦ ਕਿ ਇਸ ਤੋਂ ਪੈਦਾ ਹੁੰਦੀਆਂ ਬੀਮਾਰੀਆਂ ਕਾਰਨ 37 ਹਜ਼ਾਰ ਕਰੋੜ ਰੁਪਏ ਆਮ ਲੋਕਾਂ ਦੀਆਂ ਜੇਬਾਂ ਵਿਚੋਂ ਨਿਕਲ ਕੇ ਬਹੁ-ਰਾਸ਼ਟਰੀ ਕੰਪਨੀਆਂ ਦੀਆਂ ਦਵਾਈਆਂ ਅਤੇ ਹਸਪਤਾਲਾਂ ਦੀ ਜੇਬ ਵਿਚ ਪੈ ਜਾਂਦੇ ਹਨ। ਸ਼ੁਕਰ ਹੈ ਕਿ ਕੇਂਦਰੀ ਸਰਕਾਰ ਨੇ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ 'ਤੇ ਪਾਬੰਦੀ ਲਾ ਦਿਤੀ ਹੈ ਪਰ ਹੁੱਕੇ ਤੋਂ ਹੋਣ ਵਾਲੇ ਨੁਕਸਾਨ ਨੂੰ ਕੌਣ ਨੱਥ ਪਾਵੇਗਾ। ਹੁੱਕੇ ਦੀ ਗੁੜ-ਗੁੜ ਵੀ ਅਨੇਕ ਗੰਭੀਰ ਰੋਗਾਂ ਦੀ ਮਾਂ ਹੈ।

ਤੰਬਾਕੂ ਇਸ ਧਰਤੀ ਦਾ ਪੌਦਾ ਨਹੀਂ। ਜਹਾਂਗੀਰ ਦੇ ਰਾਜਕਾਲ ਵੇਲੇ ਇਹ ਨਾ-ਮੁਰਾਦ ਪੌਦਾ ਪੰਜਾਬ ਦੀ ਧਰਤੀ 'ਤੇ ਪੁੱਜਾ ਸੀ। 'ਤੁਜ਼ਕੇ ਜਹਾਂਗੀਰ' ਵਿਚ ਇਸ ਦਾ ਪਹਿਲੀ ਵਾਰ ਵਰਨਣ ਹੋਇਆ ਹੈ। ਗੁਰਬਾਣੀ ਵਿਚ ਵੀ ਤੰਬਾਕੂ ਦੇ ਸੇਵਨ ਨੂੰ ਰੱਜ ਕੇ ਨਿੰਦਿਆ ਗਿਆ ਹੈ।

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ।
ਹਰਿ ਹਰਿ ਕਦੇ ਨਾ ਚੇਤਿਓ ਜਮਿ ਪਕੜਿ ਚਲਾਈਆ।

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 726)*

ਪੰਜਾਬੀ ਪਰਿਵਾਰਾਂ ਵਿਚ ਇਹ ਕੋਹੜ ਪਹਿਲਾਂ ਬਹੁਤ ਘੱਟ ਸੀ ਪਰ ਪਿੱਛਲੇ ਕੁਝ ਸਮੇਂ ਤੋਂ ਅਸੀਂ ਵੇਖ ਰਹੇ ਹਾਂ ਕਿ ਨਵੇਂ-ਨਵੇਂ ਨਾਵਾਂ ਹੇਠ ਵਿਕ ਰਿਹਾ ਇਹ ਜ਼ਹਿਰ ਰੁਤਬੇ ਦੀ ਨਿਸ਼ਾਨੀ ਬਣ ਗਿਆ ਹੈ। ਤੰਬਾਕੂ ਕੰਪਨੀਆਂ ਦੇ ਦਿਲਕਸ਼ ਇਸ਼ਤਿਹਾਰ ਅਤੇ ਟੈਲੀਵੀਜ਼ਨ 'ਤੇ ਕੀਤੀਆਂ ਮਸ਼ਹੂਰੀਆਂ ਕੱਚੀ ਉਮਰ ਦੇ ਨੌਜਵਾਨਾਂ ਅਤੇ ਬੱਚਿਆਂ ਨੂੰ ਆਪਣੇ ਵੱਲ ਖਿੱਚਦੀਆਂ ਹਨ। ਇਕ ਅੰਦਾਜ਼ੇ ਅਨੁਸਾਰ ਇਹ ਤੰਬਾਕੂ ਕੰਪਨੀਆਂ ਭਾਰਤ ਵਿਚ ਹਰ ਰੋਜ਼ ਗਿਆਰਾਂ ਹਜ਼ਾਰ ਨਵੇਂ ਗਾਹਕ ਲੱਭਦੀਆਂ ਹਨ ਕਿਉਂਕਿ ਉਹ ਇਸ ਗੱਲ ਤੋਂ ਭਲੀਭਾਂਤ ਵਾਕਫ ਹਨ ਕਿ ਪੁਰਾਣੇ ਗਾਹਕ ਤੰਬਾਕੂ ਖਾ-ਪੀ ਕੇ ਨਾਲੋ-ਨਾਲ ਤੇਜ਼ ਰਫ਼ਤਾਰ ਨਾਲ ਮਰ ਵੀ ਤਾਂ ਰਹੇ ਹਨ। ਇਹ ਗੱਲ ਵੀ ਕਿਸੇ ਤੋਂ ਲੁਕੀ-ਛਿਪੀ ਨਹੀਂ ਕਿ ਗੁਟਕਾ, ਜ਼ਰਦਾ ਅਤੇ ਤੰਬਾਕੂ ਨਸ਼ਿਆਂ ਦੀ ਡਿਓੜੀ ਹੈ ਅਤੇ ਇਸ ਤੋਂ ਅੱਗੇ ਵਧ ਕੇ ਭਵਿੱਖ ਦੇ ਨਸ਼ਈ ਬਣਨ ਦੀ ਪੂਰਨ ਸੰਭਾਵਨਾ ਹੈ।

ਅਨੇਕ ਸਮਾਜਿਕ ਸੰਸਥਾਵਾਂ ਵਲੋਂ ਇਸ ਕਹਿਰੀ ਜ਼ਹਿਰ ਦੇ ਖ਼ਿਲਾਫ਼ ਬੜਾ ਜ਼ੋਰਦਾਰ ਪ੍ਰਚਾਰ ਅਤੇ ਪ੍ਰਸਾਰ ਕਾਰਜ ਕੀਤਾ ਜਾ ਰਿਹਾ ਹੈ ਪਰ ਇਸ ਲਹਿਰ ਨੂੰ ਸਰਬ-ਧਰਮ ਮੰਨਣ ਵਾਲਿਆਂ ਨੂੰ ਅਪਣਾਉਣਾ ਚਾਹੀਦਾ ਹੈ, ਕਿਉਂਕਿ ਨਸ਼ਾ ਵਿਰੋਧੀ ਕਾਫ਼ਲਾ ਹੀ ਮਾਨਵ ਹਿਤੈਸ਼ੀ ਹੋਣ ਦਾ ਹੱਕ ਰੱਖਦਾ ਹੈ। ਇਹ ਗੱਲ ਵੀ ਵਿਗਿਆਨੀ ਹੀ ਦੱਸਦੇ ਹਨ ਕਿ ਲੁਧਿਆਣਾ ਵਰਗੇ ਧੂੰਆਂਧਾਰ ਸ਼ਹਿਰ ਦਾ ਧੂੰਆਂ ਵੀ ਤੰਬਾਕੂ ਦੇ ਧੂੰਏਂ ਨਾਲੋਂ 20ਵਾਂ ਹਿੱਸਾ ਘੱਟ ਖ਼ਤਰਨਾਕ ਹੈ। ਜੇਕਰ ਅਸੀ ਇਸ ਗੱਲ ਨੂੰ ਸਮਝਦੇ ਅਤੇ ਜਾਣਦੇ ਹਾਂ ਤਾਂ ਇਸ ਦੇ ਖ਼ਿਲਾਫ਼ ਲੋਕ ਲਾਮਬੰਦੀ ਕਰਨ ਲਈ ਕਿਉਂ ਨਹੀਂ ਤੁਰਦੇ? ਤੰਬਾਕੂ ਦੇ ਖ਼ਿਲਾਫ਼ ਸਿਰਫ ਪ੍ਰਚਾਰ ਹੀ ਨਹੀਂ ਸਗੋਂ ਪ੍ਰੇਰਨਾ ਕੇਂਦਰ ਖੋਲ੍ਹ ਕੇ ਅਣਭੋਲ ਜਵਾਨੀਆਂ ਨੂੰ ਸਿੱਖਿਅਤ ਕਰਨ ਦੀ ਜ਼ਰੂਰਤ ਹੈ। ਸਕੂਲਾਂ, ਕਾਲਜਾਂ, ਧਰਮ ਅਸਥਾਨਾਂ, ਸਮਾਜਿਕ ਭਲਾਈ ਕੇਂਦਰਾਂ, ਸਰਕਾਰੀ ਦਫ਼ਤਰਾਂ, ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ 'ਤੇ ਵਿਕ ਰਹੇ ਇਸ ਜ਼ਹਿਰ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਸਰਕਾਰ ਨੂੰ ਤੁਰੰਤ ਹਰਕਤ ਵਿਚ ਆਉਣਾ ਚਾਹੀਦਾ ਹੈ।

ਤੰਬਾਕੂ ਦੇ ਖ਼ਿਲਾਫ਼ ਹਰ ਵਰ੍ਹੇ ਵਿਸ਼ਵ ਪੱਧਰ 'ਤੇ ਇਕ ਦਿਹਾੜਾ ਨਿਸ਼ਚਿਤ ਹੈ। 31 ਮਈ ਦੇ

ਦਿਨ ਇਸ ਦੇ ਖ਼ਿਲਾਫ਼ ਬੜੀਆਂ ਤਕਰੀਰਾਂ ਹੁੰਦੀਆਂ ਹਨ। ਬੈਨਰ ਚੁੱਕ ਕੇ ਤਸਵੀਰਾਂ ਖਿਚਵਾਈਆਂ ਜਾਂਦੀਆਂ ਹਨ। ਅਖ਼ਬਾਰਾਂ ਦੇ ਕਾਲਮ ਇਸ ਦਿਨ ਬਹੁਤ ਕੁਝ ਬੋਲਦੇ ਹਨ। ਪਰ ਕਹਾਣੀ ਉਥੇ ਦੀ ਉਥੇ ਹੀ ਅਟਕੀ ਹੋਈ ਹੈ। ਕੋਈ ਵੀ ਤੰਬਾਕੂ ਵੇਚਦਾ ਖੋਖਾ ਇਕ ਇੰਚ ਵੀ ਅੱਗੇ-ਪਿੱਛੇ ਨਹੀਂ ਹੁੰਦਾ। ਆਖਰ ਅਸੀਂ ਸਾਰੇ ਜਣੇ ਕਿਸ ਨੂੰ ਧੋਖਾ ਦੇ ਰਹੇ ਹਾਂ, ਸਿਰਫ ਆਪਣੇ ਆਪ ਨੂੰ। ਤੰਬਾਕੂ ਪੀਣ ਵਾਲਾ ਵਿਅਕਤੀ ਹੀ ਸਿਰਫ ਇਸ ਦੇ ਮਾਰੂ ਅਸਰ ਤੋਂ ਪੀੜਤ ਨਹੀਂ ਹੁੰਦਾ ਸਗੋਂ ਇਸ ਦੇ ਧੂੰਏਂ ਵਿਚ ਸ਼ਾਮਿਲ ਜ਼ਹਿਰੀਲੇ ਕਣ ਕਿਸੇ ਕੋਲੋਂ ਲੰਘਦੇ ਆਦਮੀ ਨੂੰ ਵੀ ਬੀਮਾਰੀ ਦਾ ਤੋਹਫ਼ਾ ਦੇ ਸਕਦੇ ਹਨ। ਇਹ ਸਾਰੇ ਹੀ ਜਾਣਦੇ ਹਨ ਕਿ ਇਸ ਤੰਬਾਕੂਨੋਸ਼ੀ ਕਾਰਨ ਹਰ ਵਰ੍ਹੇ ਕਿੰਨੇ ਘਰਾਂ ਦੇ ਸੁਹਾਗ ਉਜੜਦੇ ਹਨ, ਬੱਚੇ ਅਨਾਥ ਹੁੰਦੇ ਹਨ ਪਰ ਸਾਡੀ ਢੀਠਤਾਈ ਦੀ ਹੱਦ ਇਹ ਹੈ ਕਿ ਤੰਬਾਕੂ ਪੀ-ਪੀ ਕੇ ਫੇਫੜੇ ਦਾ ਕੈਂਸਰ ਕਰਵਾ ਕੇ ਮਰੇ ਆਦਮੀ ਦੀ ਮਾਤਮ ਪੁਰਸੀ ਵੇਲੇ ਵੀ ਸਾਡੇ ਮੂੰਹੋਂ ਸੱਚ ਨਹੀਂ ਨਿਕਲਦਾ ਕਿ ਇਹ ਭੱਦਰ ਪੁਰਸ਼ ਕਿਸ ਕਰਤੂਤ ਕਰਕੇ ਮਰਿਆ ਹੈ। ਸਗੋਂ ਇਹੀ ਆਖਦੇ ਹਾਂ ਕਿ ਇਸ ਦੀ ਕਿਸਮਤ ਵਿਚ ਹੀ ਥੋੜ੍ਹੀ ਉਮਰ ਲਿਖੀ ਹੋਈ ਸੀ। ਇਹ ਕਦੇ ਨਹੀਂ ਆਖਦੇ ਕਿ ਤੰਬਾਕੂ ਇਸ ਦੀ ਉਮਰ ਨੂੰ ਹਰ ਰੋਜ਼ ਘਟਾਈ ਗਿਆ ਜਿਸ ਲਈ ਮਰਨ ਵਾਲਾ ਵਿਅਕਤੀ ਇਕੱਲਾ ਜ਼ਿੰਮੇਵਾਰ ਨਹੀਂ ਸਗੋਂ ਅਸੀਂ ਸਾਰੇ ਹੀ ਉਸ ਦੇ ਕਾਤਲ ਹਾਂ ਜਿਨ੍ਹਾਂ ਨੇ ਨਸ਼ਾ ਰਹਿਤ ਸਮਾਜ ਸਿਰਜਣ ਵਿਚ ਦੇਰੀ ਕੀਤੀ ਹੈ। ਕਈ ਕਾਹਲੇ ਲੋਕ ਇਹ ਵੀ ਆਖਦੇ ਹਨ ਕਿ ਨਸ਼ਿਆਂ ਦੇ ਖ਼ਿਲਾਫ਼ ਕਾਨੂੰਨ ਨੂੰ ਸਖਤੀ ਵਰਤਣੀ ਚਾਹੀਦੀ ਹੈ ਪਰ ਅਜਿਹਾ ਆਖ ਕੇ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜਦੇ ਹਾਂ। ਕਾਨੂੰਨ ਦੀ ਸਖਤੀ ਇਕ ਪਹਿਲੂ ਹੈ ਬਾਕੀ ਜ਼ਿੰਮੇਵਾਰੀ ਸਮਾਜ ਦੇ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੂੰ ਇਸ ਭਿਆਨਕ ਨਸ਼ੇ ਦੀ ਭਿਆਨਕਤਾ ਬਾਰੇ ਚੇਤਨਾ ਹੈ। ਕਾਨੂੰਨੀ ਸਖਤੀ ਤਕ ਨੌਬਤ ਹੀ ਕਿਉਂ ਆਵੇ?

ਇਹ ਗੱਲ ਸਾਡੇ ਲੋਕ ਗੀਤਾਂ ਵਿਚ ਵੀ ਵਾਰ-ਵਾਰ ਆਈ ਹੈ ਕਿ ਨਸ਼ਿਆਂ ਨੇ ਲੱਖਾਂ ਘਰ ਗਾਲ਼ੇ ਹਨ ਅਤੇ ਨਸ਼ਿਆਂ ਦੀ ਬਰਬਾਦੀ ਨਾਲ ਵਸਦੇ ਰਸਦੇ ਘਰ ਉਜਾੜ ਬਣ ਜਾਂਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸ਼ਰਾਬ ਵਰਗੇ ਨਸ਼ੇ ਦਾ ਸੂਬਿਆਂ ਦੀ ਆਰਥਿਕਤਾ ਲਈ ਮੁੱਖ ਕਮਾਈ ਦਾ ਸਾਧਨ ਬਣ ਜਾਣਾ ਵੀ ਅਫਸੋਸਨਾਕ ਪਹਿਲੂ ਹੈ। ਤੁਸੀਂ ਆਪ ਸੋਚੋ, ਜਿਸ ਸ਼ਰਾਬ ਦੀ ਕਮਾਈ ਨਾਲ ਸੂਬਿਆਂ ਦਾ ਰਾਜ ਪ੍ਰਬੰਧ ਚੱਲ ਰਿਹਾ ਹੋਵੇ ਉਥੇ ਨਸ਼ਾਬੰਦੀ ਦਾ ਸੁਪਨਾ ਕਿਵੇਂ ਲਿਆ ਜਾ ਸਕਦਾ ਹੈ। ਅਸੀਂ ਆਪਣੇ ਲੋਕਾਂ ਨੂੰ ਇਸ ਹੱਦ ਤਕ ਨਸ਼ਿਆਂ ਦਾ ਗੁਲਾਮ ਬਣਾ ਲਿਆ ਹੈ ਕਿ ਨਸ਼ਾ ਨਾ ਮਿਲਣ ਦੀ ਸੂਰਤ ਵਿਚ ਉਹ ਕੁਝ ਵੀ ਕਰ ਸਕਦੇ ਹਨ।

ਪਿਛਲੇ ਦਿਨੀਂ ਲੰਮਾਂ ਸਮਾਂ ਸ਼ਰਾਬ ਪੀ ਕੇ ਗੁਰਦਿਆਂ ਦੀ ਬੀਮਾਰੀ ਸਹੇੜੀ ਬੈਠੇ ਇਕ ਸੱਜਣ ਨੇ ਬੜੇ ਕਸ਼ਟ ਨਾਲ ਇਹ ਗੱਲ ਦੱਸੀ ਕਿ ਸ਼ਰਾਬ ਦਾ ਠੇਕਾ ਜੇ ਘਰ ਦੇ ਨੇੜੇ ਨਾ ਹੁੰਦਾ ਤਾਂ ਮੇਰੀ ਇਹ ਹਾਲਤ ਨਾ ਹੁੰਦੀ। ਇਹ ਗੱਲ ਵਿਚਾਰਨ ਵਾਲੀ ਹੈ ਕਿ ਕਿੰਨਾ ਕੁ ਚਿਰ ਇਸ ਨਸ਼ੇ ਦੀ ਵਿੱਕਰੀ ਕਰ-ਕਰ ਕੇ ਰਾਜ ਪ੍ਰਬੰਧ ਦੀਆਂ ਜ਼ਰਜ਼ਰੀਆਂ ਕੋਠੜੀਆਂ ਨੂੰ ਠੁੰਮ੍ਹਣਾ ਦੇਈ ਰਖਾਂਗੇ। ਅਖੀਰ, ਸਾਨੂੰ ਆਪਣੇ ਨਿਜ਼ਾਮ ਦੀ ਛੱਤ ਹੇਠਾਂ ਪਾਇਦਾਰ ਆਰਥਿਕ ਕੰਧਾਂ ਦੀ ਉਸਾਰੀ ਕਰਨੀ ਪਵੇਗੀ। ਇਹ ਗੱਲ ਵੀ ਵਿਚਾਰ ਮੰਗਦੀ ਹੈ ਕਿ ਅਸੀਂ ਨਸ਼ਿਆਂ ਨੂੰ ਕਿਸੇ ਖ਼ੁਸ਼ੀ ਨੂੰ ਮਨਾਉਣ ਜਾਂ ਗਮੀ ਨੂੰ ਦੂਰ ਕਰਨ ਦਾ ਵਸੀਲਾ ਕਿਉਂ ਬਣਾਇਆ ਹੈ? ਕੀ ਅਸੀਂ ਇਸ ਗੁਲਾਮੀ ਤੋਂ ਮੁਕਤ ਨਹੀਂ ਹੋ ਸਕਦੇ। ਸਾਨੂੰ ਇਹ ਵਿਚਾਰਨਾ ਪਵੇਗਾ ਕਿ ਆਪਣੇ ਘਰਾਂ ਵਿਚ ਸ਼ਰਾਬ ਰੁਤਬੇ ਦੀ ਬੁਲੰਦੀ ਦਾ ਸਬੂਤ ਬਣ ਕੇ ਪੇਸ਼ ਨਾ ਹੋਵੇ ਸਗੋਂ ਇਸ ਨੂੰ ਇਕ ਮਾਨਸਿਕ ਕਮਜ਼ੋਰੀ ਸਮਝ ਕੇ ਪਛਾਣਿਆ ਜਾਵੇ।

ਕੋਈ ਸਮਾਂ ਸੀ ਜਦ ਸ਼ਰਾਬ ਪੀਣ ਵਾਲਾ ਆਦਮੀ ਆਪਣੇ ਘਰ ਮੂੰਹ ਘੁੱਟ ਕੇ ਵੜਦਾ ਸੀ ਕਿ ਕਿਤੇ ਮੇਰੀ ਪਤਨੀ, ਜਵਾਨ ਪੁੱਤਰ, ਜਾਂ ਮੁਟਿਆਰ ਧੀ ਨੂੰ ਇਸ ਦੀ ਬੂ ਨਾ ਆ ਜਾਵੇ। ਪਰ ਹੁਣ ਘਰ ਆਏ ਮਹਿਮਾਨ ਦੀ ਉਡੀਕ ਕਈ ਵਾਰ ਸਿਰਫ ਇਸ ਵਾਸਤੇ ਕੀਤੀ ਜਾਂਦੀ ਹੈ ਕਿ ਕੋਈ ਮਹਿਮਾਨ ਆ ਜਾਵੇ ਘੜੀ ਬੈਠਾਂਗੇ, ਪੀਵਾਂਗੇ। ਬਹੁਤ ਸਾਰੇ ਨਵੇਂ ਅਮੀਰ ਹੋਏ ਸ਼ਹਿਰੀ ਘਰਾਂ ਵਿਚ ਜਿਥੇ ਪੂਜਾ ਸਥਾਨਾਂ ਦੀਆਂ ਉਸਾਰੀਆਂ ਵੀ ਜ਼ੋਰਾਂ 'ਤੇ ਹਨ, ਘਰਾਂ ਵਿਚ ਬਹੁਤ ਥਾਈਂ ਸ਼ਰਾਬ ਦੇ ਲੁਕਵੇਂ ਪ੍ਰਬੰਧ ਕੀਤੇ ਹੋਏ ਮੈਂ ਖੁਦ ਵੇਖੇ ਹਨ। ਕਿਸੇ ਨੇ ਨਹਾਉਣ ਵਾਲੇ ਗੁਸਲਖਾਨੇ ਦੀ ਟੈਂਕੀ ਵਿਚ ਬੋਤਲ ਲੁਕਾਈ ਹੋਈ ਹੈ। ਕਿਸੇ ਨੇ ਕਿਤਾਬਾਂ ਵਾਲੀ ਅਲਮਾਰੀ ਦੇ ਪਿਛਵਾੜੇ ਲੁਕਵੇਂ ਖਾਨੇ ਬਣਾਏ ਹੋਏ ਹਨ। ਕੀ ਅਸੀਂ ਇਹ ਦੋਗਲੀ ਜ਼ਿੰਦਗੀ ਤੋਂ ਮੁਕਤ ਨਹੀਂ ਹੋ ਸਕਦੇ? ਅਸਲ ਵਿਚ, ਉਸ ਭਟਕਣ ਤੋਂ ਮੁਕਤੀ ਦੀ ਲੋੜ ਹੈ ਜੋ ਸਾਨੂੰ ਆਪਣੇ ਆਪ ਦੇ ਰੂ-ਬ-ਰੂ ਨਹੀਂ ਹੋਣ ਦਿੰਦੀ।

ਇਹ ਗੱਲ ਭਾਵੇਂ ਤੁਹਾਨੂੰ ਕੌੜੀ ਲੱਗੇ ਪਰ ਇਹ ਹਜ਼ਮ ਕਰਨੀ ਹੀ ਪਵੇਗੀ ਕਿ ਜਿੰਨਾ ਚਿਰ ਨਸ਼ਾ ਕਰਨ ਵਾਲੇ ਪੁੱਤਰ, ਬਾਪ ਜਾਂ ਪਤੀ ਨੂੰ ਔਰਤ ਨੱਥ ਨਹੀਂ ਪਾਉਂਦੀ ਉਨਾ ਚਿਰ ਇਸ ਕੋਹੜ ਤੋਂ ਮੁਕਤੀ ਹਾਸਲ ਨਹੀਂ ਹੋ ਸਕਦੀ। ਜੇਕਰ ਪੰਜਾਬ ਦੀਆਂ ਔਰਤਾਂ ਹੀ ਇਕੱਠੀਆਂ ਹੋਣ ਦੀ ਥਾਂ ਆਪੋ-ਆਪਣੇ ਘਰੀਂ ਸ਼ਰਾਬਬੰਦੀ ਦਾ ਬਿਗਲ ਵਜਾ ਦੇਣ ਤਾਂ 50 ਪ੍ਰਤਿਸ਼ਤ ਨਸ਼ਾਬੰਦੀ ਇਕ ਰਾਤ ਵਿਚ ਹੀ ਸੰਭਵ ਹੈ। ਬਦੇਸ਼ਾਂ ਵਿਚ ਪੰਜਾਬੀ ਭਰਾ ਆਪਣੀਆਂ ਪਤਨੀਆਂ ਨੂੰ ਪਾਰਟੀਆਂ 'ਚ ਜ਼ਰੂਰ ਲੈ ਕੇ ਜਾਂਦੇ ਹਨ। ਕਾਰਨ ਇਹ ਨਹੀਂ ਕਿ ਸਤਿਕਾਰ ਹੈ, ਸਗੋਂ ਇਹ ਹੈ ਕਿ ਪਾਰਟੀ ਮਗਰੋਂ ਸ਼ਰਾਬੀ ਪਤੀ ਨੂੰ ਕਾਰ 'ਤੇ ਲੱਦ ਕੇ ਵੀ ਵਾਪਸ ਘਰ ਲਿਆਉਣਾ ਹੈ। ਸ਼ਰਾਬ ਪੀ ਕੇ ਕਾਰ ਚਲਾਉਣ ਦੀ ਮਨਾਹੀ ਹੋਣ ਕਾਰਨ ਪੰਜਾਬੀ ਵੀਰਾਂ ਨੇ ਇਹ ਰਾਹ ਕੱਢ ਲਿਆ। ਨਸ਼ੇ ਵਿਚ ਗਲਤਾਨ ਆਦਮੀ ਆਪਣੇ ਘਰਾਂ ਨੂੰ ਨਰਕ ਬਣਾ ਕੇ ਇਸ ਜੀਵਨ ਜਾਚ ਦੇ ਚੱਕਰਵਿਊ ਵਿਚੋਂ ਨਿਕਲਣ ਦੇ ਸਮਰੱਥ ਨਹੀਂ ਰਹਿੰਦੇ। ਇਸ ਚੱਕਰਵਿਊ ਨੂੰ ਤੋੜਨਾ ਧਾਰਮਿਕ ਜਥੇਬੰਦੀਆਂ, ਸਿਹਤ ਚੇਤਨਾ ਕੇਂਦਰ ਅਤੇ ਸਮਾਜਿਕ ਵਿਕਾਸ ਜਥੇਬੰਦੀਆਂ ਦਾ ਫਰਜ਼ ਹੈ।

ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਅਤੇ ਟਰਾਂਸਪੋਰਟ ਦੇ ਕਾਰੋਬਾਰ ਵਿਚ ਲੱਗੇ ਪੰਜਾਬੀਆਂ ਰਾਹੀਂ ਜ਼ਰਦਾ, ਅਫੀਮ, ਭੰਗ ਅਤੇ ਪੋਸਤ ਦੇ ਨਸ਼ੇ ਆਏ ਹਨ। ਪਹਿਲਾਂ ਸਿਰਫ ਟਰਾਂਸਪੋਰਟ ਦੇ ਕਾਰੋਬਾਰ ਵਿਚ ਕੰਮ ਕਰਦੇ ਡਰਾਈਵਰ, ਖ਼ਲਾਸੀ ਅਤੇ ਹੋਰ ਸਹਾਇਕ ਮਜ਼ਦੂਰ ਵਰਗ ਦੇ ਲੋਕ ਹੀ ਇਸ ਤੋਂ ਪੀੜਤ ਸਨ। ਪਰ ਕਿਸੇ ਕੈਂਸਰ ਹਸਪਤਾਲ ਵਿਚ ਪਏ ਦੰਦਾਂ ਅਤੇ ਜਬਾੜੇ ਦੇ ਕੈਂਸਰ ਵਾਲੇ ਰੋਗੀ ਨੂੰ ਪੁੱਛਿਓ ਉਸ ਨੂੰ ਇਹ ਸੁਗਾਤ ਕਿਥੋਂ ਮਿਲੀ ਹੈ, ਉਹ ਆਪੇ ਹੀ ਇਨ੍ਹਾਂ ਪੁੜੀਆਂ ਦਾ ਸਿਰਨਾਵਾਂ ਦੱਸ ਦੇਵੇਗਾ।

***(ਲੇਖਕ ਸਾਬਕਾ ਪ੍ਰੋਫੈਸਰ ਅਤੇ ਸੁਤੰਤਰ ਪੱਤਰਕਾਰ ਹੈ।)***

# ਕੇਸ਼ੋਪੁਰ ਛੰਭ : ਏਸ਼ੀਆ ਦਾ ਸਭ ਤੋਂ ਵੱਡਾ ਦੇਖਣ ਯੋਗ ਸਥਾਨ ਹੋਵੇਗਾ

**ਬਲਵਿੰਦਰ 'ਬਾਲਮ'**

ਪੰਛੀਆਂ ਦਾ ਕੁਦਰਤੀ ਮਾਹੌਲ ਵਿਚ ਜੀਣਾ, ਕੁਦਰਤੀ ਖਾਣ-ਪੀਣ ਦੇ ਸਾਧਨਾਂ ਵਿਚ ਰਹਿਣਾ, ਮਨੋਰੰਜਨ ਕਦਰਾਂ-ਕੀਮਤਾਂ ਨੂੰ ਲੱਭਣਾ, ਰੈਣ-ਬਸੇਰੇ ਲਈ ਆਪਣੀ ਜੀਵਨ-ਸ਼ੈਲੀ ਦੇ ਅਨੁਕੂਲ ਸਥਾਨ ਲੱਭਣੇ, ਪੰਛੀਆਂ ਦੇ ਵੀ ਸੁਭਾਅ ਵਿਚ ਸ਼ਾਮਿਲ ਹੁੰਦਾ ਹੈ। ਪੀੜ੍ਹੀ ਦਰ ਪੀੜ੍ਹੀ ਜੀਵਨ ਦੀਆਂ ਕਦਰਾਂ-ਕੀਮਤਾਂ ਪੰਛੀ ਖ਼ੁਦ ਭਾਲਦੇ ਹਨ। ਹਰ ਪ੍ਰਾਣੀ ਨੂੰ ਖ਼ੂਬਸੂਰਤੀ ਵੇਖਣ ਨਾਲ ਮਨੋਰੰਜਨ, ਸਕੂਨ, ਆਨੰਦ ਤੇ ਅਧਿਆਤਮਿਕਾ ਸੁਭਾਵਿਕ ਤੌਰ ਤੇ ਹੀ ਪ੍ਰਾਪਤ ਹੋ ਜਾਂਦੀ ਹੈ।

ਹਰ ਸਾਲ ਅਕਤੂਬਰ ਮਹੀਨੇ ਤੋਂ ਲੈ ਕੇ ਮਾਰਚ ਮਹੀਨੇ ਤਕ ਕੇਸ਼ੋਪੁਰ (ਬਹਿਰਾਮਪੁਰ ਇਲਾਕਾ) ਛੰਭ ਗੁਰਦਾਸਪੁਰ (ਪੰਜਾਬ) ਵਿਖੇ ਹਜ਼ਾਰਾਂ ਹੀ ਪਰਵਾਸੀ ਅਤੇ ਦੇਸੀ ਪੰਛੀ ਮਿਲ ਕੇ ਮੀਲਾਂ ਤਕ ਲੰਬਾ ਕੁਦਰਤੀ ਮੇਲਾ ਹੋਂਦ ਵਿਚ ਲਿਆਉਂਦੇ ਹਨ। ਇਹ ਛੰਭ ਦਾ ਇਲਾਕਾ ਲਗਭਗ 850 ਏਕੜ ਇਲਾਕੇ ਵਿਚ ਫੈਲਿਆ ਹੋਇਆ ਹੈ। ਇਸ ਛੰਭ ਦੇ ਇਲਾਕੇ ਵਿਚ ਲਗਭਗ 434 ਕਿਸਮਾਂ ਦੇ ਪੰਛੀ ਆਉਂਦੇ ਹਨ। ਇਹ ਪੰਛੀ 245 ਸ਼੍ਰੇਣੀਆਂ ਦੇ ਹੁੰਦੇ ਹਨ।

ਪਿੰਡ ਕੇਸ਼ੋਪੁਰ ਛੰਭ ਦੇ ਇਲਾਕੇ ਵੱਲ ਸਰਦੀਆਂ ਦੀ ਸੁੰਦਰ ਰੁੱਤ ਦਾ ਮੰਗਲਾਚਰਣ 'ਤੇ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ ਆਉਂਦੀਆਂ ਹਨ। ਇਸ ਸਾਲ ਲਗਭਗ 20 ਹਜ਼ਾਰ ਦੇ ਲਗਭਗ ਪੰਛੀਆਂ ਦੇ ਆਉਣ ਦੀ ਸੰਭਾਵਨਾ ਹੈ, ਕਿਉਂਕਿ ਪਿਛਲੇ ਸਾਲ 19 ਹਜ਼ਾਰ ਦੇ ਕਰੀਬ ਪੰਛੀ ਆਏ ਸਨ। ਛੰਭ ਦਾ ਰਕਬਾ ਘਟਣ ਕਰਦੇ ਪੰਛੀਆਂ ਦੀ ਗਿਣਤੀ ਵੀ ਘਟ ਗਈ ਹੈ। ਪਿਛਲੇ ਇਕ ਦਹਾਕੇ ਦੌਰਾਨ ਪੰਛੀਆਂ ਦੇ ਆਉਣ ਦੀ ਸੰਖਿਆ ਲਗਭਗ 40 ਹਜ਼ਾਰ ਦੇ ਲਗਭਗ ਸੀ।

ਕੇਸ਼ੋਪੁਰ ਛੰਭ ਦਾ ਇਲਾਕਾ ਖੁੱਲ੍ਹੇ-ਡੁੱਲ੍ਹੇ ਕੁਦਰਤੀ ਛੱਪੜਾਂ ਵਾਲਾ, ਉੱਚੀਆਂ, ਦਰਮਿਆਨੀਆਂ ਅਤੇ ਛੋਟੀਆਂ ਜੜੀਆਂ-ਬੂਟੀਆਂ, ਕਈ ਕਿਸਮਾਂ ਦੇ ਘਾਹ ਵਾਲਾ ਸੁੰਦਰ, ਦਿਲਕਸ਼, ਮਨੋਰੰਜਨ ਪਾਰਕ ਕੁਦਰਤੀ ਵਸਿਆ ਇਲਾਕਾ ਹੈ। ਕੁਦਰਤੀ ਛੱਪੜਨੁਮਾ ਝੀਲਾਂ ਦੀ ਭਰਮਾਰ, ਕੁਦਰਤੀ ਲਘੂ ਜੰਗਲਾਤੀ ਇਲਾਕਾ, ਕੀਟ-ਪਤੰਗਿਆਂ ਦਾ ਰੈਣ-ਬਸੇਰਾ ਅਤੇ ਕਈ ਪ੍ਰਜਾਤੀਆਂ ਦੇ ਜਾਨਵਰ ਵੀ ਇਥੇ ਪਨਾਹ ਲੈਂਦੇ ਹਨ। ਕੁਝ ਪੰਛੀ ਅਕਤੂਬਰ ਮਹੀਨੇ ਤੋਂ ਲੈ ਕੇ ਮਾਰਚ ਮਹੀਨੇ ਤਕ ਪਾਣੀ ਵਿਚ ਹੀ ਤੈਰਦੇ ਰਹਿੰਦੇ ਹਨ। ਵੱਡੇ ਛੱਪੜਾਂ ਦੇ ਕਿਨਾਰਿਆਂ ਉੱਪਰ ਆ ਕੇ ਆਪਸ ਵਿਚ ਕਲੋਲ ਕਰਦੇ, ਅਠਖੇਲੀਆਂ ਕਰਦੇ, ਮਸਤੀਆਂ ਮਾਰਦੇ, ਵੱਖ-ਵੱਖ ਮਨੋਰੰਜਨ-ਮਨਮੋਹਕ ਆਵਾਜ਼ਾਂ ਕੱਢ ਕੇ ਖ਼ੂਬਸੂਰਤੀ ਬਿਖੇਰਦੇ ਹਨ। ਵੱਖ-ਵੱਖ ਪੰਛੀਆਂ ਦੀਆਂ ਆਵਾਜ਼ਾਂ ਦਾ ਮਿਸ਼ਰਣ ਇਕ ਜੰਨਤ ਵਰਗਾ ਨਜ਼ਾਰਾ ਦਿੰਦਾ ਹੈ।

ਗੁਰਦਾਸਪੁਰ ਤੋਂ ਲਗਭਗ ਛੇ ਕਿਲੋਮੀਟਰ ਦੀ ਦੂਰੀ, ਬਹਿਰਾਮਪੁਰ ਰੋਡ ਦੇ ਨਾਲ ਸਥਿਤ ਅਨੇਕ ਹੀ ਮੀਲਾਂ ਵਿਚ ਫੈਲਿਆ ਛੰਭ ਦਾ ਇਲਾਕਾ ਵਿਲੱਖਣ ਸਥਾਨ ਰੱਖਦਾ ਹੋਇਆ ਕੁਦਰਤ ਦੀ ਮਿਹਰਬਾਨੀ ਅਤੇ ਸ਼ੁੱਭ ਇਛਾਵਾਂ ਸਹਿਤ ਆਪਣੀ ਹੋਂਦ ਬਣਾਈ ਬੈਠਾ ਹੈ। ਇਸ ਇਲਾਕੇ ਕੋਲ ਥੋੜ੍ਹੀ ਦੂਰੀ 'ਤੇ ਪਾਕਿਸਤਾਨ ਦੀ ਸਰਹੱਦ ਲਗਦੀ ਹੈ। ਇਸ ਇਲਾਕੇ ਵੱਲ 40 ਕਿਸਮਾਂ ਦੇ ਰੁੱਖ, 32 ਕਿਸਮ ਦੀਆਂ ਜੜੀ-ਬੂਟੀਆਂ ਅਤੇ ਅਨੇਕ ਪ੍ਰਕਾਰ ਦੀਆਂ ਫ਼ਸਲਾਂ ਹੁੰਦੀਆਂ ਹਨ। ਬਹਿਰਾਮਪੁਰ ਇਲਾਕੇ ਦੀ ਬਾਸਮਤੀ ਅੱਜ ਵੀ ਮਸ਼ਹੂਰ ਹੈ। ਇਸ ਕੁਦਰਤੀ ਸਾਧਨਾਂ ਵਾਲੀ ਜ਼ਮੀਨ ਵਿਚ ਭੇਹ (ਕਮਲ ਕੱਕੜੀ) ਅਤੇ ਮੱਛੀ ਪਾਲਣ ਅਤੇ ਸੰਘਾੜੇ ਦੀ ਫ਼ਸਲ ਦਾ ਧੰਦਾ ਜ਼ੋਰਾਂ 'ਤੇ ਹੈ। ਭੇਹ ਛੰਭ ਦੇ ਇਲਾਕੇ ਦੇ ਛੱਪੜਾਂ ਵਿਚ ਹੁੰਦਾ ਹੈ ਜੋ ਕਈ-ਕਈ ਸਾਲ ਕੁਦਰਤੀ ਤੌਰ ਤੇ ਹੁੰਦਾ ਹੈ। ਭੇਹ ਪੰਜ ਫੁੱਟ ਡੂੰਘੇ ਛੱਪੜ ਵਿਚ ਹੁੰਦਾ ਹੈ। ਭੇਹ ਜੰਮੂ-ਕਸ਼ਮੀਰ ਅਤੇ ਦਿੱਲੀ ਆਦਿ ਨੂੰ ਭੇਜਿਆ ਜਾਂਦਾ ਹੈ।



ਇਸ ਇਲਾਕੇ ਦੀ ਜ਼ਮੀਨ ਦੀ ਮਿੱਟੀ ਕਈ ਭਾਗਾਂ ਵਿਚ ਵੰਡੀ ਹੋਈ ਹੈ ਜਿਵੇਂ ਕਲਰਾਠੀ, ਚੀਕਣੀ, ਬਰੇਤਾ, ਪਨਾਏ ਆਦਿ। ਬਰੇਤਾ ਮਿੱਟੀ, ਦਰਿਆ ਦੀ ਰੇਤ ਦੀ ਮਿੱਟੀ ਅਤੇ ਪਨਾਅ, ਹੜ੍ਹਾਂ ਦੇ ਦਰਿਆ ਦੇ ਨਾਲ ਪਾਣੀ ਦੀ ਮਿੱਟੀ।

ਇਸ ਇਲਾਕੇ ਦੇ ਕੁਦਰਤੀ ਛੱਪੜਾਂ ਵਿਚ ਵਿਸ਼ੇਸ਼ ਤੌਰ ਤੇ ਮੱਘ, ਨੀਲਸਰ, ਮੁਰਗਾਬੀ ਤਿੰਨ ਕਿਸਮਾਂ ਦੀ, ਕੂਟ, ਬਲੈਕ ਕੂਟ, ਸਾਰਸ ਕਰੇਨ, ਸੈਰੋਂ, ਕੂੰਜਾਂ, ਸ਼ਿਕਰਾ, ਜਲਕੁੱਕੜੀ ਅਤੇ ਵੱਖ-ਵੱਖ ਪ੍ਰਜਾਤੀਆਂ ਦੀਆਂ ਚਿੜੀਆਂ ਬਗਲੇ, ਮੁਰਗੇ, ਬਤਖ਼ਾਂ, ਕਠਫੋੜਾ, ਬਲੂ ਕਰਾਊਂਡ, ਰਾਮ ਚਿਰੱਈਆ ਆਦਿ ਜ਼ਿਆਦਾ ਗਿਣਤੀ ਵਿਚ ਹਨ।

ਵਿਦੇਸ਼ੀ ਪੰਛੀ ਚੀਨ, ਬੁਲਗਾਰੀਆ, ਰੂਸ, ਸਾਇਬੇਰੀਆ, ਕਜ਼ਾਕਿਸਤਾਨ, ਅਫ਼ਗਾਨਿਸਤਾਨ ਆਦਿ ਸਮੇਤ ਦੇਸੀ ਪੰਛੀ ਚੰਬਾ-ਡਲਹੌਜ਼ੀ (ਹਿਮਾਚਲ) ਦੇ ਇਲਾਕੇ ਵਿਚੋਂ ਆਉਂਦੇ ਹਨ। ਸਭ ਤੋਂ ਦਿਲਕਸ਼ ਅਤੇ ਸੁੰਦਰ ਪੰਛੀ ਕੂੰਜਾਂ ਤੇ ਮੁਰਗਾਬੀਆਂ ਹੁੰਦੀਆਂ ਹਨ। ਕੂੰਜਾਂ ਮੁਰਗਾਬੀ ਨਾਲੋਂ ਬਹੁਤ ਵੱਡੀਆਂ ਹੁੰਦੀਆਂ ਹਨ ਅਤੇ ਬਹੁਤ ਉੱਚਾਈ ਉੱਪਰ ਕਤਾਰਾਂ ਬਣਾ ਕੇ ਉੱਡਦੀਆਂ ਹਨ। ਇਹ ਅੰਗਰੇਜ਼ੀ ਦੇ ਸ਼ਬਦ ਵੀ (V) ਦੀ ਸ਼ਕਲ ਵਿਚ ਉੱਡਦੀਆਂ ਸੁਹਣੀਆਂ ਲਗਦੀਆਂ ਹਨ। ਕੂੰਜਾਂ ਵਿਚ ਨਰ ਘੱਟ ਅਤੇ ਮਾਦਾ ਜ਼ਿਆਦਾ ਹੁੰਦੀਆਂ ਹਨ। ਇਨ੍ਹਾਂ ਦੀ ਅਗਵਾਈ ਨਰ ਕੂੰਜ ਕਰਦਾ ਹੈ। ਇਹ ਕਈ-ਕਈ ਘੰਟੇ ਉੱਡਣ ਦੀ ਸਮਰਥਾ ਰੱਖਦੀਆਂ ਹਨ। ਇਹ ਕੂੰਜਾਂ ਅੰਦਾਜ਼ਨ 80 ਕਿਲੋਮੀਟਰ ਤੋਂ ਲੈ ਕੇ 150 ਕਿਲੋਮੀਟਰ ਤਕ ਲਗਾਤਾਰ ਉੱਡਣ ਸ਼ਕਤੀ ਰੱਖਦੀਆਂ ਹਨ। ਇਹ ਕੂੰਜਾਂ ਆਪਣੇ ਆਂਡੇ ਦੇ ਕੇ ਇਧਰ ਆਉਂਦੀਆਂ ਹਨ ਅਤੇ ਛੇ ਮਹੀਨੇ ਇਧਰ ਰਹਿ ਕੇ ਓਧਰ ਬੱਚਿਆਂ ਨੂੰ ਕੱਢਦੀਆਂ ਹਨ। ਲਗਭਗ ਛੇ ਮਹੀਨੇ ਬਾਅਦ ਹੀ ਆਂਡਿਆਂ ਵਿਚੋਂ ਬੱਚੇ ਨਿਕਲਦੇ ਹਨ। ਪਿਛੋਂ ਆਂਡਿਆਂ ਦਾ ਰੱਬ ਹੀ ਰਾਖਾ ਹੁੰਦਾ ਹੈ। ਕੂੰਜਾਂ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਰਹਿਰਾਸ' ਵਿਚ ਬਹੁਤ ਸੰਦਰ ਸ਼ਬਦਾਂ ਵਿਚ ਲਿਖਿਆ ਹੈ : "ਊਡੇ-ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ। ਤਿਨ ਕਵਣ ਖਲਾਵੈ ਕਵਣ ਚੁਗਾਵੈ ਮਨ ਮਹਿ ਸਿਮਰਨ ਕਰਿਆ।"

ਵੇਖਿਆ ਜਾਵੇ ਤਾਂ ਜ਼ਿਲ੍ਹਾ ਗੁਰਦਾਸਪੁਰ ਦੇ ਨਾਲ-ਨਾਲ ਲਗਦੀ ਪਾਕਿਸਤਾਨੀ ਸਰਹੱਦ ਵਾਲਾ ਸਾਰਾ ਇਲਾਕਾ ਹੀ ਛੰਭ-ਸੇਮ ਅਤੇ ਕਲੱਰੀ ਭੂਮੀ ਵਾਲਾ ਹੈ। ਖ਼ਾਸ ਕਰਕੇ ਪੰਡੋਰੀ ਬੈਂਸਾਂ ਤੋਂ ਲੈ ਕੇ ਡੇਰਾ ਬਾਬਾ ਨਾਨਕ ਤਕ। ਕੇਸ਼ੋਪੁਰ ਛੰਭ ਦਾ ਇਲਾਕਾ ਰਾਵੀ ਦਰਿਆ ਨਾਲ ਲਗਦਾ ਹੈ ਅਤੇ ਦੂਸਰੇ ਪਾਸੇ ਪੰਡੋਰੀ ਬੈਂਸਾਂ ਤੋਂ ਲੈ ਕੇ ਪੁਰਾਣਾ ਸ਼ਾਲਾ, ਕਾਹਨੂੰਵਾਨ ਛੰਭ ਇਲਾਕਾ, ਕਪੂਰਥਲਾ ਅਤੇ ਹਰੀਕੇ ਪੱਤਣ-ਬਿਆਸ ਦਰਿਆ ਨਾਲ ਲਗਦੇ ਹਨ। ਦਰਿਆ ਬਿਆਸ ਅਤੇ ਸਤਲੁਜ ਹਰੀਕੇ ਪੱਤਣ ਇਕੱਠੇ ਹੁੰਦੇ ਹਨ। ਇਸ ਸਾਰੇ ਇਲਾਕੇ ਵੱਲ ਲੱਖਾਂ ਦੀ ਤਦਾਦ ਵਿਚ ਪਰਵਾਸੀ ਪੰਛੀ ਆਉਂਦੇ ਹਨ।

ਕੇਸ਼ੋਪੁਰ ਤੋਂ ਡੇਰਾ ਬਾਬਾ ਨਾਨਕ ਇਲਾਕੇ ਵੱਲ ਪ੍ਰਾਚੀਨ ਕਿਰਣ ਨਾਲਾ, ਬਸੰਤਰ ਨਾਲਾ (ਜੋ ਜੰਮੂ-ਕਸ਼ਮੀਰ ਵਲੋਂ ਆਉਂਦਾ ਹੈ), ਘਣੀਏ ਕੇ ਬੇਟ ਦਾ ਇਲਾਕਾ ਪੰਛੀਆਂ ਲਈ ਮਨਭਾਉਂਦਾ ਖਿੱਤਾ ਹੈ।

ਕੇਸ਼ੋਪੁਰ ਛੰਭ ਵਿਚ ਛੋਟੀ ਮੁਰਗਾਬੀ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਛੱਪੜਨੁਮਾ ਵਿਸ਼ਾਲ ਝੀਲ ਵਿਚ ਮੁਰਗਾਬੀਆਂ ਦੇ ਝੁੰਡ ਤੈਰਦੇ ਹਨ ਤਾਂ ਦ੍ਰਿਸ਼ ਵੇਖਣ ਯੋਗ ਹੁੰਦਾ ਹੈ। ਮੁਰਗਾਬੀਆਂ ਜਦ ਡੁਬਕੀ ਲਗਾ ਕੇ ਉਲਟਬਾਜ਼ੀਆਂ ਮਾਰਦੀਆਂ ਹਨ ਤਾਂ ਮਨ ਪ੍ਰਸੰਨ ਹੁੰਦਾ ਹੈ ਬੱਚਿਆਂ ਦੇ ਵੇਖਣ ਵਾਲਾ ਦ੍ਰਿਸ਼ ਹੁੰਦਾ ਹੈ। ਬੱਚਿਆਂ ਦੇ ਮਨੋਰੰਜਨ ਲਈ ਇਕ ਵਧੀਆ ਸਥਾਨ ਹੈ। ਮੁਰਗਾਬੀਆਂ ਦੀਆਂ ਚਿੱਟੀਆਂ ਚੁੰਝਾਂ, ਕਾਲੀਆਂ ਧੌਣਾਂ, ਕਾਲਾ ਭੂਰਾ ਆਕਰਸ਼ਕ ਤਨ ਸੋਹਣੇ ਲਗਦੇ ਹਨ। ਇਕ ਮੁਰਗਾਬੀ 12 ਸੈਕਿੰਡ ਤਕ ਪਾਣੀ ਵਿਚ ਧੌਣ ਡੁਬੋ ਕੇ ਡੁਬਕੀ ਮਾਰਨ ਦੀ ਸਮਰਥਾ ਰਖਦੀ ਹੈ। ਇਨ੍ਹਾਂ ਦੇ ਜਵਾਨ ਬੱਚੇ ਵੀ ਡੁਬਕੀ ਮਾਰਨ ਵਿਚ ਮਾਹਿਰ ਹੁੰਦੇ ਹਨ।

ਕੇਸ਼ੋਪੁਰ ਛੰਭ ਦੀ ਖ਼ੂਬਸੂਰਤੀ ਅਤੇ ਦੇਸ-ਵਿਦੇਸ਼ ਦੇ ਸੈਲਾਨੀਆਂ ਦੇ ਮਨੋਰੰਜਨ ਲਈ ਏ ਡੀ ਬੀ ਬੈਂਕ ਦੀ ਮਦਦ ਨਾਲ ਲਗਭਗ 9 ਕਰੋੜ 35 ਲੱਖ ਰੁਪਏ ਮਨਜ਼ੂਰ ਹੋਏ ਹਨ। ਇਹ ਪੈਸਾ ਕਿਸ਼ਤਾਂ ਵਿਚ ਲਗਾਇਆ ਜਾ ਰਿਹਾ ਹੈ। ਇਸ ਸਾਰੇ ਪ੍ਰੋਜੈਕਟ ਵਿਚ ਬਾਹਰੀ ਅਤੇ ਅੰਦਰੂਨੀ ਕਾਰਜ ਕੀਤੇ ਜਾ ਰਹੇ ਹਨ। ਛੰਭ ਵਿਚਲਾ ਕਾਰਜ ਤੇ ਬਾਹਰੀ ਕਾਰਜ ਕੀਤੇ ਜਾ ਰਹੇ ਹਨ। ਬਾਹਰੀ ਕਾਰਜ ਲਈ 350 ਕਿੱਲੇ ਜ਼ਮੀਨ ਮੱਟਵਾਂ ਪੰਚਾਇਤ ਨੇ ਦਿਤੇ ਹਨ, ਜਿਥੇ ਸੈਲਾਨੀਆਂ ਦੀਆਂ ਸਹੂਲਤਾਂ ਲਈ ਉੱਚ ਦਰਜੇ ਦੀਆਂ ਆਧੁਨਿਕ ਭੂਮੰਡਲੀਕਰਨ ਸਹੂਲਤਾਂ ਦਿਤੀਆਂ ਜਾਣਗੀਆਂ। ਖ਼ਾਸ ਕਰਕੇ, ਇਸ ਵਿਚ ਖ਼ੂਬਸੂਰਤ ਚਾਰ-ਦੀਵਾਰੀ, ਰੈਸਟੋਰੈਂਟ, ਗੱਡੀਆਂ, ਜਨਰੇਟਰ, ਹਾਲ, ਕਾਰ-ਪਾਰਕਿੰਗ, ਰਿਹਾਇਸ਼ੀ ਕਮਰੇ, ਪੁੱਛ-ਗਿੱਛ ਕੇਂਦਰ, ਗਾਈਡ, ਡਿਸਪਲੇਅ ਸਕਰੀਨ ਆਦਿ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ। ਇਸ ਪ੍ਰੋਜੈਕਟ ਵਿਚ ਏ ਡੀ ਬੀ ਬੈਂਕ, ਟੂਰਿਜ਼ਮ ਵਿਭਾਗ ਪੰਜਾਬ, ਜੰਗਲੀ ਜੀਵ ਵਿਭਾਗ ਅਤੇ ਜੰਗਲਾਤ ਵਿਭਾਗ ਕਾਰਜ ਕਰ ਰਹੇ ਹਨ। ਠੇਕੇ ਉੱਪਰ ਵੀ ਕਾਰਜ ਹੋ ਰਿਹਾ ਹੈ। ਇਸ ਵਿਚ ਪੰਜ ਵੱਡੇ ਟਾਵਰ ਬਣਾਏ ਜਾ ਰਹੇ ਹਨ ਜੋ 33 ਫੁੱਟ ਉੱਚੇ ਹੋਣਗੇ, ਜਿਨ੍ਹਾਂ ਤੋਂ ਬਾਹਰੀ ਦੂਰੀ ਪੂਰਵਕ ਦ੍ਰਿਸ਼ ਆਸਾਨੀ ਨਾਲ ਦੇਖੇ ਜਾ ਸਕਣਗੇ। ਛੰਭ ਦੇ ਇਸ ਇਲਾਕੇ ਵਿਚ 2 ਪੁਲ ਵੀ ਬਣਾਏ ਜਾਣਗੇ।

ਛੰਭ ਨੂੰ ਸੁੰਦਰ ਝੀਲਨੁਮਾ ਬਣਾਇਆ ਜਾਵੇਗਾ। ਜਿਸ ਵਿਚ ਪਾਣੀ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ, ਤਾਂ ਜੋ ਸ਼ੁੱਧ ਪਾਣੀ ਵਿਚ ਪੰਛੀਆਂ ਨੂੰ ਰਹਿ ਕੇ ਤਾਜ਼ਗੀ, ਫੁਰਤੀਲਾਪਨ, ਚੰਗੀ ਸਿਹਤ ਅਤੇ ਉਨ੍ਹਾਂ ਦੀ ਸੰਵੇਦਨਸ਼ੀਲਤਾ ਬਰਕਰਾਰ ਰਹਿ ਸਕੇ ਅਤੇ ਪੰਛੀਆਂ ਦੀ ਗਿਣਤੀ ਹਰ ਸਾਲ ਵਧ ਸਕੇ।

ਛੰਭ ਦੀ ਖ਼ੂਬਸੂਰਤੀ ਅਤੇ ਆਧੁਨਿਕਤਾ ਬਾਰੇ ਜਾਣਕਾਰੀ ਦਿੰਦੇ ਹੋਏ ਮਹਿਕਮੇ ਦੇ ਇਕ ਮੁਲਾਜ਼ਮ ਸੁਖਦੇਵ ਅਤੇ ਇਕ ਹੋਰ ਪ੍ਰਤਿਸ਼ਠਿਤ ਵਿਅਕਤੀ ਮਨਜੀਤ ਸਿੰਘ ਡਾਲਾ ਨੇ ਦੱਸਿਆ ਕਿ ਛੰਭ ਨੂੰ ਫੱਬਵਾਂ ਬਣਾਉਣ ਲਈ ਉਸ ਦੀ ਸਫ਼ਾਈ ਕੀਤੀ ਗਈ ਹੈ। ਛੰਭ ਦੇ ਪਾਣੀ ਦੇ ਵਿਚਕਾਰ ਜ਼ਮੀਨ ਦਾ ਕੁਝ ਉੱਭਰਵਾਂ ਹਿੱਸਾ ਰੱਖਿਆ ਗਿਆ ਹੈ, ਜਿਸ ਵਿਚ ਪਾਣੀ ਨਹੀਂ ਆਉਂਦਾ। ਪੰਛੀ ਇਸ ਜਗ੍ਹਾ ਉੱਪਰ ਧੁੱਪ ਦਾ ਨਜ਼ਾਰਾ ਲੈ ਸਕਣਗੇ। ਛੰਭ ਦੀ ਸੁੰਦਰਤਾ ਤੇ ਰੁਜ਼ਗਾਰ ਲਈ 3000 ਕਿਸਮਾਂ ਦੇ ਬੂਟੇ ਆਦਿ ਲਗਾਏ ਗਏ ਹਨ। ਇਸ ਇਲਾਕੇ ਦੇ ਕਈ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ। ਇਸ ਸਥਾਨ ਵਿਚ ਕੇਲੇ ਦੀ ਫ਼ਸਲ ਵੀ ਆਸਾਨੀ ਨਾਲ ਹੋ ਸਕਦੀ ਹੈ, ਕਿਉਂਕਿ ਇਸ ਇਲਾਕੇ ਵਿਚ ਕੇਲੇ ਦੇ ਭਰਪੂਰ ਬੂਟੇ ਵੇਖਣ ਨੂੰ ਮਿਲੇ ਹਨ।

ਇਸ ਇਲਾਕੇ ਦੇ ਪਿੰਡਾਂ 'ਚ ਸੈਲਫ ਹੈਲਪ ਗਰੁੱਪ ਤਿਆਰ ਕੀਤੇ ਗਏ ਹਨ, ਜੋ ਬੂਟੀਆਂ ਤੇ ਪੌਦਿਆਂ ਤੋਂ ਅਨੇਕ ਕਾਰਜ ਕਰਨਗੇ। ਜਿਸ ਤਰ੍ਹਾਂ ਇਨ੍ਹਾਂ ਪੌਦਿਆਂ ਤੋਂ ਛਿੱਕੂ, ਪੱਖੀਆਂ, ਚੰਗੇਰਾਂ, ਮੂੜ੍ਹੇ ਅਤੇ ਘਰ ਦੀ ਸਜਾਵਟ ਲਈ ਕਈ ਤਰ੍ਹਾਂ ਦੀਆਂ

ਚੀਜ਼ਾਂ ਤਿਆਰ ਕੀਤੀਆਂ ਜਾਣਗੀਆਂ। ਜੜੀ-ਬੂਟੀਆਂ ਤੋਂ ਦਵਾਈਆਂ ਵੀ ਤਿਆਰ ਕੀਤੀਆਂ ਜਾਣਗੀਆਂ।

***ਕੇਸ਼ੋਪੁਰ ਛੰਭ ਵਿਚ ਸੁੰਦਰ ਰਸਤੇ ਬਣਾਏ ਜਾ ਰਹੇ ਹਨ। ਲਗਭਗ 8 ਕਿਲੋਮੀਟਰ ਦੀਆਂ ਕੱਚੀਆਂ ਸੁੰਦਰ ਸੜਕਾਂ ਬਣਨਗੀਆਂ। ਇਸ ਸਾਰੇ ਪ੍ਰਯੋਜਨ ਵਿਚ ਇਸ ਪਛੜੇ ਸਰਹੱਦੀ ਇਲਾਕੇ ਦੇ ਅਨੇਕ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਪਛੜਿਆ ਹੋਇਆ ਇਹ ਛੰਭ ਵਰਗਾ ਇਲਾਕਾ ਏਸ਼ੀਆ ਦਾ ਸੁੰਦਰ, ਦਿਲਕਸ਼, ਫਬੀਲਾ ਅਤੇ ਯਾਦਗਾਰੀ ਸਥਾਨ ਬਣੇਗਾ।***

ਇਸ ਸਾਰੇ ਪ੍ਰੋਜੈਕਟ ਲਈ ਸਕਾਟਲੈਂਡ ਤੋਂ ਆਈ ਇਕ ਮਹਿਲਾ ਵਿਗਿਆਨੀ ਨੇ ਵੱਖ-ਵੱਖ ਤਰ੍ਹਾਂ ਦੀ ਸਿਖਲਾਈ ਵੀ ਦਿਤੀ ਹੈ। ਇਸ ਇਲਾਕੇ ਨੂੰ ਵੇਖਣ ਲਈ ਦੇਸ਼-ਵਿਦੇਸ਼ ਦੇ ਲੋਕ ਆਉਂਦੇ ਰਹਿੰਦੇ ਹਨ, ਜਦੋਂ ਆਧੁਨਿਕ ਸਹੂਲਤਾਂ ਵਿਚ ਸਥਾਨ ਬਣ ਜਾਵੇਗਾ ਤਾਂ ਇਸ ਸਥਾਨ ਦੀ ਮਹੱਤਤਾ, ਮਨੋਰੰਜਨ ਅਤੇ ਆਮਦਨ ਦੇ ਵਧਣ ਦੇ ਨਾਲ-ਨਾਲ ਵਿਸ਼ਵ-ਪ੍ਰਸਿੱਧ ਸਥਾਨ ਕਰ ਕੇ ਜਾਣਿਆ ਜਾਵੇਗਾ। ਇਸ ਸਾਰੇ ਪ੍ਰੋਜੈਕਟ ਦਾ ਸਮਾਂ ਤਿੰਨ ਸਾਲ ਹੈ। ਜਦ ਕਿ ਇਸ ਦਾ ਇਕ ਸਾਲ ਪੂਰਾ ਹੋ ਚੁੱਕਾ ਹੈ ਅਤੇ ਕਾਫ਼ੀ ਕਾਰਜ ਹੋ ਚੁੱਕਾ ਹੈ। ਮਨਜੀਤ ਸਿੰਘ ਡਾਲਾ ਨੇ ਦੱਸਿਆ, ਕਿ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਵਿਗਿਆਪਨ ਅਤੇ ਮੀਡੀਆ ਰਾਹੀਂ ਦੁਨੀਆਂ ਦੇ ਨਕਸ਼ੇ 'ਤੇ ਲਿਆਉਣਾ ਚਾਹੀਦਾ ਹੈ। ਕੇਸ਼ੋਪੁਰ ਛੰਭ ਦੀਆਂ ਸੰਪਰਕ ਸੜਕਾਂ ਨੂੰ ਮੇਨ ਹਾਈਵੇਅ ਨਾਲ ਜੋੜਿਆ ਜਾਵੇਗਾ। ਅੱਜਕੱਲ੍ਹ ਵੀ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਇਹ ਇਲਾਕਾ ਵੇਖਣ ਦੇ ਲਈ ਆਉਂਦੇ ਰਹਿੰਦੇ ਹਨ। ਦੇਸ਼-ਵਿਦੇਸ਼ ਦੇ ਲੋਕ ਦੂਰ-ਦੂਰ ਤਕ ਛੰਭ ਦਾ ਨਜ਼ਾਰਾ, ਅਦਭੁੱਤ ਕੁਦਰਤੀ ਦ੍ਰਿਸ਼ ਅਤੇ ਪੰਛੀਆਂ ਦਾ ਸੰਸਾਰ ਵੇਖਣ ਆਉਂਦੇ ਹਨ।

ਪ੍ਰੌੜ ਕਿਸਾਨ ਮਨਮੋਹਨ ਸਿੰਘ ਨੇ ਦੱਸਿਆ ਕਿ ਕੁਝ ਸ਼ਰਾਰਤੀ ਲੋਕ ਅੱਜ ਵੀ ਲੁਕ-ਛਿਪ ਕੇ ਇਨ੍ਹਾਂ ਪੰਛੀਆਂ ਦਾ ਸ਼ਿਕਾਰ ਕਰਦੇ ਹਨ, ਭਾਵੇਂ ਸ਼ਿਕਾਰ ਕਰਨ 'ਤੇ ਸਖ਼ਤ ਪਾਬੰਦੀ ਹੈ। ਉਸ ਨੇ ਦੱਸਿਆ ਕਿ ਛੰਭ ਦੇ ਇਲਾਕੇ ਵੱਲ ਲੋਕ ਤੜਕ-ਸਵੇਰੇ ਜਾਂ ਟੂ-ਫੋਰ-ਡੀ ਨਾਮਕ ਦਵਾਈ ਖੇਤਾਂ ਵਿਚ ਜਾਂ ਛੱਪੜਾਂ ਦੇ ਨਜ਼ਦੀਕ ਪਾ ਦਿੰਦੇ ਹਨ ਜਿਸ ਨੂੰ ਵੱਡੀ ਮੁਰਗਾਬੀ (ਸੈਰੋ) ਦੇ ਝੁੰਡ ਦਾਣਾ ਸਮਝ ਕੇ ਖਾ ਲੈਂਦੇ ਹਨ, ਜਿਸ ਨਾਲ ਇਨ੍ਹਾਂ ਦੀ ਮੌਤ ਹੋ ਜਾਂਦੀ ਹੈ। ਲੋਕ ਇਨ੍ਹਾਂ ਨੂੰ ਮਾਸ ਦੇ ਤੌਰ 'ਤੇ ਖਾ ਜਾਂਦੇ ਹਨ ਜਾਂ ਵੇਚ ਦਿੰਦੇ ਹਨ।

ਦੱਸਿਆ ਜਾਂਦਾ ਹੈ ਕਿ ਕੂੰਜਾਂ-ਜੋੜਾ (ਦੰਪਤੀ) ਇਕੱਠੇ ਉੱਡਦੇ ਹਨ। ਇਨ੍ਹਾਂ ਦਾ ਆਪਸੀ ਅਥਾਹ ਪਿਆਰ ਹੁੰਦਾ ਹੈ। ਇਕ ਕੂੰਜ ਚੋਗਾ ਚੁਗੇ ਤਾਂ ਦੂਸਰਾ ਸਿਰ ਚੁੱਕ ਕੇ ਰਖਵਾਲੀ ਕਰਦਾ ਹੈ। ਜੇ ਨਰ ਜਾਂ ਮਾਦਾ 'ਚੋਂ ਇਕ ਦਵਾਈ ਖਾਣ ਨਾਲ ਜਾਂ ਵੈਸੇ ਕਿਸੇ ਵਜਹ ਕਰਕੇ ਮਰ ਜਾਏ ਤਾਂ ਦੂਸਰਾ ਸਾਥੀ ਰੋ-ਰੋ ਕੇ ਬੇਹਾਲ ਹੋ ਜਾਂਦਾ ਹੈ ਅਤੇ ਆਪਣੀ ਜਾਨ ਦੇ ਦਿੰਦਾ ਹੈ। ਕੂੰਜ ਦੇ ਪਿਆਰ ਦੀਆਂ ਅਨੇਕ ਕਹਾਣੀਆਂ-ਕਵਿਤਾਵਾਂ ਪ੍ਰਾਚੀਨ ਸਮੇਂ ਤੋਂ ਪ੍ਰਚਲਿਤ ਹਨ।

ਇਕ ਸੂਚਨਾ ਅਨੁਸਾਰ ਛੰਭ ਦੇ ਇਲਾਕੇ ਵੱਲ ਪੰਛੀਆਂ ਦੀ ਆਮਦ ਦੀ ਸੰਖਿਆ ਇਸ ਕਰਕੇ ਘਟੀ ਹੈ ਕਿ ਖੇਤਾਂ ਜਾਂ ਮੱਛੀ ਦੇ ਛੱਪੜਾਂ ਦੇ ਆਲੇ-ਦੁਆਲੇ ਟੇਪ ਰਿਕਾਰਡ ਦੀ ਟੇਪ ਨਿਸ਼ਾਨੀਆਂ ਦੇ ਤੌਰ 'ਤੇ ਦੂਰ-ਦੂਰ ਦੇ ਬਾਂਸਾਂ ਦੇ ਨਾਲ ਤਾਰਾਂ ਦੀ ਤਰ੍ਹਾਂ ਬੰਨ੍ਹੀ ਜਾਂਦੀ ਹੈ। ਇਸ ਟੇਪ ਦੀ ਲਿਸ਼ਕ ਕਰਕੇ ਪੰਛੀ ਨਹੀਂ ਆਉਂਦੇ। ਨਦੀਨ ਨਾਸ਼ਕ ਦਵਾਈਆਂ ਦੀ ਭਰਮਾਰ ਕਰਕੇ ਵੀ ਪੰਛੀ ਆਉਣੇ ਘਟੇ ਹਨ। ਮੱਘ ਪੰਛੀਆਂ ਦਾ ਜ਼ਿਆਦਾ ਸ਼ਿਕਾਰ ਹੁੰਦਾ ਹੈ, ਕਿਉਂਕਿ ਇਨ੍ਹਾਂ ਵਿਚ ਮਾਸ ਜ਼ਿਆਦਾ ਹੁੰਦਾ ਹੈ।

ਖੇਤਾਂ ਵਿਚ ਦਵਾਈਆਂ ਦੀ ਭਰਮਾਰ ਕਰਕੇ ਅਤੇ ਪੋਲੀਥੀਨ ਦੇ ਲਿਫ਼ਾਫ਼ਿਆਂ ਦੇ ਕਚਰੇ ਕਰਕੇ ਕਈ ਪ੍ਰਾਚੀਨ ਮਹੱਤਵਪੂਰਨ ਜਾਨਵਰ ਤੇ ਕੀਟ-ਪਤੰਗੇ ਖਤਮ ਹੁੰਦੇ ਜਾ ਰਹੇ ਹਨ। ਖ਼ਾਸ ਕਰਕੇ 'ਚੀਜ਼ ਵਹੁਟੀ', ਜੁਗਨੂੰ, ਚਿੜੀਆਂ ਅਤੇ ਇੱਲਾਂ ਵਿਰਲੀਆਂ ਹੀ ਲੱਭਦੀਆਂ ਹਨ। ਜੁਗਨੂੰ ਤਾਂ ਇਸ ਇਲਾਕੇ ਵੱਲ ਲਗਭਗ ਖ਼ਤਮ ਹੀ ਹੋ ਗਏ ਹਨ। ਸੰਬੰਧਿਤ ਮਹਿਕਮੇ ਨੂੰ ਚਾਹੀਦਾ ਹੈ ਕਿ ਕੀਟ-ਪਤੰਗਿਆਂ ਸਮੇਤ ਪੰਛੀਆਂ ਦੀ ਸਹੀ ਦੇਖਭਾਲ ਬਣੀ ਰਹੇ।

ਇਸ ਛੰਭ ਦੇ ਇਲਾਕੇ ਦੇ ਪਿੰਡਾਂ ਵਿਚ ਪੇਇੰਗ ਗੈਸਟ ਹਾਊਸ ਵੀ ਮਿਲ ਜਾਂਦੇ ਹਨ, ਕਿਉਂਕਿ ਵਿਦੇਸ਼ੀ ਲੋਕ ਪੇਇੰਗ ਗੈਸਟ ਹਾਊਸਾਂ ਵਿਚ ਰਹਿਣਾ ਜ਼ਿਆਦਾ ਪਸੰਦ ਕਰਦੇ ਹਨ। ਭਵਿੱਖ ਵਿਚ ਇਹ ਸਥਾਨ ਆਪਣੀ ਖ਼ੂਬਸੂਰਤੀ ਦੇ ਜ਼ਰੀਏ ਦੇਸ਼-ਵਿਦੇਸ਼ ਵਿਚ ਪ੍ਰਸਿੱਧੀ ਹਾਸਲ ਕਰਨ ਦੇ ਯੋਗ ਹੈ।

*(ਲੇਖਕ ਨਾਮੀ ਸੁਤੰਤਰ ਪੱਤਰਕਾਰ ਹੈ।)*

***ਸਫ਼ਾ 48 ਦੀ ਬਾਕੀ***

2014 ਤਕ ਜ਼ਮੀਨ ਮਾਲਕਾਂ ਨੂੰ 131203 ਫ਼ਰਦਾਂ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਫਾਜ਼ਿਲਕਾ ਜ਼ਿਲ੍ਹੇ ਵਿਚ ਫਾਜ਼ਿਲਕਾ, ਅਰਨੀਵਾਲਾ, ਅਬੋਹਰ, ਸੀਤੋਗੁੰਨੋ, ਖੂਈਆਂ ਸਰਵਰ ਅਤੇ ਜਲਾਲਾਬਾਦ ਵਿਖੇ 6 ਫ਼ਰਦ ਕੇਂਦਰ ਕੰਮ ਕਰ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ ਜ਼ਿਲ੍ਹੇ ਦੇ ਕੁੱਲ 362 ਪਿੰਡਾਂ ਵਿਚੋਂ 358 ਪਿੰਡਾਂ ਦਾ ਜ਼ਮੀਨੀ ਰਿਕਾਰਡ ਆਨ-ਲਾਈਨ ਹੋ ਚੁੱਕਾ ਹੈ ਅਤੇ ਬਾਕੀ ਰਹਿੰਦੇ ਪਿੰਡਾਂ ਦੀ ਡਾਟਾ ਐਂਟਰੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਅਤੇ ਜਲਦੀ ਹੀ ਜ਼ਿਲ੍ਹੇ ਦੇ 100 ਪ੍ਰਤਿਸ਼ਤ ਪਿੰਡ ਆਨ-ਲਾਈਨ ਹੋ ਜਾਣਗੇ। ਉਨ੍ਹਾਂ ਦੱਸਿਆ ਕਿ ਅਪ੍ਰੈਲ 2014 ਤੋਂ 31 ਦਸੰਬਰ 2014 ਤਕ ਜ਼ਿਲ੍ਹਾ ਪੱਧਰੀ ਫ਼ਰਦ ਕੇਂਦਰ ਫਾਜ਼ਿਲਕਾ ਤੋਂ 21661 ਜ਼ਮੀਨ ਮਾਲਕਾਂ ਨੂੰ ਫ਼ਰਦਾਂ ਜਾਰੀ ਕੀਤੀਆਂ ਗਈਆਂ। ਇਸ ਤੋਂ ਇਲਾਵਾ ਫ਼ਰਦ ਕੇਂਦਰ ਅਰਨੀਵਾਲਾ ਤੋਂ 27166, ਅਬੋਹਰ ਤੋਂ 31137, ਸੀਤੋਗੁੰਨੋ ਤੋਂ 9852, ਖੂਈਆਂ ਸਰਵਰ ਤੋਂ 15822 ਅਤੇ ਫ਼ਰਦ ਕੇਂਦਰ ਜਲਾਲਾਬਾਦ ਤੋਂ 25565 ਜ਼ਮੀਨ ਮਾਲਕਾਂ ਨੂੰ ਫ਼ਰਦਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਉਨ੍ਹਾਂ ਇਹ ਵੀ ਦੱਸਿਆ ਕਿ ਵੈੱਬਸਾਈਟ www.plrs.org.in 'ਤੇ ਕੋਈ ਵੀ ਜ਼ਮੀਨ ਮਾਲਕ ਆਪਣੇ ਜ਼ਮੀਨੀ ਰਿਕਾਰਡ ਨੂੰ ਵੇਖ ਸਕਦਾ ਹੈ ਅਤੇ ਇਸ ਕਾਪੀ ਦਾ ਪ੍ਰਿੰਟ ਆਊਟ ਵੀ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪ੍ਰਸ਼ਾਸਕੀ ਸੁਧਾਰ ਤਹਿਤ ਸਮੂਹ ਨਾਗਰਿਕ ਸੇਵਾਵਾਂ ਇਕ ਛੱਤ ਹੇਠ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਸਰਕਾਰ ਦੀ ਇਹ ਵੀ ਸੰਭਵ ਕੋਸ਼ਿਸ਼ ਹੈ ਕਿ ਫ਼ਰਦ ਕੇਂਦਰਾਂ ਵਿਚ ਆਉਣ ਵਾਲੇ ਲੋਕਾਂ ਨੂੰ ਢੁੱਕਵਾਂ ਮਾਹੌਲ ਮਿਲ ਸਕੇ ਅਤੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

– ਪੀ.ਆਈ.ਬੀ., ਜਲੰਧਰ

**ਪੁਸਤਕ : ਤੁਰਿਆ ਚਲ (ਕਾਵਿ-ਸੰਗ੍ਰਹਿ)**
**ਲੇਖਕ : ਕਰਮ ਚੰਦ ਸੇਖੋਂ**
**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ**
**ਪੰਨੇ : 144, ਮੁੱਲ : 400 ਰੁਪਏ**

ਕਰਮ ਚੰਦ ਸੇਖੋਂ ਦਾ ਇਹ ਪਲੇਠਾ ਕਾਵਿ-ਸੰਗ੍ਰਹਿ ਹੈ। ਉਸ ਦੀ ਬੈਂਕ ਦੀ ਰੁਝੇਵਿਆਂ ਭਰੀ ਨੌਕਰੀ 'ਚੋਂ ਵਕਤ ਕੱਢ ਕੇ ਕਵਿਤਾ ਪੜ੍ਹਨ-ਮਾਨਣ ਤੇ ਲਿਖਣ ਦੀ ਚੇਟਕ ਵਿਚੋਂ ਇਸ ਕਾਵਿ-ਸੰਗ੍ਰਹਿ ਦਾ ਹੋਂਦ ਵਿਚ ਆਉਣਾ ਪੰਜਾਬੀ ਸਾਹਿਤ ਲਈ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਸਿੱਧਾ ਨਾ ਜੁੜਿਆ ਹੋਣ ਦੇ ਬਾਵਜੂਦ ਵੀ ਕਵੀ ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਤੁਰਿਆ ਚਲ' ਨਾਲ ਪੰਜਾਬੀ ਕਵਿਤਾ ਦੇ ਖੇਤਰ ਵਿਚ ਵਾਧਾ ਕਰ ਰਿਹਾ ਹੈ।

ਹੱਥਲੇ ਕਾਵਿ-ਸੰਗ੍ਰਹਿ ਨੂੰ ਪੜਚੋਲਦਿਆਂ ਪਤਾ ਲਗਦਾ ਹੈ ਕਿ ਇਸ ਵਿਚ ਅਧਿਆਤਮਕ, ਰੁਮਾਂਸਵਾਦੀ, ਸਭਿਆਚਾਰਕ ਤੇ ਸਿੱਖਿਆਦਾਇਕ ਵਿਸ਼ਿਆਂ ਸਮੇਤ ਭਰੂਣ-ਹੱਤਿਆ, ਨਸ਼ਿਆਂ ਅਤੇ ਪ੍ਰਕਿਰਤੀ ਨਾਲ ਲੋੜੋਂ ਵੱਧ ਛੇੜਛਾੜ ਦੇ ਖ਼ਿਲਾਫ਼ ਦੇਸ਼-ਪ੍ਰੇਮ ਤੇ ਪਸ਼ੂ-ਪੰਛੀਆਂ ਨਾਲ ਪਿਆਰ ਵਰਗੇ ਵਿਸ਼ਿਆਂ ਨੂੰ ਸ਼ਾਮਿਲ ਕਰਨਾ ਇਸ ਵਿਚਾਰ ਦਾ ਲਖਾਇਕ ਹੈ ਕਿ ਸੇਖੋਂ ਦੀ ਤੀਖਣ ਬੁੱਧੀ ਇਕ ਪਾਰਖੂ ਸਮਾਜ-ਸ਼ਾਸਤਰੀ ਵਾਲੀ ਹੈ। ਕਾਵਿ-ਰੂਪਾਕਾਰ ਵਜੋਂ ਹਲਕੀ ਜੇਹੀ ਕਚਿਆਈ ਦੇ ਬਾਵਜੂਦ ਵਿਸ਼ਿਆਂ ਦੀ ਚੋਣ ਤੇ ਉਨ੍ਹਾਂ ਦਾ ਨਿਭਾਅ ਕਾਬਲ-ਏ-ਤਾਰੀਫ਼ ਹੈ।

ਇਸ ਕਾਵਿ ਪੁਸਤਕ ਵਿਚ 'ਮੈਂ' ਨੂੰ ਵਿਸਾਰ ਕੇ 'ਤੂੰ' ਹੀ 'ਤੂੰ' ਦਾ ਹੋਕਾ ਦੇਣ ਵਾਲੀ ਕਾਵਿ-ਦ੍ਰਿਸ਼ਟੀ ਹੈ। ਸੇਖੋਂ ਦੀਆਂ ਬਹੁਤੀਆਂ ਕਵਿਤਾਵਾਂ ਦੇ ਵਿਸ਼ੇ ਰੱਬੀ ਪ੍ਰੇਮ, ਬਿਰਹਾ ਤੇ ਪ੍ਰਭੂ-ਭਗਤੀ ਰਾਹੀਂ ਜੀਵਨ ਨੂੰ ਸਫਲ ਬਣਾਉਣ ਵਾਲੇ ਭਾਵਾਂ ਨਾਲ ਗੜੁੱਚ ਹਨ। ਨਮੂਨੇ ਵਜੋਂ ਦੇਖੋ :

ਧਰਮ ਸਾਂਝੇ ਨੇ ਸਭ ਦੇ
ਸਭ ਦਾ ਇਕੋ ਨਿਚੋੜ
ਇਕ-ਇਕ ਪਲ ਹੈ ਕੀਮਤੀ
ਐਵੇਂ ਨਾ ਉਮਰਾਂ ਰੋੜ੍ਹ (ਮਨ-ਮੰਦਰ)

ਇਸੇ ਪ੍ਰਕਾਰ ਇਸ ਸੰਗ੍ਰਹਿ ਦੀ ਪਹਿਲੀ ਹੀ ਕਵਿਤਾ 'ਬਿਰਧ' ਵਿਚ ਜਿਥੇ ਉਹ ਧਰਤੀ, ਅੰਬਰ, ਪਤਾਲ ਤੇ ਪਰਬਤਾਂ ਵਿਚ ਯਾਨਿ ਕੁਦਰਤ ਵਿਚ ਕਾਦਰ ਦੀ ਭਾਲ ਕਰਦਾ ਨਜ਼ਰ ਆਉਂਦਾ ਹੈ ਉਥੇ ਹੀ ਮਨੁੱਖੀ ਚੇਤਨਾ ਨੂੰ ਜਗਾਉਣ ਦੀ ਕੋਸ਼ਿਸ਼ ਕਰਦਾ ਹੋਇਆ ਕਿਰਤ ਦੀ ਅਹਿਮੀਅਤ ਵੱਲ ਇਸ਼ਾਰਾ ਕਰਦਾ ਹੈ।

ਪਿਆਰ, ਅਨਾੜੀ, ਸਾਂਝਾਂ, ਵੰਸ਼, ਵੇਲ, ਤੇਰੇ ਲਈ, ਤੇਰੇ ਜਾਣ ਪਿਛੋਂ, ਉਡੀਕ, ਦੀਦਾਰ, ਖ਼ੁਸ਼ਬੋ, ਰਾਹ ਪੁੱਛਿਆ, ਕਿੰਨਾ ਚੰਗਾ ਲਗਦਾ ਅਤੇ ਕੀ ਸਿਫ਼ਤ ਕਰਾਂ ਵਰਗੀਆਂ ਕਵਿਤਾਵਾਂ ਰੁਮਾਂਟਿਕ ਸੁਭਾਅ ਵਾਲੀਆਂ ਹਨ ਜਿਨ੍ਹਾਂ ਨੂੰ ਪੜ੍ਹਨ ਤੋਂ ਸਪੱਸ਼ਟ ਹੁੰਦਾ ਹੈ ਕਿ ਕਵੀ ਪਿਆਰ ਦੀ ਪਵਿੱਤਰਤਾ ਵਿਚ ਯਕੀਨ ਰੱਖਦਾ ਹੈ। ਉਹ ਹਰ ਰਿਸ਼ਤੇ ਵਿਚ ਪਿਆਰ ਦੀ ਵੱਖਰੀ ਅਹਿਮੀਅਤ ਨੂੰ ਦਰਸਾਉਂਦਾ ਹੋਇਆ ਰਿਸ਼ਤਿਆਂ ਵਿਚ ਪਿਆਰ ਦੀ ਮਿਠਾਸ ਭਰਨ ਵਿਚ ਵੀ ਯਕੀਨ ਰੱਖਦਾ ਹੈ।

ਪੁਸਤਕ ਵਿਚ ਕੁਝ ਕਵਿਤਾਵਾਂ ਸਭਿਆਚਾਰਕ ਸੁਭਾਅ ਵਾਲੀਆਂ ਵੀ ਹਨ ਜਿਵੇਂ 'ਖਿੱਲਾਂ', 'ਸਾਵਣ', 'ਕੁੜੀਆਂ ਪਿੰਡ ਦੀਆਂ' ਆਦਿ। ਇਨ੍ਹਾਂ ਕਵਿਤਾਵਾਂ ਵਿਚ ਤਲਖ ਹਕੀਕਤਾਂ ਦੇ ਥਪੇੜੇ ਖਾ ਕੇ ਜ਼ਿੰਦਗੀ ਜਿਊਣ ਦਾ ਵਲ ਸਿਖਾਇਆ ਗਿਆ ਹੈ।

ਜਿਥੇ 'ਸਾਵਣ' ਕਵਿਤਾ ਸਾਵਣ ਮਹੀਨੇ ਦਾ ਦਿਲਕਸ਼ ਨਜ਼ਾਰਾ ਪੇਸ਼ ਕਰਦੀ ਹੈ ਉਥੇ ਹੀ 'ਕੁੜੀਆਂ ਪਿੰਡ ਦੀਆਂ' ਕਵਿਤਾ ਵਿਚ ਸੇਖੋਂ ਨੇ ਸਮੇਂ ਦੀ ਬਦਲਦੀ ਨੁਹਾਰ ਤੇ ਪੰਜਾਬੀ ਸਭਿਆਚਾਰ ਨੂੰ ਪਈ ਮਸ਼ੀਨੀਕਰਨ ਦੀ ਮਾਰ ਪ੍ਰਤਿ ਆਪਣੀ ਦਿਲੀ ਵੇਦਨਾ ਦਾ ਇਜ਼ਹਾਰ ਕੀਤਾ ਹੈ। ਪਿੰਡ ਦੀਆਂ ਕੁੜੀਆਂ ਦਾ ਹੁਣ ਇਕੱਠਿਆਂ ਰਲ ਕੇ ਨਾ ਬਹਿਣਾ, ਪਿੱਪਲਾਂ ਉੱਤੇ ਪੀਂਘਾਂ ਦਾ ਨਾ ਪੈਣਾ, ਤ੍ਰਿੰਞਣਾਂ 'ਚ ਚਰਖਿਆਂ ਦਾ ਨਾ ਡਹਿਣਾ, ਪੱਖੀਆਂ ਨੂੰ ਝਾਲਰਾਂ ਦਾ ਨਾ ਲੱਗਣਾ, ਕੁੜੀਆਂ ਦੁਆਰਾ ਘੜਿਆਂ ਨੂੰ ਢਾਕ 'ਤੇ ਨਾ ਟਿਕਾਉਣਾ, ਪਹੁ ਵੇਲੇ ਚੱਕੀਆਂ ਦਾ ਨਾ ਡਹਾਉਣਾ, ਚੌਂਕੇ 'ਤੇ ਰੋਟੀਆਂ ਦਾ ਨਾ ਪੱਕਣਾ ਤੇ ਵਿਆਹਾਂ ਸ਼ਾਦੀਆਂ ਵੇਲੇ ਗਾਉਣ ਬਿਠਾਉਣ ਦੀ ਬਜਾਇ ਡੀ.ਜੇ. 'ਤੇ ਵੱਜਣ ਵਾਲੀਆਂ ਅੰਗਰੇਜ਼ੀ ਧੁਨਾਂ ਆਦਿ ਸਭ ਕੁਝ ਕਵੀ ਦੇ ਸੰਵੇਦਨਸ਼ੀਲ ਹਿਰਦੇ ਨੂੰ ਨਿਰਾਸ਼ ਕਰਦਾ ਹੈ। ਲਗਦਾ ਹੈ, ਸੇਖੋਂ ਜਿਵੇਂ ਪ੍ਰੋ. ਪੂਰਨ ਸਿੰਘ ਵਾਂਗ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰ ਰਿਹਾ ਹੋਵੇ :

ਇਸੇ ਤਰ੍ਹਾਂ ਆਨੰਦ, ਜਿਊਣ ਦੀ ਜਾਚ, ਨਹੀਂ, ਕੰਮ ਦੀਆਂ ਗੱਲਾਂ, ਜਿੰਧਰ ਦੇਖਾਂ, ਝਾਤ, ਸਿੰਘ ਸੂਰਮੇ, ਅਸਲੀ ਸਰਮਾਇਆ ਅਤੇ ਭੁੱਲੀ ਵਰਗੀਆਂ ਕਵਿਤਾਵਾਂ ਵਿਚ ਵੱਖ-ਵੱਖ ਪ੍ਰਕਾਰ ਦੀਆਂ ਨਸੀਹਤਾਂ ਦਿਤੀਆਂ ਗਈਆਂ ਹਨ ਜਿਵੇਂ ਦੂਜਿਆਂ ਦੇ ਅਹਿਸਾਨਾਂ ਨੂੰ ਯਾਦ ਰੱਖਣਾ, ਘਰ ਆਏ ਮਹਿਮਾਨਾਂ ਦਾ ਸਨਮਾਨ ਕਰਨਾ, ਹਰ ਕਿਸੇ ਅੱਗੇ ਦਿਲ ਦਾ ਭੇਤ ਨਾ ਖੋਲ੍ਹਣਾ, ਮੁਸ਼ਕਿਲ ਘੜੀ ਵਿਚ ਵੀ ਨਾ ਡੋਲਣਾ, ਬਰਾਬਰ ਦੇ ਪੁੱਤ ਨੂੰ ਮੰਦਾ ਨਾ ਬੋਲਣਾ, ਨਵਾਂ ਕੰਮ ਸ਼ੁਰੂ ਕਰਨ ਲੱਗਿਆਂ ਰੱਬ ਨੂੰ ਧਿਆਉਣਾ, ਵੱਡਿਆਂ ਦਾ ਸਤਿਕਾਰ ਤੇ ਛੋਟਿਆਂ ਨਾਲ ਪਿਆਰ ਕਰਨਾ, ਨਾਪ-ਤੋਲ ਕੇ ਬੋਲਣਾ, ਕਰਮ ਕਾਂਡਾਂ ਤੇ ਵਹਿਮਾਂ ਭਰਮਾਂ ਤੋਂ ਬਚਣਾ, ਕਿਰਦਾਰ ਨੂੰ ਉੱਚਾ ਤੇ ਸੁੱਚਾ ਰੱਖਣਾ ਆਦਿ।

ਉਪਰੋਕਤ ਵਿਭਿੰਨ ਵਿਸ਼ਿਆਂ ਦੀ ਪੇਸ਼ਕਾਰੀ ਲਈ ਸੇਖੋਂ ਦੇ ਇਸ ਕਾਵਿ-ਸੰਗ੍ਰਹਿ ਦਾ ਭਰਵਾਂ ਸਵਾਗਤ ਕਰਨਾ ਬਣਦਾ ਹੈ।

– ਗੁਰਦੀਪ ਕੌਰ

**ਯੋਜਨਾ (ਪੰਜਾਬੀ)**

- **ਮਾਰਚ 2015 – ਇਹ *ਵਿਸ਼ੇਸ਼ ਅੰਕ ਆਮ ਬਜਟ 2015–16* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹100, ਦੋ ਸਾਲ : ₹180, ਤਿੰਨ ਸਾਲ : ₹250***

***ਸਾਰਕ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***